

ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



ਅੰਦਰਲੀ ਖ਼ਬਰ
CM ਮਾਨ ਨੇ ਕੀਤਾ ਵੱਡਾ ਐਲਾਨ ਲੁਧਿਆਣਾ ਸੀਟ ਤੋਂ ਜਿੱਤੇ ਸੰਜੀਵ ਅਰੋੜਾ ਬਣਨਗੇ ਮੰਤਰੀ! 05

ਅੰਦਰਲੀ ਖ਼ਬਰ
ਪੀਲ ਪੁਲੀਸ ਵੱਲੋਂ ਕਰਵਾਈ ਗਈ '24ਵੀਂ ਰੇਸ ਅਗੇਨਸਟ ਰੇਸਿਜ਼ਮ' 'ਚ ਟੀਪੀਆਰ ਕਲੱਬ ਦੇ 97 ਮੈਂਬਰਾਂ ਨੇ ਲਿਆ ਹਿੱਸਾ 07



ਪੰਨਾ ਨੰ.:6 ਲੇਖ
ਕਵਿਤਾ ਦੇ ਜੇਠ



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 26 ਜੂਨ ਤੋਂ 02 ਜੁਲਾਈ, 2025 | Email :- editor@punjabstar.com, Vo. 20. Issue:1191


# ਗਾਜ਼ਾ 'ਚ ਇਜ਼ਰਾਇਲੀ ਫੌਜ ਵੱਲੋਂ ਗੋਲੀਬਾਰੀ, 44 ਹਲਾਕ

## ਰਾਹਤ ਸਮੱਗਰੀ ਦੀ ਉਡੀਕ ਕਰ ਰਹੇ ਫ਼ਲਸਤੀਨੀਆਂ ਨੂੰ ਬਣਾਇਆ ਨਿਸ਼ਾਨਾ



(ਪੰਜਾਬ ਸਟਾਰ ਬਿਊਰੋ)

ਦੀਰ ਅਲ-ਬਲਾਹ : ਗਾਜ਼ਾ 'ਚ ਰਾਹਤ ਸਮੱਗਰੀ ਦੇ ਟਰੱਕਾਂ ਦੀ ਉਡੀਕ ਕਰ ਰਹੇ ਸੈਂਕੜੇ ਲੋਕਾਂ 'ਤੇ ਵੱਖ-ਵੱਖ ਥਾਵਾਂ 'ਤੇ ਇਜ਼ਰਾਇਲੀ ਫੌਜ ਅਤੇ ਡਰੋਨਾਂ ਨੇ ਗੋਲੀਆਂ ਵਰ੍ਹਾ ਦਿੱਤੀਆਂ, ਜਿਸ 'ਚ 44 ਵਿਅਕਤੀ ਮਾਰੇ ਗਏ। ਗਾਜ਼ਾ 'ਚ ਹੁਣ ਤੱਕ 56 ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ। ਆਵਦਾ ਹਸਪਤਾਲ ਨੇ ਦੱਸਿਆ ਕਿ ਗੋਲੀਬਾਰੀ 'ਚ 146 ਵਿਅਕਤੀ ਜ਼ਖ਼ਮੀ ਹੋਏ ਹਨ, ਜਿਨ੍ਹਾਂ 'ਚੋਂ 62 ਦੀ ਹਾਲਤ ਗੰਭੀਰ ਹੈ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਹ ਜਾਨੀ ਨੁਕਸਾਨ ਬਾਰੇ ਰਿਪੋਰਟ ਦੀ ਨਜ਼ਰਸਾਨੀ ਕਰ ਰਹੇ ਹਨ ਕਿਉਂਕਿ ਕੁਝ ਲੋਕਾਂ ਨੇ ਪੂਰਬੀ-ਪੱਛਮੀ ਨੇਤਜ਼ਰੀਮ * ਬਾਕੀ ਸਫਾ 2 'ਤੇ

# ਖ਼ੂਨ ਨਾਲ ਰੰਗੀ ਗਈ ਜਸ਼ਨ ਦੀ ਸ਼ਾਮ

## ਡਾਂਸ ਕਰ ਰਹੇ ਲੋਕਾਂ 'ਤੇ ਗੈਂਗਵਾਰ ਦੌਰਾਨ ਫਾਇਰਿੰਗ, 12 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)

ਮੈਕਸੀਕੋ ਵਿੱਚ ਜਸ਼ਨ ਦੀ ਇੱਕ ਸ਼ਾਮ ਗੋਲੀਬਾਰੀ ਦੀ ਆਵਾਜ਼ ਨਾਲ ਦਹਿਲ ਗਈ। ਲੋਕ ਇੱਥੇ ਜਸ਼ਨ ਮਨਾ ਰਹੇ ਸਨ। ਫਿਰ ਕੁਝ ਬੰਦੂਕਧਾਰੀਆਂ ਨੇ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਘਟਨਾ ਵਿੱਚ 12 ਲੋਕਾਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿੱਚ ਇੱਕ ਨਾਬਾਲਗ ਵੀ ਸ਼ਾਮਲ ਹੈ। ਇਹ ਘਟਨਾ ਮੈਕਸੀਕੋ ਦੇ ਹਿੰਸਾ ਪ੍ਰਭਾਵਿਤ ਰਾਜ ਗੁਆਨਜੁਆਟੋ ਵਿੱਚ ਵਾਪਰੀ। ਇਹ ਗੈਂਗਵਾਰ ਤੋਂ ਪ੍ਰਭਾਵਿਤ ਰਾਜ ਹੈ। ਮੈਕਸੀਕੋ 'ਚ ਸਟ੍ਰੀਟ ਵਾਇਲੈਂਸ ਦਾ ਡਰਾਉਣਾ ਇਤਿਹਾਸ ਰਿਹਾ ਹੈ।

ਇਹ ਘਟਨਾ ਗੁਆਨਜੁਆਟੋ ਦੇ ਇਰਾਪੁਆਟੋ * ਬਾਕੀ ਸਫਾ 2 'ਤੇ

# ਕੈਨੇਡਾ 'ਚ ਮੁੜ ਸਿੱਖਾਂ ਦੀ ਜਾਨ 'ਤੇ ਮੰਡਰਾਇਆ ਖ਼ਤਰਾ?

## ਡਬਲਿਊ.ਐਸ.ਓ. ਵੱਲੋਂ ਆਰ.ਸੀ.ਐਮ.ਪੀ. 'ਤੇ ਢਿੱਲ-ਮੱਠ ਵਰਤਣ ਦੇ ਦੋਸ਼



ਵੈਨਕੂਵਰ (ਪੰਜਾਬ ਸਟਾਰ ਬਿਊਰੋ): ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਵਿਚ ਕਈ ਸਿੱਖ ਆਗੂਆਂ ਦੀ ਜਾਨ ਖਤਰੇ ਵਿਚ ਹੈ ਪਰ ਆਰ.ਸੀ.ਐਮ.ਪੀ. ਵੱਲੋਂ ਵਿਸਤਾਰਤ ਵੇਰਵੇ ਸਾਂਝੇ ਨਹੀਂ ਕੀਤੇ ਜਾ ਰਹੇ। ਗਲੋਬਲ ਨਿਊਜ਼ ਨਾਲ ਗੱਲਬਾਤ ਕਰਦਿਆਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਬੁਲਾਰੇ ਬਲਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਸਿੱਖਾਂ ਦੀ ਹਿਫ਼ਾਜ਼ਤ ਜਾਂ ਸਹਾਇਤਾ ਵਾਸਤੇ ਵੀ ਜ਼ਿਆਦਾ ਉਪਰਾਲੇ ਨਹੀਂ ਕੀਤੇ ਜਾ ਰਹੇ। ਉਨ੍ਹਾਂ ਅੱਗੇ ਕਿਹਾ ਕਿ ਆਰ.ਸੀ.ਐਮ.ਪੀ. ਵਾਲੇ ਤੁਹਾਡੇ ਨਾਲ ਸੰਪਰਕ ਕਰਦੇ ਹਨ ਅਤੇ ਇਕ ਕਾਗਜ਼ ਦਾ ਟੁਕੜਾ ਹੱਥ ਵਿਚ ਫੜਾਉਂਦਿਆਂ ਆਖ ਦਿਤਾ ਜਾਂਦਾ ਹੈ ਕਿ ਤੁਹਾਡੀ ਜ਼ਿੰਦਗੀ ਗੰਭੀਰ ਖਤਰੇ ਵਿਚ ਹੈ, ਤੁਹਾਨੂੰ ਕਿਸੇ ਵੀ ਥਾਂ 'ਤੇ ਮਾਰਿਆ ਜਾ ਸਕਦਾ ਹੈ।

ਇਸ ਮਗਰੋਂ ਕਾਗਜ਼ ਦਾ ਟੁਕੜਾ ਵਾਪਸ ਲੈਂਦਿਆਂ ਸਬੰਧਤ ਸ਼ਖਸ ਅੱਗੇ ਸਵਾਲਾਂ ਦੀ ਝੜੀ ਲਾ ਦਿਤੀ ਜਾਂਦੀ ਹੈ। ਖਤਰੇ ਦੀ ਜ਼ਦ ਵਿਚ ਆਏ ਵਿਅਕਤੀ ਨੂੰ ਹੀ ਪੁੱਛਿਆ ਜਾਂਦਾ ਹੈ ਕਿ ਆਖਰਕਾਰ ਇਹ ਖਤਰਾ ਕਿਥੋਂ ਪੈਦਾ ਹੋ ਰਿਹਾ ਹੈ? ਸਵਾਲਾਂ ਦੀ ਸਿਲਸਿਲਾ ਬੰਦ ਹੁੰਦਾ ਹੈ ਤਾਂ ਸਬੰਧਤ ਸ਼ਖਸ ਨੂੰ ਆਪਣੀਆਂ ਰੋਜ਼ਾਨਾ ਸਰਗਰਮੀਆਂ ਵਿਚ ਤਬਦੀਲੀ ਵਾਸਤੇ ਆਖਿਆ ਜਾਂਦਾ ਹੈ। ਸਿਰਫ਼ ਐਨਾ ਹੀ ਨਹੀਂ, ਆਪਣੇ ਪਰਵਾਰ ਅਤੇ ਦੋਸਤਾਂ ਤੋਂ ਦੂਰ ਰਹਿਣ ਦੀ ਹਦਾਇਤ ਦਿਤੀ ਜਾਂਦੀ ਹੈ। ਕਈ ਮਹੀਨੇ ਲੰਘਣ * ਬਾਕੀ ਸਫਾ 2 'ਤੇ

# ਕੈਨੇਡਾ ਕਰਨ ਜਾ ਰਿਹਾ ਅਪਰਾਧੀਆਂ ਲਈ ਸਖ਼ਤ ਕਾਨੂੰਨ- ਰੂਬੀ ਸਹੋਤਾ, ਸ਼ਾਨ ਫਰੇਜ਼ਰ



ਟੋਰਾਂਟੋ (ਬਲਜਿੰਦਰ ਸੇਖਾ) ਕੈਨੇਡਾ ਦੀ ਫੈਡਰਲ ਮੰਤਰੀ ਰੂਬੀ ਸਹੋਤਾ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਪਤਝੜ ਵਿੱਚ, ਸਾਡੀ ਸਰਕਾਰ ਹਿੰਸਕ ਅਪਰਾਧੀਆਂ ਲਈ ਜ਼ਮਾਨਤ ਅਤੇ ਸਜ਼ਾ ਦੇ ਨਿਯਮਾਂ ਨੂੰ ਸਖ਼ਤ ਕਰਨ ਲਈ ਨਵਾਂ ਕਾਨੂੰਨ ਪੇਸ਼ ਕਰੇਗੀ।

ਕੈਨੇਡੀਅਨ ਆਪਣੇ ਘਰਾਂ ਅਤੇ ਆਪਣੇ ਭਾਈਚਾਰਿਆਂ ਵਿੱਚ ਸੁਰੱਖਿਅਤ ਮਹਿਸੂਸ ਕਰਨ ਦੇ ਹੱਕਦਾਰ ਹਨ। ਇਸ ਲਈ ਅਸੀਂ ਪਰਿਵਾਰਾਂ ਦੀ ਰੱਖਿਆ ਕਰਨ, ਕਾਨੂੰਨ ਲਾਗੂ ਕਰਨ ਦਾ ਸਮਰਥਨ ਕਰਨ ਅਤੇ ਖਤਰਨਾਕ ਅਪਰਾਧੀਆਂ ਨੂੰ ਆਪਣੀਆਂ ਸੜਕਾਂ ਤੋਂ ਦੂਰ ਰੱਖਣ ਲਈ ਕੰਮ ਕਰ ਰਹੇ ਹਾਂ।

ਇਸ ਤੋਂ ਇਲਾਵਾ ਜਸਟਿਸ ਮੰਤਰੀ ਸ਼ਾਨ ਫਰੇਜ਼ਰ ਨੇ ਕਿਹਾ, ਜ਼ਮਾਨਤ ਪ੍ਰਣਾਲੀ ਨੂੰ ਠੀਕ ਕਰਨ ਲਈ ਸਰਕਾਰ ਦੇ ਸਾਰੇ ਪੱਧਰਾਂ ਤੋਂ ਕੰਮ ਦੀ ਲੋੜ ਹੋਵੇਗੀ। ਸੰਘੀ ਸਰਕਾਰ ਹੋਣ ਦੇ ਨਾਤੇ, ਅਸੀਂ ਅਪਰਾਧਿਕ ਜ਼ਾਬਤੇ ਲਈ ਜ਼ਿੰਮੇਵਾਰ ਹਾਂ। ਜਦੋਂ ਕਿ ਕਾਨੂੰਨ ਪਹਿਲਾਂ ਹੀ ਕਹਿੰਦਾ ਹੈ ਕਿ ਅਪਰਾਧੀ ਜੋ ਜਨਤਾ ਲਈ ਖ਼ਤਰਾ ਪੈਦਾ ਕਰਦੇ ਹਨ ਅਤੇ/ਜਾਂ ਭੱਜਣ ਦਾ ਜੋਖਮ ਰੱਖਦੇ ਹਨ, ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਜਾਣਾ ਚਾਹੀਦਾ ਹੈ, ਅਸੀਂ ਜਾਣਦੇ ਹਾਂ ਕਿ ਹੋਰ ਵੀ ਬਹੁਤ ਕੁਝ ਕਰਨਾ ਹੈ। * ਬਾਕੀ ਸਫਾ 2 'ਤੇ

# ਨਾਟੋ ਮੁਖੀ ਨੇ ਟਰੰਪ ਦੇ ਸਿਰ ਸਜਾਇਆ ਈਰਾਨ-ਇਜ਼ਰਾਈਲ ਵਿਚਾਲੇ ਜੰਗਬੰਦੀ ਦਾ ਸਿਹਰਾ

(ਪੰਜਾਬ ਸਟਾਰ ਬਿਊਰੋ)




ਨਾਟੋ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਨੀਦਰਲੈਂਡ ਦੇ ਹੇਗ ਪਹੁੰਚੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਹਾਲੀਆ ਬਿਆਨ ਦਾ ਜ਼ਿਕਰ ਕੀਤਾ। ਨੀਦਰਲੈਂਡ ਜਾਣ ਤੋਂ ਪਹਿਲਾਂ, ਟਰੰਪ ਨੇ ਵਾਸ਼ਿੰਗਟਨ ਵਿੱਚ ਈਰਾਨ ਅਤੇ ਇਜ਼ਰਾਈਲ ਲਈ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ। ਹੁਣ ਇਸ 'ਤੇ ਸਪੱਸ਼ਟੀਕਰਨ ਦਿੰਦੇ ਹੋਏ, ਉਨ੍ਹਾਂ ਨੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਲੜਾਈ ਦੀ ਤੁਲਨਾ ਸਕੂਲ ਵਿੱਚ ਬੱਚਿਆਂ ਦੀ ਲੜਾਈ ਨਾਲ ਕੀਤੀ। ਉਨ੍ਹਾਂ ਕਿਹਾ ਕਿ ਕਈ ਵਾਰ ਸਖ਼ਤ ਭਾਸ਼ਾ ਦੀ ਵਰਤੋਂ ਕਰਨੀ ਪੈਂਦੀ ਹੈ।

ਟਰੰਪ ਨੇ ਕਿਹਾ, "ਇਜ਼ਰਾਈਲ ਅਤੇ ਈਰਾਨ ਹੁਣ ਇੱਕ ਦੂਜੇ ਨਾਲ ਨਹੀਂ ਲੜਨਗੇ ਕਿਉਂਕਿ ਉਹ ਲੜ ਚੁੱਕੇ ਹਨ। ਦੋਵੇਂ ਉਸੇ ਤਰ੍ਹਾਂ ਲੜਦੇ ਹਨ ਜਿਵੇਂ ਦੋ ਬੱਚੇ ਸਕੂਲ ਵਿੱਚ ਲੜਦੇ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਸ਼ਾਂਤ ਨਹੀਂ ਕੀਤਾ ਜਾ ਸਕਦਾ... ਉਨ੍ਹਾਂ ਨੂੰ ਦੋ-ਤਿੰਨ ਮਿੰਟ ਲੜਨ ਦਿਓ ਤਾਂ ਉਨ੍ਹਾਂ ਨੂੰ ਰੋਕਣਾ ਆਸਾਨ ਹੈ।"

ਜਿਵੇਂ ਹੀ ਟਰੰਪ ਨੇ ਇਹ ਕਿਹਾ, ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਹੱਸ ਪਏ ਅਤੇ ਕਿਹਾ, "ਲੜਾਈ ਤੋਂ ਬਾਅਦ, ਪਿਤਾ ਨੂੰ ਝਿੜਕਣਾ ਪੈਂਦਾ ਹੈ।"

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ (24 ਜੂਨ, 2025) ਨੂੰ ਇਜ਼ਰਾਈਲ * ਬਾਕੀ ਸਫਾ 2 'ਤੇ

# ਬਿਕਰਮ ਮਜੀਠੀਆ ਨੂੰ ਵਿਜੀਲੈਂਸ ਨੇ ਹਿਰਾਸਤ 'ਚ ਲਿਆ



(ਪੰਜਾਬ ਸਟਾਰ ਬਿਊਰੋ)

ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਬਿਕਰਮ ਮਜੀਠੀਆ ਦੀ ਅੰਮ੍ਰਿਤਸਰ ਵਿਖੇ ਗ੍ਰੀਨ ਐਵੇਨਿਊ ਵਿਚ ਸਥਿਤ ਰਿਹਾਇਸ਼ ਅਤੇ ਚੰਡੀਗੜ੍ਹ ਦੇ ਸੈਕਟਰ-4 ਦੀ ਰਿਹਾਇਸ ਵਿਖੇ ਵਿਜੀਲੈਂਸ ਦੀ ਟੀਮ ਵੱਲੋਂ ਸਵੇਰੇ ਤੋਂ ਹੋ ਛਾਪੇਮਾਰੀ ਕੀਤੀ ਜਾ ਰਹੀ ਸੀ, ਜਿਸ ਤੋਂ ਬਾਅਦ ਹੁਣ ਪੁਲਿਸ ਮਜੀਠੀਆ ਨੂੰ ਘਰ ਦੇ ਪਿਛਲੇ ਦਰਵਾਜ਼ੇ ਤੋਂ ਲੈ ਕੇ ਨਿਕਲ ਗਈ ਹੈ। ਵਿਜੀਲੈਂਸ ਦੀ ਟੀਮ ਨਾਲ ਜਾਣ ਤੋਂ ਪਹਿਲਾਂ ਬਿਕਰਮ ਮਜੀਠੀਆ ਆਪਣੇ ਬੱਚਿਆਂ ਨੂੰ ਗਲੇ ਮਿਲੇ ਅਤੇ ਕਿਹਾ- "ਤੁਹਾਡਾ ਬਾਪੂ ਚੱਲਿਆ ਤੁਸੀਂ ਸ਼ੇਰ ਪੁੱਤ ਹੋ, ਤਕੜੇ ਰਹਿਣਾ"। ਬੁੱਧਵਾਰ ਸਵੇਰੇ 15 ਅਧਿਕਾਰੀਆਂ ਦੀ ਇੱਕ ਟੀਮ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਗ੍ਰੀਨ ਐਵੇਨਿਊ ਸਥਿਤ ਘਰ ਪਹੁੰਚੀ। ਬਿਕਰਮ ਮਜੀਠੀਆ * ਬਾਕੀ ਸਫਾ 2 'ਤੇ

# ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਕਨਿਸ਼ਕ ਹਾਦਸੇ ਦੇ ਪੀੜਤਾਂ ਨੂੰ ਸ਼ਰਧਾਂਜਲੀ



ਓਟਵਾ (ਪੰਜਾਬ ਸਟਾਰ ਬਿਊਰੋ): ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ 40 ਸਾਲ ਪਹਿਲਾਂ ਏਅਰ ਇੰਡੀਆ ਦੀ ਉਡਾਣ 182 ਕਨਿਸ਼ਕ 'ਚ ਹੋਇਆ ਬੰਬ ਧਮਾਕਾ 'ਅਤਿਵਾਦ ਖ਼ਿਲਾਫ਼ ਲੜਨ ਤੇ ਕੈਨੇਡਾ ਵਾਸੀਆਂ ਨੂੰ ਸੁਰੱਖਿਅਤ ਰੱਖਣ ਦੀ ਸਾਡੀ ਪ੍ਰਤੀਬੱਧਤਾ ਦੀ ਯਾਦ ਦਿਵਾਉਂਦਾ ਹੈ।' ਕਾਰਨੀ ਨੇ ਇਹ ਟਿੱਪਣੀ ਕਨਿਸ਼ਕ ਬੰਬ ਧਮਾਕੇ ਦੀ 40ਵੀਂ ਬਰਸੀ ਮੌਕੇ ਕੀਤੀ। ਇਸ ਲਈ ਬੀਤੇ ਦਿਨ ਪੂਰੇ ਕੈਨੇਡਾ 'ਚ ਭਾਈਚਾਰੇ ਦੇ ਮੈਂਬਰਾਂ, ਭਾਰਤੀ ਮਿਸ਼ਨਾਂ ਤੇ ਹੋਰ ਲੋਕਾਂ ਵੱਲੋਂ ਡਾਉ 'ਜ਼ ਲੇਕ ਸਥਿਤ ਏਅਰ ਇੰਡੀਆ ਯਾਦਗਾਰ ਸਮੇਤ ਕਈ ਥਾਵਾਂ 'ਤੇ ਸ਼ਰਧਾਂਜਲੀ ਸਮਾਗਮ ਕਰਵਾਏ ਗਏ।

ਜ਼ਿਕਰਯੋਗ ਹੈ ਕਿ ਮੌਂਟਰੀਅਲ-ਨਵੀਂ ਦਿੱਲੀ ਜਾ ਰਹੀ ਏਅਰ ਇੰਡੀਆ ਕਨਿਸ਼ਕ ਉਡਾਣ182 ਵਿੱਚ 23 ਜੂਨ 1985 ਨੂੰ ਬਰਤਾਨੀਆ ਦੇ ਹੀਥਰੋ ਹਵਾਈ ਅੱਡੇ 'ਤੇ ਉਤਰਨ ਤੋਂ 45 ਮਿੰਟ ਪਹਿਲਾਂ ਕੈਨੇਡਾ ਵਿਚਲੇ ਅਤਿਵਾਦੀਆਂ ਵੱਲੋਂ ਰੱਖੇ ਬੰਬ 'ਚ ਧਮਾਕਾ ਹੋ ਗਿਆ ਸੀ ਜਿਸ 'ਚ ਜਹਾਜ਼ ਵਿੱਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ ਸਨ। ਇਨ੍ਹਾਂ 'ਚ ਘੱਟੋ ਘੱਟ 280 ਕੈਨੇਡਿਆਈ ਨਾਗਰਿਕ ਸਨ ਜਿਨ੍ਹਾਂ 'ਚੋਂ ਵਧੇਰੇ ਭਾਰਤੀ ਮੂਲ ਦੇ ਸਨ। ਕਾਰਨੀ ਨੇ ਐਕਸ 'ਤੇ ਕਿਹਾ, '40 ਸਾਲ ਪਹਿਲਾਂ ਕੈਨੇਡਾ ਨੇ ਆਪਣੇ ਇਤਿਹਾਸ ਦੇ ਸਭ ਤੋਂ ਭਿਆਨਕ ਅਤਿਵਾਦੀ ਹਮਲੇ ਦਾ ਸਾਹਮਣਾ ਕੀਤਾ ਸੀ। ਅੱਜ ਅਸੀਂ ਏਅਰ ਇੰਡੀਆ ਬੰਬ ਧਮਾਕੇ ਦੇ 268 ਕੈਨੇਡਿਆਈ ਪੀੜਤਾਂ ਤੇ ਅਤਿਵਾਦੀ ਹਮਲੇ 'ਚ ਮਾਰੇ ਗਏ ਸਾਰੇ ਲੋਕਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ। ਇਹ ਹਿੰਸਕ ਅਤਿਵਾਦ ਨਾਲ ਲੜਨ ਤੇ ਕੈਨੇਡਿਆਈ ਲੋਕਾਂ * ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?


ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਈਰਾਨ-ਇਜ਼ਰਾਈਲ ਨੇ ਤੋੜਿਆ ਸੀਜ਼ਫਾਇਰ!
# ਟਰੰਪ ਨੇ ਆਪਣੇ ਹੀ ਦੋਸਤ ਨੂੰ ਦਿੱਤੀ ਚਿਤਾਵਨੀ



ਈਰਾਨ ਅਤੇ ਇਜ਼ਰਾਈਲ ਵਿਚਕਾਰ ਚੱਲ ਰਹੀ ਜੰਗਬੰਦੀ ਦਾ ਐਲਾਨ ਕਰਨ ਵਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਨੇ ਈਰਾਨ ਅਤੇ ਇਜ਼ਰਾਈਲ ਦੋਵਾਂ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਹੈ ਅਤੇ ਉਨ੍ਹਾਂ 'ਤੇ ਜੰਗਬੰਦੀ ਤੋੜਨ ਦਾ ਦੋਸ਼ ਲਗਾਇਆ ਹੈ।

ਨਾਟੋ ਸੰਮੇਲਨ ਲਈ ਰਵਾਨਾ ਹੋਣ ਤੋਂ ਪਹਿਲਾਂ ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਹ ਇਜ਼ਰਾਈਲ ਤੋਂ ਖੁਸ਼ ਨਹੀਂ ਹਨ। ਉਨ੍ਹਾਂ ਕਿਹਾ ਕਿ ਜੰਗਬੰਦੀ ਦਾ ਐਲਾਨ ਹੋਣ ਤੋਂ ਬਾਅਦ ਇਜ਼ਰਾਈਲ ਨੂੰ ਵੱਡੇ ਹਮਲੇ ਨਹੀਂ ਕਰਨੇ ਚਾਹੀਦੇ ਸਨ। ਇਸ ਦੇ ਨਾਲ ਹੀ ਟਰੰਪ ਨੇ ਦੋਸਤ ਇਜ਼ਰਾਈਲ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਹੁਣ ਈਰਾਨ 'ਤੇ ਬੰਬ ਨਾ ਸੁੱਟੇ, ਨਹੀਂ ਤਾਂ ਇਹ ਜੰਗਬੰਦੀ ਦੀ ਉਲੰਘਣਾ ਹੋਵੇਗੀ। ਟਰੰਪ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਇਜ਼ਰਾਈਲ ਨੇ ਦੋਸ਼ ਲਗਾਇਆ ਸੀ ਕਿ ਈਰਾਨ ਨੇ ਜੰਗਬੰਦੀ ਦੀ ਉਲੰਘਣਾ ਕੀਤੀ ਹੈ ਅਤੇ ਇਜ਼ਰਾਈਲ ਦੇ ਖੇਤਰ 'ਤੇ ਹਮਲਾ ਕੀਤਾ ਹੈ। ਟਰੰਪ ਨੇ ਕਿਹਾ, "ਈਰਾਨ ਨੇ ਇਸਦੀ ਉਲੰਘਣਾ ਕੀਤੀ ਪਰ ਇਜ਼ਰਾਈਲ ਨੇ ਵੀ ਇਸਦੀ ਉਲੰਘਣਾ ਕੀਤੀ।" ਉਨ੍ਹਾਂ ਕਿਹਾ, "ਮੈਂ ਇਜ਼ਰਾਈਲ ਤੋਂ ਖੁਸ਼ ਨਹੀਂ ਹਾਂ।"

ਅਮਰੀਕੀ ਰਾਸ਼ਟਰਪਤੀ ਨੇ ਆਪਣੇ ਟਰੁੱਥ ਸੋਸ਼ਲ 'ਤੇ ਪੋਸਟ ਕੀਤਾ, "ਇਜ਼ਰਾਈਲ.. ਹੁਣ ਬੰਬ ਨਾ ਸੁੱਟੋ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਇਹ ਇੱਕ ਵੱਡੀ ਉਲੰਘਣਾ ਹੈ। ਤੁਸੀਂ ਆਪਣੇ ਪਾਇਲਟਾਂ ਨੂੰ ਹੁਣੇ ਘਰ ਵਾਪਸ ਬੁਲਾਓ!" ਟਰੰਪ ਨੇ ਕਿਹਾ, "ਮੈਨੂੰ ਇਹ ਪਸੰਦ ਨਹੀਂ ਆਇਆ ਕਿ ਇਜ਼ਰਾਈਲ ਨੇ ਜੰਗਬੰਦੀ 'ਤੇ ਸਹਿਮਤ ਹੋਣ ਤੋਂ ਬਾਅਦ ਇੰਨੀ ਜਲਦੀ ਦੁਬਾਰਾ ਹਮਲਾ ਕੀਤਾ।" ਇਸ ਤੋਂ ਪਹਿਲਾਂ, ਇਜ਼ਰਾਈਲੀ ਸਰਕਾਰ ਨੇ ਕਿਹਾ ਸੀ ਕਿ ਉਸਨੇ ਈਰਾਨ ਨਾਲ ਜੰਗ ਵਿੱਚ ਆਪਣੇ ਸਾਰੇ ਉਦੇਸ਼ ਪ੍ਰਾਪਤ ਕਰ ਲਏ ਹਨ ਅਤੇ ਉਹ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ ਅਤੇ ਬੈਲਿਸਟਿਕ ਮਿਜ਼ਾਈਲਾਂ ਦੇ "ਦੋਹਰੇ ਅਸਤਿਤਵ ਦੇ ਖ਼ਤਰੇ" ਨੂੰ ਦੂਰ ਕਰਨ ਤੋਂ ਬਾਅਦ ਅਮਰੀਕਾ ਵੱਲੋਂ ਪ੍ਰਸਤਾਵਿਤ ਜੰਗਬੰਦੀ ਲਈ ਸਹਿਮਤ ਹੋ ਗਿਆ ਸੀ।

ਤੁਹਾਨੂੰ ਦੱਸ ਦੇਈਏ ਕਿ ਮੰਗਲਵਾਰ ਸਵੇਰੇ, ਇਜ਼ਰਾਈਲ ਅਤੇ ਈਰਾਨ ਦੁਆਰਾ ਪੱਛਮੀ ਏਸ਼ੀਆ ਵਿੱਚ 12 ਦਿਨਾਂ ਦੇ ਸੰਘਰਸ਼ ਨੂੰ ਖਤਮ ਕਰਨ ਲਈ ਜੰਗਬੰਦੀ ਨੂੰ ਸਵੀਕਾਰ ਕਰਨ ਤੋਂ ਬਾਅਦ ਉੱਤਰੀ ਇਜ਼ਰਾਈਲ ਵਿੱਚ ਧਮਾਕਿਆਂ ਅਤੇ ਸਾਇਰਨ ਦੀਆਂ ਆਵਾਜ਼ਾਂ ਆਉਣ ਲੱਗੀਆਂ। ਇਜ਼ਰਾਈਲੀ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਮਿਜ਼ਾਈਲ ਹਮਲਿਆਂ ਨੂੰ ਜੰਗਬੰਦੀ ਦੀ ਉਲੰਘਣਾ ਕਿਹਾ ਅਤੇ ਇਜ਼ਰਾਈਲੀ ਫੌਜ ਨੂੰ "ਤਹਿਰਾਨ 'ਤੇ ਹਮਲਾ ਕਰਨ ਅਤੇ ਸ਼ਾਸਨ ਦੇ ਟੀਚਿਆਂ ਅਤੇ ਅੱਤਵਾਦੀ ਬੁਨਿਆਦੀ ਢਾਂਚੇ ਨੂੰ ਤਬਾਹ ਕਰਨ ਲਈ ਤੀਬਰ ਕਾਰਵਾਈਆਂ" ਮੁੜ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਜੰਗਬੰਦੀ ਸਮਝੌਤੇ ਦਾ ਐਲਾਨ ਮੰਗਲਵਾਰ ਸਵੇਰੇ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਈਰਾਨ ਨੇ ਕਤਰ ਵਿੱਚ ਇੱਕ ਅਮਰੀਕੀ ਫੌਜੀ ਅੱਡੇ 'ਤੇ ਹਮਲਾ ਕਰਕੇ ਜਵਾਬੀ ਕਾਰਵਾਈ ਕੀਤੀ।

# ਟੋਰਾਂਟੋ ਅਤੇ ਨਾਲ ਲੱਗਦੇ ਇਲਾਕਿਆਂ 'ਚ ਗਰਮੀ ਦਾ ਕਹਿਰ
## 36 ਡਿਗਰੀ ਸੈਲਸੀਅਸ ਤਾਪਮਾਨ 'ਚ ਮਹਿਸੂਸ ਹੋਈ 46 ਡਿਗਰੀ ਦੇ ਬਰਾਬਰ ਗਰਮੀ



ਟੋਰਾਂਟੋ: ਟੋਰਾਂਟੋ ਅਤੇ ਨਾਲ ਲਗਦੇ ਇਲਾਕਿਆਂ ਵਿਚ ਲਗਾਤਾਰ ਦੂਜੇ ਦਿਨ ਗਰਮੀ ਨੇ ਕਹਿਰ ਢਾਹਿਆ ਅਤੇ 36 ਡਿਗਰੀ ਸੈਲਸੀਅਸ ਤਾਪਮਾਨ ਵਿਚ 46 ਡਿਗਰੀ ਦੇ ਬਰਾਬਰ ਗਰਮੀ ਮਹਿਸੂਸ ਹੋ ਰਹੀ ਸੀ। ਪੀਅਰਸਨ ਇੰਟਰਨੈਸ਼ਨਲ ਏਅਰਪੋਰਟ 'ਤੇ 23 ਜੂਨ ਦਾ ਵੱਧ ਤੋਂ ਵੱਧ ਤਾਪਮਾਨ 32.8 ਡਿਗਰੀ ਸੈਲਸੀਅਸ 1983 ਵਿਚ ਦਰਜ ਕੀਤਾ ਗਿਆ ਸੀ ਪਰ ਸੋਮਵਾਰ ਦੀ ਗਰਮੀ ਨੇ ਸਾਰੇ ਰਿਕਾਰਡ ਤੋੜ ਦਿਤੇ ਅਤੇ ਤਾਪਮਾਨ 35 ਡਿਗਰੀ ਦਰਜ ਕੀਤਾ ਗਿਆ। ਟੋਰਾਂਟੋ ਪਬਲਿਕ ਹੈਲਥ ਵੱਲੋਂ ਲੋਕਾਂ ਨੂੰ ਸਾਵਧਾਨੀ ਵਰਤਣ ਲਈ ਆਖਿਆ ਜਾ ਰਿਹਾ ਹੈ। ਗਰਮੀ ਹਰ ਉਮਰ ਵਰਗ ਦੇ ਲੋਕਾਂ ਨੂੰ ਪ੍ਰਭਾਵਤ ਕਰ ਸਕਦੀ ਹੈ ਅਤੇ ਹੀਟ ਸਟ੍ਰੋਕ ਦੀ ਹਾਲਤ ਵਿਚ ਜਾਨ ਵੀ ਜਾ ਸਕਦੀ ਹੈ। ਉਧਰ ਹਾਈਡਰੋ ਵੰਨ ਦੇ ਬ੍ਰਿਜਮੈਨ ਟ੍ਰਾਂਸਮਿਸ਼ਨ ਸਟੇਸ਼ਨ ਵਿਚ ਗੜਬੜੀ ਪੈਦਾ ਹੋਣਕਾਰਨ ਤਕਰੀਬਨ 2700 ਘਰਾਂ ਦੀ ਬਿਜਲੀ ਗੁੱਲ ਹੋ ਗਈ। ਸੋਸ਼ਲ ਮੀਡੀਆ ਰਾਹੀਂ ਜਾਰੀ ਸੁਨੇਹੇ ਵਿਚ ਹਾਈਡਰੋ ਵੰਨ ਵੱਲੋਂ ਲੋਕਾਂ ਦੇ ਸਬਰ ਦੀ ਸ਼ਲਾਘਾ ਕੀਤੀ ਗਈ।

ਇਸੇ ਦੌਰਾਨ ਸਮਰਹਿਲ ਸਟੇਸ਼ਨ ਬੰਦ ਕਰ ਦਿਤਾ ਗਿਆ ਕਿਉਂਕਿ ਹਾਈਡਰੋ ਪਾਵਰ ਦੇ ਮਸਲੇ ਕਾਰਨ ਰੇਲ ਗੱਡੀਆਂ ਰੁਕ ਨਹੀਂ ਸਨ ਰਹੀਆਂ। ਟੋਰਾਂਟੋ ਦੀ ਮੇਅਰ ਓਲੀਵੀਆ ਚੋਅ ਵੱਲੋਂ ਲੋਕਾਂ ਨੂੰ ਘਰਾਂ ਤੋਂ ਬਾਹਰ ਨਾ ਨਿਕਲਣ ਦਾ ਸੱਦਾ ਦਿਤਾ ਗਿਆ ਹੈ। ਐਨਵਾਇਰਨਮੈਂਟ ਕੈਨੇਡਾ ਦੇ ਮੌਸਮ ਵਿਗਿਆਨੀ ਸਟੀਵਨ ਫਲਿਸਫੈਡਰ ਨੇ ਕਿਹਾ ਕਿ ਅੰਤਾਂ ਦੀ ਗਰਮੀ ਵਿਚ ਬਾਹਰ ਨਿਕਲਣ ਵਾਲੇ ਲੋਕਾਂ ਦੇ ਬਿਮਾਰ ਹੋਣ ਦਾ ਖਤਰਾ ਬਹੁਤ ਜ਼ਿਆਦਾ ਵਧ ਜਾਵੇਗਾ। ਇਸੇ ਦੌਰਾਨ ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਵੱਲੋਂ ਐਤਵਾਰ ਨੂੰ ਕੁਝ ਪੂਲਜ਼ ਬੰਦ ਰੱਖਣ ਬਾਰੇ ਸਿਟੀ ਕੌਂਸਲ ਦੇ ਫੈਸਲੇ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਗਈ। ਸੋਮਵਾਰ ਨੂੰ ਸ਼ਹਿਰ ਦੇ ਸਾਰੇ 15 ਪੂਲਜ਼ ਸਵੇਰੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਖੁੱਲੇ ਰਹੇ। ਉਧਰ ਏਅਰ ਕੰਡਿਸ਼ਨਿੰਗ ਦੀ ਕਮੀ ਕਾਰਨ ਫਰੈਂਚ ਬੋਲੀ ਵਾਲੇ ਕਈ ਸਕੂਲਾਂ ਵਿਚ ਛੁੱਟੀ ਕਰ ਦਿਤੀ ਗਈ।

# ਭਾਰਤ ਲਈ ਇਤਿਹਾਸਕ ਪਲ!
## ਸ਼ੁਭਾਂਸ਼ੂ ਸ਼ੁਕਲਾ ਪੁਲਾੜ ਲਈ ਰਵਾਨਾ, NASA ਦਾ ਮਿਸ਼ਨ AXIOM-4 ਲਾਂਚ

ਹਰ ਭਾਰਤੀ ਲਈ ਅੱਜ ਇੱਕ ਇਤਿਹਾਸਕ ਦਿਨ ਹੈ। ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਨੂੰ ਲੈ ਕੇ ਇੰਟਰਨੈਸ਼ਨਲ ਪੁਲਾੜ ਸਟੇਸ਼ਨ (ISS) ਲੈ ਕੇ ਜਾਣ ਵਾਲਾ Axiom-4 ਮਿਸ਼ਨ ਆਖਿਰਕਾਰ ਬੁੱਧਵਾਰ (25 ਜੂਨ, 2025) ਨੂੰ ਲਾਂਚ ਕਰ ਦਿੱਤਾ ਗਿਆ ਹੈ। ਰਾਕੇਸ਼ ਸ਼ਰਮਾ ਤੋਂ ਬਾਅਦ ਭਾਰਤੀ ਹਵਾਈ ਸੈਨਾ ਦੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਪੁਲਾੜ ਦੀ ਯਾਤਰਾ ਕਰਨ ਵਾਲੇ ਦੂਜੇ ਭਾਰਤੀ ਪੁਲਾੜ ਯਾਤਰੀ ਬਣ ਗਏ ਹਨ। Axiom-4 ਮਿਸ਼ਨ ਦੀ ਅਗਵਾਈ ਕਮਾਂਡਰ ਪੈਗੀ ਵਿਟਸਨ ਕਰ ਰਹੇ ਹਨ। ਸ਼ੁਕਲਾ ਇਸ ਵਿੱਚ ਮਿਸ਼ਨ ਪਾਇਲਟ ਹਨ। ਇਸ ਤੋਂ ਇਲਾਵਾ, ਹੰਗਰੀ ਦੇ ਪੁਲਾੜ ਯਾਤਰੀ ਟਿਬੋਰ ਕਾਪੂ ਅਤੇ ਪੋਲੈਂਡ ਦੇ ਸਲਾਵੋਜ ਉਜ਼ਨਾਂਸਕੀ-ਵਿਸਨੀਵਸਕੀ ਮਿਸ਼ਨ ਮਾਹਰ ਹਨ।

ਇਸ 14 ਦਿਨਾਂ ਦੇ ਮਿਸ਼ਨ ਤਹਿਤ ਪੁਲਾੜ ਯਾਤਰੀਆਂ ਨੂੰ ਸਪੇਸਐਕਸ ਕੰਪਨੀ ਦੇ ਫਾਲਕਨ 9 ਰਾਕੇਟ ਰਾਹੀਂ ਫਲੋਰੀਡਾ ਦੇ ਨਾਸਾ ਦੇ ਕੈਨੇਡੀ ਸਪੇਸ ਸੈਂਟਰ ਤੋਂ ISS (ਅੰਤਰਰਾਸ਼ਟਰੀ ਪੁਲਾੜ ਸਟੇਸ਼ਨ) ਭੇਜਿਆ ਗਿਆ ਹੈ। ਇਹ ਮਿਸ਼ਨ ਭਾਰਤੀ ਸਮੇਂ ਮੁਤਾਬਕ ਸਵੇਰੇ 12.01 ਵਜੇ ਸਪੇਸਐਕਸ ਦੇ ਫਾਲਕਨ-9 ਰਾਕੇਟ ਰਾਹੀਂ ਲਾਂਚ ਕੀਤਾ ਗਿਆ ਸੀ।

### ਮਿਸ਼ਨ ਦੀ ਲਾਂਚਿੰਗ ਕਈ ਵਾਰ ਮੁਲਤਵੀ ਕੀਤੀ ਗਈ ਹੈ

Axiom-4 ਮਿਸ਼ਨ ਦੇ ਤਹਿਤ ਲਾਂਚਿੰਗ ਸ਼ੁਰੂ ਵਿੱਚ 29 ਮਈ ਨੂੰ ਹੋਣੀ ਸੀ। ਪਰ ਫਾਲਕਨ-9 ਰਾਕੇਟ ਦੇ ਬੂਸਟਰ ਅਤੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੇ ਪੁਰਾਣੇ ਰੂਸੀ ਮਾਡਿਊਲ ਵਿੱਚ ਤਰਲ ਆਕਸੀਜਨ ਦੇ ਲੀਕ ਹੋਣ ਤੋਂ ਬਾਅਦ ਇਸ ਨੂੰ ਪਹਿਲਾਂ 8 ਜੂਨ, ਫਿਰ 10 ਜੂਨ ਅਤੇ ਫਿਰ 11 ਜੂਨ ਤੱਕ ਮੁਲਤਵੀ ਕਰ ਦਿੱਤਾ ਗਿਆ।

ਇਸ ਤੋਂ ਬਾਅਦ ਇਸ ਨੂੰ ਲਾਂਚ ਕਰਨ ਦੀ ਯੋਜਨਾ ਨੂੰ ਦੁਬਾਰਾ 19 ਜੂਨ ਤੱਕ ਮੁਲਤਵੀ ਕਰ ਦਿੱਤਾ ਗਿਆ। ਫਿਰ ਨਾਸਾ ਵੱਲੋਂ ਰੂਸੀ ਮਾਡਿਊਲ ਵਿੱਚ ਮੁਰੰਮਤ ਦੇ ਕੰਮ ਤੋਂ ਬਾਅਦ ਔਰਬਿਟਲ ਲੈਬਾਰਟਰੀਆਂ ਦੇ ਸੰਚਾਲਨ ਦਾ ਮੁਲਾਂਕਣ ਕਰਨ ਲਈ ਲਾਂਚ ਦੀ ਮਿਤੀ ਅੱਜ ਯਾਨੀ 25 ਜੂਨ ਤੈਅ ਕੀਤੀ ਗਈ। ਨਾਸਾ ਨੇ ਕਿਹਾ ਕਿ 'ਡੌਕਿੰਗ' ਦਾ ਸਮਾਂ ਵੀਰਵਾਰ, 26 ਜੂਨ (ਭਾਰਤੀ ਸਮੇਂ ਮੁਤਾਬਕ ਸ਼ਾਮ 4.30 ਵਜੇ) ਸਵੇਰੇ 7 ਵਜੇ ਦੇ ਕਰੀਬ ਹੋਵੇਗਾ। ਸਾਰੇ ਪੁਲਾੜ ਯਾਤਰੀ ਸਪੇਸ ਸਟੇਸ਼ਨ 'ਤੇ ਲਗਭਗ 14 ਦਿਨ ਬਿਤਾਉਣਗੇ। ਇਸ ਦੌਰਾਨ ਕਈ ਮਹੱਤਵਪੂਰਨ ਪ੍ਰਯੋਗ ਕੀਤੇ ਜਾਣਗੇ।

### ਕੌਣ ਹੈ ਸ਼ੁਭਾਂਸ਼ੂ ਸ਼ੁਕਲਾ ਕੌਣ?

15 ਸਾਲ ਤੱਕ ਲੜਾਕੂ ਪਾਇਲਟ ਰਹੇ ਸ਼ੁਭਾਂਸ਼ੂ ਸ਼ੁਕਲਾ ਹੁਣ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ISS) ਦੀ ਯਾਤਰਾ ਕਰਨ ਵਾਲੇ ਦੂਜੇ ਭਾਰਤੀ ਨਾਗਰਿਕ ਬਣ ਗਏ ਹਨ। ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਪੈਦਾ ਹੋਏ 39 ਸਾਲਾ ਸ਼ੁਭਾਂਸ਼ੂ ਸ਼ੁਕਲਾ ਨੂੰ ਜੂਨ 2006 ਵਿੱਚ ਭਾਰਤੀ ਹਵਾਈ ਸੈਨਾ (IAF) ਵਿੱਚ ਕਮਿਸ਼ਨ ਦਿੱਤਾ ਗਿਆ ਸੀ। ਉਨ੍ਹਾਂ ਨੇ ਹੁਣ ਤੱਕ 2,000 ਘੰਟਿਆਂ ਤੋਂ ਵੱਧ ਉਡਾਣ ਦਾ ਤਜਰਬਾ ਹਾਸਲ ਕੀਤਾ ਹੈ। ਉਨ੍ਹਾਂ ਨੇ ਸੁਖੋਈ-30 MK 1, MiG-21, MiG-29, Jaguar, Hawk, Dornier ਅਤੇ AN-32 ਵਰਗੇ ਕਈ ਜਹਾਜ਼ ਉਡਾਏ ਹਨ।

# ਟਰੰਪ ਨੇ ਜੰਗ ਸ਼ੁਰੂ ਕੀਤੀ, ਖ਼ਤਮ ਅਸੀਂ ਕਰਾਂਗੇ : ਇਰਾਨ



ਇਜ਼ਰਾਈਲ-ਇਰਾਨ ਜੰਗ ਵਿਚ ਅਮਰੀਕਾ ਵਲੋਂ ਕੀਤੇ ਹਮਲੇ ਦਾ ਵਿਰੋਧ ਕਰਦਿਆਂ ਇਰਾਨ ਨੇ ਕਿਹਾ ਹੈ ਕਿ ਉਹ ਅਪਣਾ ਪਰਮਾਣੂ ਪ੍ਰੋਗਰਾਮ ਬੰਦ ਨਹੀਂ ਕਰੇਗਾ। ਇਰਾਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਚੇਤਾਵਨੀ ਦਿੰਦਿਆਂ ਕਿਹਾ, 'ਅਸੀਂ ਪਰਮਾਣੂ ਪ੍ਰੋਗਰਾਮ ਬੰਦ ਨਹੀਂ ਕਰਾਂਗੇ, ਟਰੰਪ ਨੇ ਜੰਗ ਸ਼ੁਰੂ ਕੀਤੀ ਹੈ ਤੇ ਅਸੀਂ ਖ਼ਤਮ ਕਰਾਂਗੇ।' ਇਸੇ ਦੌਰਾਨ ਇਰਾਨ ਨੇ ਸੀਰੀਆ ਅਤੇ ਕਤਰ 'ਚ ਸਥਿਤ ਅਮਰੀਕੀ ਏਅਰਬੇਸ 'ਤੇ ਮਿਜ਼ਾਈਲਾਂ ਦਾਗੀਆਂ। ਅਮਰੀਕਾ ਵਲੋਂ ਇਜ਼ਰਾਈਲ ਦੀ ਹਮਾਇਤ ਕਰਦਿਆਂ ਇਰਾਨ 'ਤੇ ਕੀਤੇ ਹਮਲੇ ਤੋਂ ਬਾਅਦ ਜਿੱਥੇ ਕਈ ਮੁਲਕ ਇਸ ਦਾ ਵਿਰੋਧ ਕਰ ਰਹੇ ਹਨ, ਉਥੇ ਅਮਰੀਕਾ ਦੇ ਨਿਊਯਾਰਕ ਸਮੇਤ ਕਈ ਵੱਡੇ ਸ਼ਹਿਰਾਂ ਵਿਚ ਜੰਗ ਵਿਰੋਧੀ ਪ੍ਰਦਰਸ਼ਨ ਹੋ ਰਹੇ ਹਨ। ਮੌਜੂਦਾ ਸਥਿਤੀਆਂ 'ਤੇ ਸਿਆਸੀ ਵਿਸ਼ਲੇਸ਼ਕਾਂ ਵਿਚ ਇਸ ਗੱਲ ਨੂੰ ਲੈ ਕੇ ਬਹਿਸ ਛਿੜ ਗਈ ਹੈ ਕਿ ਅਮਰੀਕਾ ਦਾ ਦਖ਼ਲ ਸੰਸਾਰ ਨੂੰ ਤੀਜੀ ਜੰਗ ਵਲ ਧੱਕ ਰਿਹਾ ਹੈ। ਇਰਾਨ ਨੇ ਅਮਰੀਕਾ ਵਲੋਂ ਕੀਤੇ ਹਮਲੇ ਦਾ ਜਵਾਬ ਦਿੰਦਿਆਂ ਇਜ਼ਰਾਈਲ 'ਤੇ ਅੱਜ ਤਾਬੜ-ਤੋੜ ਹਮਲੇ ਕੀਤੇ। ਇਸ ਤੋਂ ਬਾਅਦ ਜਵਾਬੀ ਕਾਰਵਾਈ ਵਿਚ ਇਜ਼ਰਾਈਲ ਨੇ ਵੀ ਤਹਿਰਾਨ ਵਿਚ ਇਰਾਨੀ ਫ਼ੌਜ ਦੀ ਯੂਨਿਟ ਇਸਲਾਮਿਕ ਰੈਵੋਲੂਸ਼ਨਰੀ ਗਾਰਡ ਕਾਰਪਸ ਨਾਲ ਜੁੜੇ ਟਿਕਾਣਿਆਂ 'ਤੇ ਹਮਲੇ ਕੀਤੇ ਅਤੇ ਦਾਅਵਾ ਕੀਤਾ ਕਿ ਇਨ੍ਹਾਂ ਹਮਲਿਆਂ ਵਿਚ ਇਰਾਨ ਦੇ ਸੈਂਕੜੇ ਫ਼ੌਜੀ ਮਾਰੇ ਗਏ ਹਨ। ਇਸੇ ਦੌਰਾਨ ਇਰਾਨ ਦੇ ਸੁਪਰੀਮ ਲੀਡਰ ਅਲੀ ਖਾਮੇਨੇਈ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੋਂ ਮਦਦ ਮੰਗੀ ਹੈ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਮਾਸਕੋ ਵਿਚ ਪੁਤਿਨ ਨੂੰ ਮਿਲਣ ਗਏ ਹਨ। ਹਾਲਾਂਕਿ ਇਹ ਹਾਲੇ ਸਾਫ਼ ਨਹੀਂ ਹੋਇਆ ਹੈ ਕਿ ਇਰਾਨ ਰੂਸ ਤੋਂ ਕਿਸ ਤਰ੍ਹਾਂ ਦੀ ਮਦਦ ਚਾਹੁੰਦਾ ਹੈ। ਖ਼ਬਰਾਂ ਇਹ ਵੀ ਆ ਰਹੀਆਂ ਹਨ ਕਿ ਰੂਸ ਨੇ ਇਰਾਨ ਨੂੰ ਮਦਦ ਦਾ ਭਰੋਸਾ ਦਿਤਾ ਹੈ।

ਸੀਰੀਆ ਵਿਚ ਅਮਰੀਕੀ ਮਿਲਟਰੀ ਬੇਸ 'ਤੇ ਹਮਲਾ : ਦੂਜੇ ਪਾਸੇ ਸੀਰੀਆ ਦੇ ਹਸਾਕਾ ਪ੍ਰਾਂਤ ਵਿਚ ਇਕ ਅਮਰੀਕੀ ਮਿਲਟਰੀ ਬੇਸ 'ਤੇ ਹਮਲਾ ਹੋਇਆ ਹੈ। ਹਾਲਾਂਕਿ ਇਹ ਹਮਲਾ ਇਰਾਨ ਨੇ ਕੀਤਾ ਜਾ ਨਹੀਂ, ਇਹ ਪਤਾ ਨਹੀਂ ਚਲਿਆ ਹੈ। ਨਿਊਯਾਰਕ ਟਾਈਮਜ਼ ਦੀਆਂ ਰਿਪੋਰਟਾਂ ਅਨੁਸਾਰ ਇਰਾਨ ਅਪਣੇ ਪਰਮਾਣੂ ਟਿਕਾਣਿਆਂ 'ਤੇ ਹਮਲਿਆਂ ਦੇ ਜਵਾਬ ਵਿਚ ਮਿਡਲ ਈਸਟ ਸਥਿਤ ਅਮਰੀਕੀ ਟਿਕਾਣਿਆਂ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਹੈ।

# ਪੇਜ ਇੱਕ ਦੀ ਬਾਕੀ

## ਗਾਜ਼ਾ 'ਚ ਇਜ਼ਰਾਇਲੀ ਫੌਜ...

ਲਾਂਘੇ 'ਤੇ ਜਵਾਨਾਂ ਨੇੜੇ ਆਉਣ ਦੀ ਕੋਸ਼ਿਸ਼ ਕੀਤੀ ਸੀ। ਨੁਸਰਤ ਸ਼ਰਨਾਰਥੀ ਕੈਂਪ 'ਚ ਸਥਿਤ ਆਵਦਾ ਹਸਪਤਾਲ ਨੇ ਕਿਹਾ ਕਿ ਫ਼ਲਸਤੀਨੀ ਲੋਕ ਗਾਜ਼ਾ ਦੇ ਦੱਖਣ 'ਚ ਸਾਲਾਹ ਅਲ-ਦੀਨ ਰੋਡ 'ਤੇ ਟਰੱਕਾਂ ਦੀ ਉਡੀਕ ਕਰ ਰਹੇ ਸਨ। ਚਸ਼ਮਦੀਦਾਂ ਨੇ ਦੱਸਿਆ ਕਿ ਜਦੋਂ ਲੋਕ ਟਰੱਕਾਂ ਵੱਲ ਵੱਧ ਰਹੇ ਸਨ ਤਾਂ ਇਜ਼ਰਾਇਲੀ ਫੌਜ ਨੇ ਗੋਲੀਆਂ ਚਲਾ ਦਿੱਤੀਆਂ। ਪ੍ਰਤੱਖਦਰਸ਼ੀ ਅਹਿਮਦ ਹਲਾਵਾ ਨੇ ਕਿਹਾ ਕਿ ਇਹ ਨਸਲਕੁਸ਼ੀ ਹੈ। ਉਸ ਨੇ ਕਿਹਾ ਕਿ ਟੈਂਕਾਂ ਅਤੇ ਡਰੋਨਾਂ ਤੋਂ ਗੋਲੀਆਂ ਚਲਾਈਆਂ।

## ਖ਼ੂਨ ਨਾਲ ਰੰਗੀ...

ਸ਼ਹਿਰ ਵਿੱਚ ਵਾਪਰੀ। ਇਹ ਹਮਲਾ ਉਦੋਂ ਹੋਇਆ, ਜਦੋਂ ਸਥਾਨਕ ਲੋਕ ਸੇਂਟ ਜੌਨ ਦਿ ਬੈਪਟਿਸਟ ਦੇ ਸਨਮਾਨ ਵਿੱਚ ਨੱਚ ਰਹੇ ਸਨ ਅਤੇ ਸ਼ਰਾਬ ਪੀ ਰਹੇ ਸਨ। ਆਨਲਾਈਨ ਸ਼ੇਅਰ ਕੀਤੀ ਗਈ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਗੋਲੀਬਾਰੀ ਸ਼ੁਰੂ ਹੋਣ ਤੋਂ ਬਾਅਦ ਘਬਰਾਏ ਹੋਏ ਲੋਕ ਬੇਕਾਬੂ ਹੋ ਕੇ ਭੱਜ ਰਹੇ ਹਨ।

ਲੋਕ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝੀ ਕਰ ਰਹੇ ਹਨ। ਇਸ ਵਿੱਚ ਕੁੜੀਆਂ ਅਤੇ ਮੁੰਡੇ ਇੱਕ ਗਲੀ ਵਿੱਚ ਨੱਚ ਰਹੇ ਹਨ। ਚਾਰੇ ਪਾਸੇ ਮਸਤੀ ਦਾ ਮਾਹੌਲ ਹੈ। ਕੁੜੀਆਂ ਮੱਧਮ ਰੌਸ਼ਨੀ ਵਿੱਚ ਨੱਚ ਰਹੀਆਂ ਹਨ, ਇਹ ਕੁਝ ਸਕਿੰਟਾਂ ਲਈ ਜਾਰੀ ਰਹਿੰਦਾ ਹੈ, ਫਿਰ ਗੋਲੀਬਾਰੀ ਦੀ ਆਵਾਜ਼ ਸੁਣਾਈ ਦਿੰਦੀ ਹੈ। ਇਸ ਤੋਂ ਬਾਅਦ ਹਫੜਾ-ਦਫੜੀ ਮੱਚ ਜਾਂਦੀ ਹੈ। ਲੋਕ ਚੀਕਣਾ ਅਤੇ ਭੱਜਣਾ ਸ਼ੁਰੂ ਕਰ ਦਿੰਦੇ ਹਨ। ਇਰਾਪੁਆਟੋ ਦੇ ਇੱਕ ਅਧਿਕਾਰੀ ਰੋਡੋਲਫੋ ਗੋਮੇਜ਼ ਸਰਵੈਂਟਸ ਨੇ ਪੁਸ਼ਟੀ ਕੀਤੀ ਕਿ ਮਰਨ ਵਾਲਿਆਂ ਦੀ ਗਿਣਤੀ 12 ਹੋ ਗਈ ਹੈ, ਜਦੋਂਕਿ ਲਗਭਗ 20 ਹੋਰ ਜ਼ਖਮੀ ਹੋਏ ਹਨ।

ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਘਟਨਾ ਪਿਛਲੇ ਮਹੀਨੇ ਗੁਆਨਾਜੁਆਟੋ ਵਿੱਚ ਹੋਈ ਇੱਕ ਅਜਿਹੀ ਹੀ ਦੁਖਾਂਤ ਤੋਂ ਬਾਅਦ ਵਾਪਰੀ ਹੈ, ਜਦੋਂ ਸੈਨ ਬਾਰਟੋਲੋ ਡੀ ਬੈਰੀਓਸ ਵਿੱਚ ਇੱਕ ਕੈਥੋਲਿਕ ਚਰਚ ਦੇ ਸਮਾਗਮ ਦੌਰਾਨ 7 ਲੋਕ ਮਾਰੇ ਗਏ ਸਨ।

## ਕੈਨੇਡਾ 'ਚ ਮੁੜ ਸਿੱਖਾਂ ਦੀ...

ਮਗਰੋਂ ਜਦੋਂ ਖਤਰੇ ਦੀ ਜ਼ਦ ਵਿਚ ਆਇਆ ਸ਼ਖਸ ਪੁਲਿਸ ਨਾਲ ਸੰਪਰਕ ਕਰਦਾ ਹੈ ਤਾਂ ਉਸ ਨੂੰ ਦੱਸਿਆ ਜਾਂਦਾ ਹੈ ਕਿ ਦਹਾਕਿਆਂ ਪੁਰਾਣਾ ਇਹ ਟਕਰਾਅ ਖਤਮ ਹੁੰਦਾ ਨਜ਼ਰ ਨਹੀਂ ਆ ਰਿਹਾ ਜਿਸ ਦੇ ਮੱਦੇਨਜ਼ਰ ਜਾਨ ਵਾਸਤੇ ਪੈਦਾ ਹੋਇਆ ਖਤਰਾ ਫਿਲਹਾਲ ਟਲਿਆ ਨਹੀਂ। ਚੇਤੇ ਰਹੇ ਕਿ ਆਰ.ਸੀ.ਐਮ.ਪੀ. ਵੱਲੋਂ ਦਸੰਬਰ 2023 ਵਿਚ ਉਸ ਵੇਲੇ ਦੇ ਐਨ.ਡੀ.ਪੀ. ਆਗੂ ਜਗਮੀਤ ਸਿੰਘ ਦੀ ਸੁਰੱਖਿਆ ਵਾਸਤੇ ਹਥਿਆਰਬੰਦ ਮੁਲਾਜ਼ਮ ਤੈਨਾਤ ਕੀਤੇ ਗਏ। ਜਗਮੀਤ ਸਿੰਘ ਦੇ ਸੀਨੀਅਰ ਸਟਾਫ਼ ਨੂੰ ਹਦਾਇਤ ਦਿਤੀ ਗਈ ਕਿ ਜਨਤਕ ਸਮਾਗਮਾਂ ਦੌਰਾਨ ਸਖ਼ਤ ਸੁਰੱਖਿਆ ਪ੍ਰਬੰਧ ਵਾਲੀ ਰਣਨੀਤੀ ਤਿਆਰ ਕੀਤੀ ਜਾਵੇ। ਗਲੋਬਲ ਨਿਊਜ਼ ਵੱਲੋਂ ਪ੍ਰਕਾਸ਼ਤ ਰਿਪੋਰਟ ਵਿਚ ਇਕ ਵਿਦੇਸ਼ੀ ਏਜੰਟ ਦਾ ਜ਼ਿਕਰ ਵੀ ਕੀਤਾ ਗਿਆ ਜੋ ਜਗਮੀਤ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਦੀਆਂ ਸਰਗਰਮੀਆਂ 'ਤੇ ਲਗਾਤਾਰ ਨਜ਼ਰ ਰੱਖ ਰਿਹਾ ਸੀ।

'ਸਿੱਖਾਂ ਦੀ ਹਿਫ਼ਾਜ਼ਤ ਵਾਸਤੇ ਉਪਰਾਲੇ ਨਹੀਂ ਕਰ ਰਹੀ ਪੁਲਿਸ'

ਹਰਦੀਪ ਸਿੰਘ ਨਿੱਜਰ ਦੇ ਕਤਲ ਮਗਰੋਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਹਦਾਇਤਾਂ 'ਤੇ ਕੈਨੇਡੀਅਨ ਖੁਫੀਆ ਏਜੰਸੀ ਵੱਲੋਂ ਜਗਮੀਤ ਸਿੰਘ ਨਾਲ ਖਾਸ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਮਾਮਲੇ ਦੀ ਡੂੰਘਾਈ ਬਾਰੇ ਜਾਣੂ ਕਰਵਾਇਆ ਗਿਆ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਬੁਲਾਰੇ ਬਲਪ੍ਰੀਤ ਸਿੰਘ ਨੂੰ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਨੇਡਾ ਫੇਰੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਡਬਲਿਊ.ਐਸ.ਓ. ਗੱਲਬਾਤ ਦੇ ਵਿਰੁੱਧ ਨਹੀਂ ਪਰ ਇਹ ਸਿਧਾਂਤਕ ਤੌਰ 'ਤੇ ਹੋਣੀ ਚਾਹੀਦੀ ਹੈ। ਕੈਨੇਡੀਅਨ ਖੁਫੀਆ ਏਜੰਸੀ ਤਾਜ਼ਾ ਰਿਪੋਰਟ ਭਾਰਤ ਨੂੰ ਕਟਹਿਰੇ ਵਿਚ ਖੜ੍ਹਾ ਕਰ ਰਹੀ ਹੈ ਅਤੇ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਅਪਰਾਧਕ ਗਿਰੋਹਾਂ ਦੀ ਵਰਤੋਂ ਬਾਰੇ ਸਾਫ਼ ਤੌਰ 'ਤੇ ਦੱਸਿਆ ਗਿਆ ਹੈ। ਅਜਿਹੇ ਵਿਚ ਜੀ-7 ਸੰਮੇਲਨ ਦੌਰਾਨ ਹੋਈ ਮੁਲਾਕਾਤ ਬੇਮਤਲਬ ਮਹਿਸੂਸ ਹੁੰਦੀ ਹੈ।

## ਕੈਨੇਡਾ ਕਰਨ ਜਾ...

ਇਸ ਲਈ ਅਸੀਂ ਜ਼ਮਾਨਤ ਅਤੇ ਸਜ਼ਾ ਦੇ ਦਿਸ਼ਾ-ਨਿਰਦੇਸ਼ਾਂ ਨੂੰ ਸਖ਼ਤ ਬਣਾਉਣ ਲਈ ਪਤਝੜ ਵਿੱਚ ਇਸ ਕਾਨੂੰਨ ਨੂੰ ਪੇਸ਼ ਕਰਨ ਜਾ ਰਹੇ ਹਾਂ।

ਪਰ ਇਹਨਾਂ ਤਬਦੀਲੀਆਂ ਦਾ ਸਾਰਥਕ ਪ੍ਰਭਾਵ ਪਾਉਣ ਲਈ, ਸੂਬਿਆਂ ਨੂੰ ਵੀ ਆਪਣਾ ਹਿੱਸਾ ਪਾਉਣ ਦੀ ਲੋੜ ਹੈ। ਸੂਬਿਆਂ ਨੂੰ ਜ਼ਮਾਨਤ ਅਦਾਲਤਾਂ, ਜੇਲ੍ਹਾਂ ਅਤੇ ਕਰਾਊਨ ਪ੍ਰੋਸੀਕਿਊਟਰ ਦਫਤਰਾਂ ਦਾ ਪ੍ਰਬੰਧਨ ਕਰਨ ਲਈ ਜ਼ਿੰਮੇਵਾਰ ਹਨ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਕੋਲ ਢੁਕਵਾਂ ਫੰਡ ਹੋਵੇ ਤਾਂ ਜੋ ਜੇਲ੍ਹਾਂ ਵਿੱਚ ਜਗ੍ਹਾ ਹੋਵੇ ਅਤੇ ਕਰਾਊਨ ਪ੍ਰੋਸੀਕਿਊਟਰਾਂ ਕੋਲ ਜ਼ਮਾਨਤ ਦੀਆਂ ਸੁਣਵਾਈਆਂ ਲੜਨ ਲਈ ਸਰੋਤ ਹੋਣ।

ਮੈਨੂੰ ਸਪੱਸ਼ਟ ਕਰਨਾ ਚਾਹੀਦਾ ਹੈ: ਮਾਰਕ ਕਾਰਨੀ ਦੀ ਅਗਵਾਈ ਹੇਠ, ਸੰਘੀ ਸਰਕਾਰ ਸੂਬਿਆਂ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੈ ਤਾਂ ਜੋ ਪਾੜੇ ਨੂੰ ਪੂਰਾ ਕੀਤਾ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੀ ਅਪਰਾਧਿਕ ਨਿਆਂ ਪ੍ਰਣਾਲੀ ਸਹੀ ਢੰਗ ਨਾਲ ਕੰਮ ਕਰੇ। ਹਿੰਸਕ ਅਪਰਾਧੀਆਂ ਨੂੰ ਸਲਾਖਾਂ ਪਿੱਛੇ ਹੋਣਾ ਚਾਹੀਦਾ ਹੈ। ਲੋਕਾਂ ਨੂੰ ਆਪਣੇ ਘਰਾਂ ਵਿੱਚ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਹੈ।

## ਨਾਟੋ ਮੁਖੀ ਨੇ ਟਰੰਪ...

ਅਤੇ ਈਰਾਨ ਪ੍ਰਤੀ ਸਖ਼ਤ ਰੁਖ਼ ਅਪਣਾਇਆ ਅਤੇ ਜੰਗਬੰਦੀ ਦੀ ਉਲੰਘਣਾ 'ਤੇ ਨਾਰਾਜ਼ਗੀ ਪ੍ਰਗਟ ਕੀਤੀ। ਟਰੰਪ ਨੇ ਕਿਹਾ ਸੀ, "ਇਨ੍ਹਾਂ ਲੋਕਾਂ ਨੂੰ ਸ਼ਾਂਤ ਹੋਣਾ ਪਵੇਗਾ, ਇਹ ਹਾਸੋਹੀਣਾ ਹੈ। ਮੈਨੂੰ ਉਹ ਬਿਲਕੁਲ ਵੀ ਪਸੰਦ ਨਹੀਂ ਆਇਆ ਜੋ ਮੈਂ ਦੇਖਿਆ, ਨਾ ਇਜ਼ਰਾਈਲੀ ਹਮਲਾ ਅਤੇ ਨਾ ਹੀ ਈਰਾਨ ਦਾ ਬਦਲਾ।"

ਟਰੰਪ ਨੇ ਕਿਹਾ, ਮੈਂ ਦੇਖਿਆ ਕਿ ਜਿਵੇਂ ਹੀ ਅਸੀਂ ਸਮਝੌਤੇ 'ਤੇ ਦਸਤਖ਼ਤ ਕੀਤੇ, ਇਜ਼ਰਾਈਲ ਨੇ ਸਭ ਤੋਂ ਵੱਡਾ ਹਮਲਾ ਸ਼ੁਰੂ ਕਰ ਦਿੱਤਾ। ਪਹਿਲਾਂ ਕਦੇ ਨਹੀਂ ਹੋਇਆ। ਮੈਨੂੰ ਇਹ ਬਿਲਕੁਲ ਵੀ ਪਸੰਦ ਨਹੀਂ ਆਇਆ। ਮੈਂ ਈਰਾਨ ਤੋਂ ਵੀ ਖ਼ੁਸ਼ ਨਹੀਂ ਹਾਂ। ਅਸੀਂ ਉਨ੍ਹਾਂ ਨੂੰ 12 ਘੰਟੇ ਦਿੱਤੇ ਸਨ, ਪਰ ਉਨ੍ਹਾਂ ਨੇ ਸਿਰਫ਼ ਇੱਕ ਘੰਟੇ ਵਿੱਚ ਸਭ ਕੁਝ ਖ਼ਤਮ ਕਰ ਦਿੱਤਾ।

## ਕੈਨੇਡਾ ਦੇ ਪ੍ਰਧਾਨ ਮੰਤਰੀ...

ਨੂੰ ਸੁਰੱਖਿਅਤ ਰੱਖਣ ਦੀ ਸਾਡੀ ਪ੍ਰਤੀਬੱਧਤਾ ਦੀ ਇੱਕ ਗੰਭੀਰ ਯਾਦ ਦਿਵਾਉਂਦਾ ਹੈ।' ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਐਕਸ 'ਤੇ ਲਿਖਿਆ, 'ਇਹ ਅਤਿਵਾਦੀ ਹਮਲਾ ਸਾਡੇ ਦੇਸ਼ ਦੇ ਇਤਿਹਾਸ 'ਚ ਸਭ ਤੋਂ ਘਾਤਕ ਹੈ, ਜਿਸ ਨੂੰ ਕਦੀ ਭੁੱਲਣਾ ਨਹੀਂ ਚਾਹੀਦਾ। ਅਸੀਂ ਪੀੜਤਾਂ ਨੂੰ ਯਾਦ ਕਰਦੇ ਹਾਂ ਅਤੇ ਸਾਡੀ ਹਮਦਰਦੀ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਹੈ, ਜਿਨ੍ਹਾਂ ਦਹਾਕਿਆਂ ਤੱਕ ਸੋਗ ਮਨਾਇਆ ਹੈ।' ਉਨ੍ਹਾਂ ਕਿਹਾ, 'ਕੈਨੇਡਾ ਅਤਿਵਾਦ ਤੇ ਹਿੰਸਕ ਕੱਟੜਵਾਦ ਦੇ ਖਤਰਿਆਂ ਦਾ ਪਤਾ ਲਾਉਣ, ਰੋਕਣ ਅਤੇ ਉਨ੍ਹਾਂ ਦਾ ਜਵਾਬ ਦੇਣ ਲਈ ਆਪਣੇ ਸਹਿਯੋਗੀਆਂ ਤੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ।'

## ਬਿਕਰਮ ਮਜੀਠੀਆ...

ਨੇ ਇਸ ਛਾਪੇਮਾਰੀ ਸਬੰਧੀ ਇੱਕ ਵੀਡੀਓ ਜਾਰੀ ਕੀਤੀ ਹੈ, ਜਿਸ ਵਿੱਚ ਉਹ ਅਧਿਕਾਰੀਆਂ ਨਾਲ ਬਹਿਸ ਕਰਦੇ ਦਿਖਾਈ ਦੇ ਰਹੇ ਹਨ। ਮਜੀਠੀਆ ਅਤੇ ਉਨ੍ਹਾਂ ਦੀ ਪਤਨੀ ਗਨੀਵ ਕੌਰ ਵੱਲੋਂ ਰੇਡ ਦਾ ਵਿਰੋਧ ਵੀ ਕੀਤਾ ਗਿਆ। ਗਨੀਵ ਨੇ ਕਿਹਾ ਕਿ ਵਿਜੀਲੈਂਸ ਅਧਿਕਾਰੀ ਜ਼ਬਰਦਸਤੀ ਉਨ੍ਹਾਂ ਦੇ ਘਰ ਵਿੱਚ ਦਾਖਲ ਹੋਏ ਅਤੇ ਉਨ੍ਹਾਂ ਨੂੰ ਧੱਕਾ ਦਿੱਤਾ ਅਤੇ ਧੱਕਾ ਵੀ ਦਿੱਤਾ।

ਬਿਕਰਮ ਮਜੀਠੀਆ ਦੇ ਅੰਮ੍ਰਿਤਸਰ ਅਤੇ ਚੰਡੀਗੜ੍ਹ ਰਿਹਾਇਸ਼ ਵਿਖੇ ਹੋਈ ਰੇਡ ਮਗਰੋਂ ਅਰਸ਼ਦੀਪ ਕਲੇਰ ਨੇ ਕਿਹਾ ਕਿ ਮਜੀਠੀਆ ਦੀ ਰਿਹਾਇਸ਼ 'ਤੇ ਬਿਨ੍ਹਾਂ ਸਰਚ ਵਾਰੰਟ ਤੋਂ ਛਾਪੇਮਾਰੀ ਕੀਤੀ ਗਈ ਹੈ। ਉਨ੍ਹਾਂ ਦੀ ਚੰਡੀਗੜ੍ਹ ਰਿਹਾਇਸ਼ ਵਿੱਚ 20 ਮੁਲਾਜ਼ਮ ਬਿਨ੍ਹਾਂ ਵਰਦੀ ਤੋਂ ਦਾਖਲ ਹੋਏ। ਅਸੀਂ ਇਹ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਾਂਗੇ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਨਾ ਤਾਂ ਧੱਕੇਸ਼ਾਹੀ ਤੋਂ ਡਰੇ ਸੀ ਤੇ ਨਾ ਹੀ ਡਰਾਂਗੇ। ਸ਼੍ਰੋਮਣੀ ਅਕਾਲੀ ਦਲ ਇਸੇ ਤਰ੍ਹਾਂ ਪੰਜਾਬ ਦੇ ਮੁੱਦੇ ਚੁੱਕਦਾ ਰਹੇਗਾ। ਅਜਿਹੀਆਂ ਰੇਡਾਂ ਨਾਲ ਇਹ ਸਾਨੂੰ ਡਰਾ ਨਹੀਂ ਸਕਦੇ।

ਬਿਕਰਮ ਮਜੀਠੀਆ ਨੇ ਕਿਹਾ ਕਿ- ਇਹ ਮੈਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਹੈ, ਕੱਲ੍ਹ ਰਾਤ ਮੇਰੇ 'ਤੇ ਵਿਜੀਲੈਂਸ ਦਾ ਪਰਚਾ ਦਰਜ ਕੀਤਾ ਗਿਆ। 50 ਤੋਂ ਵੱਧ ਬੰਦਿਆਂ ਨੇ ਮੇਰੇ ਘਰ 'ਤੇ ਧਾਵਾ ਬੋਲਿਆ, ਅਧਿਕਾਰੀ ਧੱਕੇ ਨਾਲ ਮੇਰੇ ਘਰ ਦੇ ਅੰਦਰ ਵੜੇ। ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਮੇਰੇ ਖਿਲਾਫ ਝੂਠਾ ਕੇਸ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜਿੰਨੇ ਮਰਜ਼ੀ ਪਰਚੇ ਦੇ ਦਿਓ, ਮੈਂ ਡਰਨ ਵਾਲਾ ਨਹੀਂ। ਮੈਂ ਪੰਜਾਬ ਦੇ ਮੁੱਦਿਆਂ ਦੀ ਹਮੇਸ਼ਾ ਗੱਲ ਕੀਤੀ ਹੈ ਤੇ ਅੱਗੇ ਵੀ ਕਰਾਂਗਾ। ਅਸੀਂ ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਲੜਾਈ ਲੜਾਂਗੇ, ਮੈਨੂੰ ਅਕਾਲ ਪੁਰਖ਼, ਗੁਰੂ ਸਾਹਿਬ 'ਤੇ ਪੂਰਨ ਹੈ ਭਰੋਸਾ ਅੰਤ ਦੇ ਵਿੱਚ ਜਿੱਤ ਸੱਚ ਦੀ ਹੀ ਹੋਵੇਗੀ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE?
WE'LL ARRANGE IT FOR YOU
NO MATTER WHAT YOUR REASON IS!
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installat on
CAT Batteries 1000c Under Warranty
$550
Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
open 7 Days a Week.

# 'ਆਮਦਨ 'ਚ 540 ਕਰੋੜ ਤੋਂ ਵੱਧ ਦਾ ਵਾਧਾ', ਮਜੀਠੀਆ ਦੀ ਗ੍ਰਿਫ਼ਤਾਰੀ 'ਤੇ ਵਿਜੀਲੈਂਸ ਦਾ ਬਿਆਨ



ਚੰਡੀਗੜ੍ਹ : ਵੱਡੇ ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਅੱਜ ਵਿਜੀਲੈਂਸ ਵੱਲੋਂ ਹਿਰਾਸਤ ਵਿਚ ਲੈ ਲਿਆ ਗਿਆ। ਇਸ ਨੂੰ ਲੈ ਕੇ ਵਿਜੀਲੈਂਸ ਬਿਊਰੋ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਵੱਡੀ ਮਨੀ ਲਾਂਡਰਿੰਗ ਦੇ ਨਾਲ ਇਸ ਕੇਸ ਵਿੱਚ 540 ਕਰੋੜ ਰੁਪਏ ਤੋਂ ਵੱਧ ਦੀ ਡਰੱਗ ਮਨੀ ਦਾ ਕਈ ਗੈਰ-ਕਾਨੂੰਨੀ ਤਰੀਕਿਆਂ ਨਾਲ ਲੈਣ-ਦੇਣ ਕੀਤਾ ਗਿਆ।

ਵਿਜੀਲੈਂਸ ਮੁਤਾਬਕ ਬਿਕਰਮ ਸਿੰਘ ਮਜੀਠੀਆ ਦੇ ਕੰਟਰੋਲ ਵਾਲੀਆਂ ਕੰਪਨੀਆਂ ਦੇ ਬੈਂਕ ਖਾਤਿਆਂ ਵਿੱਚ 161 ਕਰੋੜ ਰੁਪਏ ਦੀ ਵੱਡੀ ਬੇਹਿਸਾਬੀ ਨਕਦੀ ਜਮ੍ਹਾ ਹੈ। ਇਸ ਦੇ ਨਾਲ ਹੀ ਸ਼ੱਕੀ ਵਿਦੇਸ਼ੀ ਸੰਸਥਾਵਾਂ ਰਾਹੀਂ 141 ਕਰੋੜ ਰੁਪਏ ਦਾ ਲੈਣ-ਦੇਣ, ਕੰਪਨੀ ਦੇ ਵਿੱਤੀ ਵੇਰਵਿਆਂ (ਸਟੇਟਮੈਂਟਾਂ) ਵਿੱਚ ਬਿਨਾਂ ਕਿਸੇ ਜਾਣਕਾਰੀ/ ਸਪੱਸ਼ਟੀਕਰਨ ਦੇ 236 ਕਰੋੜ ਰੁਪਏ ਦੀ ਵਾਧੂ ਜਮ੍ਹਾਂ ਰਾਸ਼ੀ ਅਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਆਮਦਨ ਦੇ ਕਿਸੇ ਜਾਇਜ਼ ਸਰੋਤ ਤੋਂ ਬਿਨਾਂ ਚੱਲ/ਅਚੱਲ ਜਾਇਦਾਦ ਦੀ ਪ੍ਰਾਪਰਟੀ ਸ਼ਾਮਲ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਮੁਤਾਬਕ ਐਸਆਈਟੀ ਵੱਲੋਂ 22 ਵਿਅਕਤੀਆਂ ਦੇ ਟਿਕਾਣਿਆਂ ਅਤੇ ਵਿਜੀਲੈਂਸ ਬਿਊਰੋ ਵੱਲੋਂ 3 ਥਾਵਾਂ 'ਤੇ ਤਲਾਸ਼ੀ ਅਤੇ ਬਰਾਮਦਗੀ ਦੀਆਂ ਦੀਆਂ ਕਾਰਵਾਈਆਂ ਕੀਤੀਆਂ ਗਈਆਂ ਜਿਸ ਵਿੱਚ 30 ਤੋਂ ਵੱਧ ਮੋਬਾਈਲ ਫੋਨ, 5 ਲੈਪਟਾਪ, 3 ਆਈਪੈਡ, 2 ਡੈਸਕਟਾਪ, ਕਈ ਡਾਇਰੀਆਂ, ਸੰਪਤੀ ਦੇ ਕਈ ਦਸਤਾਵੇਜ਼ ਅਤੇ ਸਰਾਇਆ ਇੰਡਸਟਰੀਜ਼ ਨਾਲ ਸਬੰਧਤ ਕਈ ਦਸਤਾਵੇਜ਼ ਮਿਲੇ ਹਨ। ਬੁਲਾਰੇ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਬਿਊਰੋ ਵੱਲੋਂ ਕਾਨੂੰਨ ਮੁਤਾਬਕ ਢੁਕਵੀਂ ਪ੍ਰਕਿਰਿਆ ਦੀ ਪਾਲਣਾ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

## ਬਿਕਰਮ ਮਜੀਠੀਆ ਦੇ ਹੱਕ 'ਚ ਆਏ ਸੁਖਬੀਰ ਬਾਦਲ

### ਕਿਹਾ- "ਮਜੀਠੀਆ ਨਾਲ ਡਟ ਕੇ ਖੜ੍ਹਾ ਹੈ ਸ਼੍ਰੋਮਣੀ ਅਕਾਲੀ ਦਲ"



ਬਿਕਰਮ ਮਜੀਠੀਆ ਦੀ ਅੰਮ੍ਰਿਤਸਰ ਵਿਖੇ ਗ੍ਰੀਨ ਐਵੇਨਿਊ ਵਿਚ ਸਥਿਤ ਰਿਹਾਇਸ਼ ਅਤੇ ਚੰਡੀਗੜ੍ਹ ਦੇ ਸੈਕਟਰ -4 ਦੀ ਰਿਹਾਇਸ ਵਿਖੇ ਵਿਜੀਲੈਂਸ ਦੀ ਟੀਮ ਵਲੋਂ ਛਾਪਾ ਮਾਰਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਿਕਰਮ ਮਜੀਠੀਆ ਦੇ ਹੱਕ 'ਚ ਆਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਮਜੀਠੀਆ ਨਾਲ ਡਟ ਕੇ ਖੜ੍ਹਾ ਹੈ।

ਸੁਖਬੀਰ ਬਾਦਲ ਨੇ ਟਵੀਟ ਕਰ ਕਿਹਾ ਕਿ ਅਕਾਲੀ ਦਲ ਬਿਕਰਮ ਸਿੰਘ ਮਜੀਠੀਆ ਦੇ ਨਾਲ ਡਟ ਕੇ ਖੜ੍ਹਾ ਹੈ। ਅਸੀਂ ਮਜੀਠੀਆ ਅਤੇ ਹੋਰ ਅਕਾਲੀ ਆਗੂਆਂ ਵਲੋਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀਆਂ ਬੇਰਹਿਮ ਕੋਸ਼ਿਸ਼ਾਂ ਤੋਂ ਡਰਨ ਵਾਲੇ ਨਹੀਂ ਹਾਂ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਅਕਾਲੀ ਲੀਡਰਸ਼ਿਪ ਵਿਰੁੱਧ ਰਾਜਨੀਤਿਕ ਬਦਲਾਖੋਰੀ ਸ਼ੁਰੂ ਕੀਤੀ ਗਈ ਹੈ। ਅਸੀਂ ਇਸ ਦਾ ਡਟ ਕੇ ਮੁਕਾਬਲਾ ਕਰਾਂਗੇ।

ਉਨ੍ਹਾਂ ਅੱਗੇ ਕਿਹਾ ਕਿ ਝੂਠੇ ਮਾਮਲੇ ਦਰਜ ਕਰਨਾ ਇਕ ਅਪਰਾਧਿਕ ਕਾਰਵਾਈ ਹੈ। ਅਧਿਕਾਰੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਸਰਕਾਰ ਦੇ ਕਾਰਜਕਾਲ ਦੌਰਾਨ ਕੀਤੇ ਗਏ ਅਜਿਹੇ ਸਾਰੇ ਝੂਠੇ ਮਾਮਲਿਆਂ ਅਤੇ ਦਮਨ ਦੀਆਂ ਕਾਰਵਾਈਆਂ ਦੀ ਜਾਂਚ ਯਕੀਨੀ ਤੌਰ 'ਤੇ ਢੁਕਵੇਂ ਸਮੇਂ 'ਤੇ ਕੀਤੀ ਜਾਵੇਗੀ। ਮੈਂ ਪੁਲਿਸ ਮੁਲਾਜ਼ਮਾਂ ਨੂੰ ਤਾਕੀਦ ਕਰਦਾ ਹਾਂ ਕਿ ਕਾਨੂੰਨ ਨਾ ਤੋੜਨ, ਕਿਉਂਕਿ ਗਾਰਡ ਬਦਲਣ ਵਿਚ ਸਿਰਫ ਡੇਢ ਸਾਲ ਬਾਕੀ ਹੈ।

## ਬਿਕਰਮ ਮਜੀਠੀਆ ਖਿਲਾਫ਼ FIR ਦੀ ਕਾਪੀ ਆਈ ਸਾਹਮਣੇ

### ਤੜਕੇ ਪੌਣੇ 5 ਵਜੇ ਹੋਇਆ ਮਾਮਲਾ ਦਰਜ



ਬੁੱਧਵਾਰ ਸਵੇਰੇ ਵਿਜੀਲੈਂਸ ਦੀ ਟੀਮ ਅਕਾਲੀ ਆਗੂ ਬਿਕਰਮ ਮਜੀਠੀਆ ਦੇ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਗ੍ਰੀਨ ਐਵੇਨਿਊ ਸਥਿਤ ਘਰ ਪਹੁੰਚੀ। ਛਾਪੇਮਾਰੀ ਮਗਰੋਂ ਵਿਜੀਲੈਂਸ ਦੀ ਟੀਮ ਬਿਕਰਮ ਸਿੰਘ ਮਜੀਠੀਆ ਨੂੰ ਹਿਰਾਸਤ ਵਿਚ ਲੈ ਕੇ ਆਪਣੇ ਨਾਲ ਲੈ ਗਈ ਹੈ। ਬਿਕਰਮ ਮਜੀਠੀਆ ਖਿਲਾਫ਼ ਦਰਜ ਕੀਤੀ ਗਈ FIR ਦੀ ਕਾਪੀ ਸਾਹਮਣੇ ਆਈ ਗਈ ਹੈ। ਮਜੀਠੀਆ ਖਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕੀਤਾ ਗਿਆ ਹੈ। ਇਹ FIR ਸਵੇਰੇ 4:40 ਵਜੇ ਮੋਹਾਲੀ ਵਿਚ ਦਰਜ ਕੀਤਾ ਗਿਆ ਹੈ। FIR 'ਚ ਮਜੀਠੀਆ ਦੀ ਪਤਨੀ ਗੁਨੀਵ ਕੌਰ ਮਜੀਠੀਆ ਦੀ ਜਾਇਦਾਦ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਰੇਡ ਦੌਰਾਨ ਵਿਜੀਲੈਂਸ ਨੇ ਕਈ ਦਸਤਾਵੇਜ਼, ਮੋਬਾਈਲ ਫੋਨ, ਲੈਪਟਾਪ ਆਦਿ ਵੀ ਕਬਜ਼ੇ ਵਿੱਚ ਲਏ। ਰੇਡ ਦੌਰਾਨ ਵਿਜੀਲੈਂਸ ਟੀਮ ਵੱਲੋਂ ਘਰ ਵਿਚ ਦਾਖਲ ਹੋਣ 'ਤੇ ਮਜੀਠੀਆ ਦੀ ਪਤਨੀ ਗੁਨੀਵ ਕੌਰ ਨੇ ਗੁੱਸਾ ਜਤਾਉਂਦਿਆਂ ਕਿਹਾ ਕਿ ਵਿਜੀਲੈਂਸ ਅਧਿਕਾਰੀ ਬਿਨਾਂ ਸੂਚਨਾ ਦੇ ਘਰ ਅੰਦਰ ਵੜ ਆਏ। ਉਨ੍ਹਾਂ ਕਿਹਾ ਕਿ ਸਾਡੇ ਘਰ 'ਚ ਕੁਝ ਵੀ ਪਲਾਂਟ ਕੀਤਾ ਜਾ ਸਕਦਾ ਸੀ। ਇਹ ਸਿਰਫ ਡਰਾਉਣ ਦੀ ਕੋਸ਼ਿਸ਼ ਹੈ। ਉਥੇ ਹੀ ਮਜੀਠੀਆ ਨੇ ਕਿਹਾ ਕਿ ਸਾਰੀ ਕਾਰਵਾਈ ਰਾਜਨੀਤਿਕ ਬਦਲੇ ਦੀ ਭਾਵਨਾ ਨਾਲ ਕੀਤੀ ਜਾ ਰਹੀ ਹੈ।

ਦੂਜੇ ਪਾਸੇ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਨ ਤੋਂ ਬਾਅਦ ਵਿਜੀਲੈਂਸ ਟੀਮ ਮਜੀਠੀਆ ਨੂੰ ਮੋਹਾਲੀ ਲੈ ਗਈ, ਜਿੱਥੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਦੌਰਾਨ, ਅਕਾਲੀ ਦਲ ਦੇ ਆਗੂ ਅਤੇ ਸਮਰਥਕ ਅਦਾਲਤ ਦੇ ਬਾਹਰ ਪਹੁੰਚਣੇ ਸ਼ੁਰੂ ਹੋ ਗਏ ਹਨ, ਵਰਕਰ ਇੱਥੇ ਨਾਅਰੇਬਾਜ਼ੀ ਕਰ ਰਹੇ ਹਨ।

## ਬਿਕਰਮ ਮਜੀਠੀਆ 'ਤੇ ਵਿਜੀਲੈਂਸ ਦੀ ਕਾਰਵਾਈ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿ.ਹਰਪ੍ਰੀਤ ਸਿੰਘ ਦੇ ਵੱਲੋਂ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਸ਼ਰਮਨਾਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜੇ ਮਜੀਠੀਆ ਦੀ ਗ੍ਰਿਫ਼ਾਤਰੀ ਬਿਨਾ ਕਿਸੇ ਠੋਸ ਸਬੂਤ ਤੋਂ ਕੀਤੀ ਹੈ ਉਹ ਨੈਤਿਕ ਤੌਰ ਤੇ ਸ਼ਰਮਸ਼ਾਰ ਕਰਨ ਵਾਲੀ ਗਤੀਵਿਧੀ ਹੈ। ਆਪਣੀ ਫੇਸਬੁੱਕ ਪੋਸਟ ਵਿੱਚ ਗਿ.ਹਰਪ੍ਰੀਤ ਸਿੰਘ ਲਿਖਦੇ ਹਨ ਕਿ- ਮੈਂ ਬਦਲੇ ਦੀ ਭਾਵਨਾਂ ਨਾਲ ਕੀਤੀ ਕਿਸੇ ਵੀ ਕਾਰਵਾਈ ਨਾਲ ਸਹਿਮਤ ਨਹੀ।

**ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ-**

ਅਸੀਂ ਤਾਂ ਬਿਲਕੁਲ ਵੀ ਨਹੀ, ਕਿਉਂਕਿ ਅਜੇ ਕੁਝ ਮਹੀਨੇ ਪਹਿਲਾਂ ਦੋ ਦਸੰਬਰ ਦਾ ਹੁਕਮਨਾਮਾ, ਜਿਸ ਵਿੱਚ ਸੁਖਬੀਰ ਸਿੰਘ ਬਾਦਲ ਨੇ ਖੁਦ ਅਪਣੇ ਗੁਨਾਹ ਕਬੂਲ ਕੀਤੇ ਸਨ ਜਿਸ ਸਦਕਾ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਿਥੇ ਧਾਰਮਿਕ ਤਨਖ਼ਾਹ ਲਾਈ ਉੱਥੇ ਅਕਾਲੀ ਸਿਆਸਤ ਨੂੰ ਮਜਬੂਤ ਰੱਖਣ ਲਈ ਕੁਝ ਆਦੇਸ਼ ਦਿੱਤੇ। ਜਿੰਨਾਂ ਨੂੰ ਨਾ ਸਿਰਫ ਇੰਨ੍ਹਾਂ ਭਗੌੜੇ ਅਕਾਲੀਆਂ ਨੇ ਘੱਟੇ ਮਿੱਟੀ ਰੋਲਿਆ ਬਲਕਿ ਬਦਲੇ ਦੀ ਭਾਵਨਾ ਤਹਿਤ ਜਥੇਦਾਰਾਂ ਦੀ ਕਿਰਦਾਰਕੁਸ਼ੀ ਕਰਦਿਆਂ ਉੱਨਾਂ ਨੂੰ ਅਹੁਦਿਆਂ ਤੋਂ ਬਰਖਾਸਤ ਕਰ ਦਿੱਤਾ। ਇਹ ਸਰਾਸਰ ਬਦਲੇ ਦੀ ਭਾਵਨਾ ਤਹਿਤ ਸੀ। ਪੰਜਾਬੀ ਦਾ ਅਖਾਣ ਹੈ ਅਸੀਂ ਮਾਰੀਏ ਤਾਂ ਪੋਲੇ ਜੇ ਤੁਸੀਂ ਮਾਰੋ ਤਾਂ ਠੋਲੇ। ਜਾ ਬਾਣੀ ਦਾ ਫੁਰਮਾਨ ਹੈ- ਜੇਹਾ ਬੀਜੈ ਸੋ ਲੁਣੈ.........। ਗਿ.ਹਰਪ੍ਰੀਤ ਸਿੰਘ ਜਿੱਥੇ ਮਜੀਠੀਆ ਦੇ ਹੱਕ ਵਿੱਚ ਆਏ ਹਨ, ਉੱਥੇ ਹੀ ਅਕਾਲੀ ਦਲ ਦੇ ਲੀਡਰਾਂ ਤੇ ਵੀ ਵਰਦੇ ਨਜ਼ਰ ਆਏ ਹਨ।

# 'ਸਿਆਸੀ ਰਸੂਖ਼ ਵਾਲੇ ਨਸ਼ਾ ਤਸਕਰਾਂ ਨੂੰ ਵੀ ਨਹੀਂ ਛੱਡਾਂਗੇ': CM ਭਗਵੰਤ ਮਾਨ



ਚੰਡੀਗੜ੍ਹ : CM ਭਗਵੰਤ ਮਾਨ ਨੇ ਯੁੱਧ ਨਸ਼ਿਆਂ ਵਿਰੁਧ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਵਿਚ ਨਸ਼ਿਆਂ ਵਿਰੁਧ ਵੱਡੀ ਜੰਗ ਜਾਰੀ ਹੈ। ਪੰਜਾਬ ਦੇ ਕਈ ਪਿੰਡਾਂ ਵਿਚ ਪੰਚਾਇਤਾਂ ਵਲੋਂ ਨਸ਼ਿਆਂ ਵਿਰੁਧ ਮਤੇ ਪਾਏ ਜਾ ਰਹੇ ਹਨ। ਜਿਨ੍ਹਾਂ ਵਿਚ ਲੋਕ ਪਰਮ ਲੈਂਦੇ ਹਨ ਕਿ ਉਹ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਲਈ ਨਾ ਹੀ ਆਪਣੇ ਪਿੰਡਾਂ ਵਿਚ ਨਸ਼ਾ ਵਿਕਣ ਦੇਣਗੇ ਤੇ ਨਾ ਹੀ ਨਸ਼ਾ ਤਸਕਰਾਂ ਦਾ ਸਾਥ ਦੇਣਗੇ, ਇੱਥੋਂ ਤਕ ਕਿ ਜੇਕਰ ਕੋਈ ਨਸ਼ਾ ਵੇਚਦਾ ਫੜ੍ਹਿਆ ਗਿਆ ਤਾਂ ਉਸ ਦੀ ਜ਼ਮਾਨਤ ਦੇਣ ਵੀ ਕੋਕਈ ਨਹੀਂ ਜਾਵੇਗਾ। ਜੇਕਰ ਕੋਈ ਵਿਅਕਤੀ ਨਸ਼ਾ ਤਸਕਰਾਂ ਦਾ ਸਾਥ ਦੇਵੇਗਾ ਤਾਂ ਉਸ ਦਾ ਸਮਾਜਕ ਬਾਈਕਾਟ ਕੀਤਾ ਜਾਵੇਗਾ।

CM ਭਗਵੰਤ ਮਾਨ ਨੇ ਦੱਸਿਆ ਕਿ ਹੁਣ ਤਕ ਹਜ਼ਾਰਾਂ ਨਸ਼ਾ ਤਸਕਰ ਸਲਾਖ਼ਾਂ ਪਿੱਛੇ ਭੇਜੇ ਜਾ ਚੁੱਕੇ ਹਨ ਤੇ ਹੁਣ ਵੱਡੀਆਂ ਮੱਛੀਆਂ ਦੀ ਵਾਰੀ ਹੈ। ਮੁੱਖ ਮੰਤਰੀ ਭਗਵੰਤ ਮਾਨ ਇਹ ਪ੍ਰੈੱਸ ਕਾਨਫਰੰਸ ਮਜੀਠਿਆ ਦੀ ਗ੍ਰਿਫ਼ਤਾਰੀ ਦੇ ਸੰਦਰਭ ਵਿਚ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪਹਿਲਾਂ ਵੱਡੇ-ਵੱਡੇ ਸਿਆਸੀ ਆਗੂ ਸਰਕਾਰ ਉੱਤੇ ਦੋਸ਼ ਲਗਾਉਂਦੇ ਸਨ ਕਿ ਛੋਟੇ-ਛੋਟੇ ਤਸਕਰਾਂ ਵਿਰੁਧ ਕਾਰਵਾਈ ਹੋ ਰਹੀ ਹੈ ਪਰ ਅੱਜ ਜਦੋਂ ਵੱਡੀ ਮੱਛੀ ਨੂੰ ਹੱਥ ਪਾਇਆ ਗਿਆ ਤਾਂ ਸਾਰਿਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਇਹ ਸਿਆਸੀ ਆਗੂ ਮਜੀਠੀਆ ਦੇ ਹੱਕ ਵਿਚ ਬੋਲ ਰਹੇ ਹਨ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਇਹ ਵੀ ਉਸ ਦੇ ਨਾਲ ਰਲੇ ਹੋਏ ਹਨ।

ਮੁੱਖ ਮੰਤਰੀ ਨੇ ਸਾਰੇ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੱਤੀ ਕਿ ਕੋਈ ਕਿੰਨੇ ਵੀ ਰਸੂਖ਼ ਵਾਲਾ ਹੋਵੇ ਜਾਂ ਕਿਸੇ ਵੱਡੇ ਅਹੁਦੇ ਉੱਤੇ ਹੋਵੇ, ਜੇਕਰ ਉਹ ਨਸ਼ੇ ਦੇ ਕਾਰੋਬਾਰ ਵਿਚ ਲਿਪਤ ਪਾਇਆ ਗਿਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਉਨ੍ਹਾਂ ਕਿਹਾ ਕਿ ਛਾਪੇਮਾਰੀ ਤੋਂ ਪਹਿਲਾਂ ਜਿਹੜੇ ਪੁਲਿਸ ਮੁਲਾਜ਼ਮ ਨਸ਼ਾ ਤਸਕਰਾਂ ਨੂੰ ਜਾਣਕਾਰੀ ਦਿੰਦੇ ਸਨ, ਉਨ੍ਹਾਂ ਦੇ ਵੱਡੇ ਪੱਧਰ ਉੱਤੇ ਤਬਾਦਲੇ ਕੀਤੇ ਗਏ। ਉਨ੍ਹਾਂ ਕਿਹਾ ਕਿ ਅਸੀਂ ਪੱਕੇ ਪੈਰੀਂ, ਕਾਗ਼ਜ਼ ਪੂਰੇ ਕਰ ਕੇ ਕਾਰਵਾਈ ਕਰ ਰਹੇ ਹਾਂ। ਅਸੀਂ ਤੀਰ-ਤੁੱਕੇ ਨਾਲ ਕੰਮ ਨਹੀਂ ਕਰਦੇ। ਮਾਵਾਂ-ਭੈਣਾਂ ਦੀਆਂ ਚੁੰਨੀਆਂ ਚਿੱਟੀਆਂ ਕਰ ਕੇ ਆਪ ਤਿੰਨ-ਤਿੰਨ ਮੰਜ਼ਿਲ ਦੀਆਂ ਕੋਠੀਆਂ 'ਚ ਮਹਿਫ਼ਲਾਂ ਸਜਾਉਣ, ਇਹ ਬਰਦਾਸ਼ਤ ਨਹੀਂ ਕਰਾਂਗੇ।

ਜਿਨ੍ਹਾਂ ਨੇ ਨਸ਼ਿਆਂ ਦੀ ਕਾਲੀ ਕਮਾਈ ਨਾਲ ਕੋਠੀਆਂ ਬਣਾਈਆਂ ਸਨ ਉਨ੍ਹਾਂ ਕੋਠੀਆਂ ਨੂੰ ਬੁਲਡੋਜ਼ਰ ਨਾਲ ਢਹਿ-ਢੇਰੀ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਪਲਾਇਰਾਂ ਦੀ ਚੇਨ ਤੋੜਾਂਗੇ ਤੇ ਛੋਟੇ ਤਸਕਰ ਜਿਨ੍ਹਾਂ ਵੱਡੇ ਤਸਕਰਾਂ ਦੇ ਕਹਿਣ ਉੱਤੇ ਨਸ਼ਾ ਸਪਲਾਈ ਕਰਦੇ ਹਨ ਉਨ੍ਹਾਂ ਨੂੰ ਕਿਸੇ ਵੀ ਸਿਫ਼ਾਰਿਸ਼ ਉੱਤੇ ਛੱਡਿਆ ਨਹੀਂ ਜਾਵੇਗਾ। ਕਿਸੇ ਵੀ ਡਰੱਗ ਤਸਕਰ ਉੱਤੇ ਤਰਸ ਨਹੀਂ ਕੀਤਾ ਜਾਵੇਗਾ।

CM ਮਾਨ ਨੇ ਮਜੀਠੀਆ ਦੀ ਗ੍ਰਿਫ਼ਤਾਰੀ 'ਤੇ ਕਿਹਾ ਕਿ ਬੇਸ਼ੱਕ ਬੀਤੇ ਦਿਨ ਕਾਰਵਾਈ ਕੀਤੀ ਗਈ ਸੀ, ਪਰ ਜਿਸ ਤਰ੍ਹਾਂ ਵਿਰੋਧੀ ਧਿਰ ਨੂੰ ਉਨ੍ਹਾਂ ਦੇ ਨਾਲ ਖੜ੍ਹਾ ਦੇਖਿਆ ਗਿਆ, ਉਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਹ ਵੀ ਉਸ ਦੇ ਨਾਲ ਸ਼ਾਮਲ ਹਨ।

CM ਮਾਨ ਨੇ ਮਜੀਠੀਆ ਦੇ ਘਰੋਂ ਮਿਲੀਆਂ ਚੀਜ਼ਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਉਸ ਦੇ ਘਰੋਂ 29 ਮੋਬਾਈਲ, 4 ਲੈਪਟਾਪ ਤੇ ਕਈ ਡਾਇਰੀਆਂ ਆਦਿ ਮਿਲੀਆਂ ਹਨ। ਜਿਨ੍ਹਾਂ ਦੀ ਜਾਂਚ ਚਲ ਰਹੀ ਹੈ ਅਤੇ ਜਾਂਚ ਤੋਂ ਬਾਅਦ ਵਿਜੀਲੈਂਸ ਖ਼ੁਲਾਸਾ ਕਰੇਗੀ ਕਿ ਮਜੀਠੀਆ ਦੇ ਤਾਰ ਕਿੱਥੇ-ਕਿੱਥੇ ਜੁੜੇ ਹੋਏ ਸਨ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਮਾਨ ਉਨ੍ਹਾਂ ਆਪਣੇ ਘਰ ਵੱਡੀ ਦਲੇਰੀ ਨਾਲ ਰੱਖਿਆ ਹੋਇਆ ਸੀ ਕਿਉਂਕਿ ਉਸ ਨੂੰ ਲਗਦਾ ਸੀ ਕਿ ਵਿਜੀਲੈਂਸ ਉਸ ਦੇ ਘਰ ਨਹੀਂ ਆ ਸਕਦੀ।

ਉਨ੍ਹਾਂ ਮਜੀਠੀਆ ਉੱਤੇ ਪਹਿਲਾਂ ਤੋਂ ਦਰਜ ਮਾਮਲਿਆਂ ਬਾਰੇ ਦੱਸਿਆ ਕਿ 2021 ਦੀ ਇੱਕ ਹੋਰ ਐਫ਼ਆਈਆਰ ਹੈ, ਈਡੀ ਇਸ ਮਾਮਲੇ ਵਿੱਚ ਪਹਿਲਾਂ ਵੀ ਆਈ ਸੀ ਅਤੇ ਦੁਬਾਰਾ ਆ ਸਕਦੀ ਹੈ।

ਵਿਦੇਸ਼ਾਂ ਤੋਂ ਆਉਣ ਵਾਲੇ ਪੈਸੇ ਬਾਰੇ ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਨੂੰ ਰਿਮਾਂਡ 'ਤੇ ਲਵਾਂਗੇ ਅਤੇ ਇਸ ਵਿੱਚ ਬਹੁਤ ਕੁਝ ਸਾਹਮਣੇ ਆਵੇਗਾ। ਕਿਸੇ ਨੂੰ ਵੀ ਆਪਣੇ ਅਹੁਦੇ ਅਤੇ ਸ਼ਕਤੀ ਬਾਰੇ ਹੰਕਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਅਸੀਂ ਰੰਗਲਾ ਪੰਜਾਬ ਦਾ ਵਾਅਦਾ ਕੀਤਾ ਹੈ। ਜੇ ਕੋਈ ਮੈਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ, ਤਾਂ ਉਹ ਅਜਿਹਾ ਕਰ ਸਕਦਾ ਹੈ ਕਿਉਂਕਿ ਮੈਂ ਭਗਤ ਸਿੰਘ ਨਾਲੋਂ ਲੰਬੀ ਉਮਰ ਜੀ ਲਈ ਹੈ।

ਪੱਤਰਕਾਰਾਂ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਮਜੀਠੀਆ ਦੀ ਗ੍ਰਿਫ਼ਤਾਰੀ ਕੋਈ ਸਿਆਸੀ ਬਦਲਾਖ਼ੋਰੀ ਨਹੀਂ ਹੈ ਬਲਕਿ ਸਬੂਤਾਂ ਦੇ ਆਧਾਰ ਉੱਤੇ ਗ੍ਰਿਫ਼ਤਾਰੀ ਹੋਈ ਹੈ। ਵਿਰੋਧੀਆਂ ਵਲੋਂ ਇਸ ਮਾਮਲੇ ਉੱਤੇ ਇਕਜੁਟ ਹੋਣ ਬਾਰੇ ਉਨ੍ਹਾਂ ਕਿਹਾ ਕਿ ਇੱਥੋਂ ਪਤਾ ਲਗਦਾ ਹੈ ਕਿ ਸਾਰੇ 'ਆਪ' ਵਿਰੁਧ ਖੜ੍ਹੇ ਹੋ ਗਏ ਹਨ।

# ਕੀ ਮਜੀਠੀਆ ਦੱਸਣਗੇ ਕਿ 500 ਕਰੋੜ ਦੀ ਬੇਹਿਸਾਬ ਦੌਲਤ ਨਸ਼ਿਆਂ ਦੇ ਕਾਲੇ ਕਾਰੋਬਾਰ ਤੋਂ ਕਮਾਈ ਹੈ? - ਹਰਪਾਲ ਚੀਮਾ



ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ 'ਤੇ ਆਮ ਆਦਮੀ ਪਾਰਟੀ (ਆਪ) ਨੇ ਕਿਹਾ ਕਿ 'ਆਪ' ਸਰਕਾਰ ਨਸ਼ਿਆਂ ਵਿਰੁੱਧ ਜੰਗ ਲੜ ਰਹੀ ਹੈ ਅਤੇ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ। ਜਿਸਨੇ ਵੀ ਗਲਤ ਕੀਤਾ ਹੈ, ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਮਾਮਲੇ 'ਤੇ ਮੀਡੀਆ ਨੂੰ ਸੰਬੋਧਨ ਕਰਦਿਆਂ 'ਆਪ' ਆਗੂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਇੱਕ ਬੇਮਿਸਾਲ ਜੰਗ ਚੱਲ ਰਹੀ ਹੈ। 'ਆਪ' ਸਰਕਾਰ ਉਨ੍ਹਾਂ ਲੋਕਾਂ ਵਿਰੁੱਧ ਲੜ ਰਹੀ ਹੈ ਜਿਨ੍ਹਾਂ ਨੇ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਦੇ ਰਾਜ ਦੌਰਾਨ ਦਹਾਕਿਆਂ ਤੱਕ ਨਸ਼ਿਆਂ ਦੇ ਕਾਰੋਬਾਰ ਤੋਂ ਮੁਨਾਫ਼ਾ ਕਮਾਇਆ। ਕੋਈ ਵਿਅਕਤੀ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਜੇਕਰ ਉਹ ਨਸ਼ਿਆਂ ਨਾਲ ਸਬੰਧਿਤ ਗਤੀਵਿਧੀਆਂ ਵਿੱਚ ਸ਼ਾਮਲ ਹੈ, ਤਾਂ ਉਸਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਹਰਪਾਲ ਚੀਮਾ ਨੇ ਕਿਹਾ ਕਿ ਨਸ਼ਿਆਂ ਦੀ ਲਤ ਅਤੇ ਅਪਰਾਧ ਦੀ ਸਮੱਸਿਆ ਤੋਂ ਤੰਗ ਆ ਕੇ ਪੰਜਾਬ ਦੇ ਲੋਕਾਂ ਨੇ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ, ਕਿਉਂਕਿ ਪੰਜਾਬ ਦੇ ਲੋਕਾਂ ਨੇ ਪਿਛਲੀਆਂ ਸਰਕਾਰਾਂ ਦੀਆਂ ਅਸਫਲਤਾਵਾਂ ਦੇਖੀਆਂ ਹਨ। ਸਾਡੀ ਸਰਕਾਰ ਨੇ ਇਹ ਲੜਾਈ ਇਸ ਲਈ ਸ਼ੁਰੂ ਕੀਤੀ ਹੈ ਤਾਂ ਜੋ ਕੋਈ ਵੀ ਨਸ਼ਾ ਤਸਕਰ, ਭਾਵੇਂ ਉਹ ਵੱਡਾ ਹੋਵੇ ਜਾਂ ਛੋਟਾ, ਇਨਸਾਫ਼ ਤੋਂ ਬਚ ਨਾ ਸਕੇ। ਇਹ ਲੜਾਈ ਪੰਜਾਬ ਦੇ ਭਵਿੱਖ ਲਈ ਹੈ।"

ਆਪ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨਸ਼ਿਆਂ ਵਿਰੁੱਧ ਸਰਕਾਰ ਦੀ ਮੁਹਿੰਮ ਵਿੱਚ ਰਾਜਨੀਤਿਕ ਬਦਲਾਖੋਰੀ ਦੇ ਦੋਸ਼ਾਂ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਾਰੀਆਂ ਕਾਰਵਾਈਆਂ ਸਬੂਤਾਂ ਅਤੇ ਕਾਨੂੰਨ ਦੀ ਢੁੱਕਵੀਂ ਪ੍ਰਕਿਰਿਆ ਦੇ ਆਧਾਰ 'ਤੇ ਕੀਤੀਆਂ ਜਾਂਦੀਆਂ ਹਨ। ਬਦਲਾਖੋਰੀ ਦੇ ਦਾਅਵੇ ਬੇਬੁਨਿਆਦ ਹਨ। ਜੇਕਰ ਵਿਜੀਲੈਂਸ ਜਾਂ ਪੁਲਿਸ ਨੂੰ ਕੋਈ ਸ਼ਿਕਾਇਤ ਮਿਲਦੀ ਹੈ, ਤਾਂ ਉਹ ਉਸ ਅਨੁਸਾਰ ਕਾਰਵਾਈ ਕਰਦੇ ਹਨ। ਕਾਨੂੰਨ ਆਪਣਾ ਕੰਮ ਸੁਤੰਤਰ ਤੌਰ 'ਤੇ ਕਰ ਰਿਹਾ ਹੈ। ਜੇਕਰ ਕੋਈ ਬੇਕਸੂਰ ਹੈ, ਤਾਂ ਉਸਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਜਾਂਚ ਏਜੰਸੀਆਂ ਰਾਜਨੀਤਿਕ ਬਦਲਾਖੋਰੀ ਲਈ ਕੋਈ ਕਾਰਵਾਈ ਨਹੀਂ ਕਰਦੀਆਂ ਸਗੋਂ ਇਨਸਾਫ਼ ਯਕੀਨੀ ਬਣਾਉਣ ਲਈ ਕਾਰਵਾਈ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਲਗਾਤਾਰ ਕਿਹਾ ਹੈ ਕਿ ਉਨ੍ਹਾਂ ਦੀਆਂ ਕਾਰਵਾਈਆਂ ਲੋਕਾਂ ਦੁਆਰਾ ਦਿੱਤੇ ਗਏ ਫਤਵੇ ਨੂੰ ਪੂਰਾ ਕਰਨ ਦੀ ਵਚਨਬੱਧਤਾ ਤੋਂ ਪ੍ਰੇਰਿਤ ਹਨ। ਇਹ ਕਾਰਵਾਈ ਵੀ ਰਾਜਨੀਤੀ ਲਈ ਨਹੀਂ ਸਗੋਂ ਨਸ਼ਿਆਂ ਦੀ ਦੁਰਵਰਤੋਂ ਦੇ ਦੋਸ਼ੀਆਂ ਨੂੰ ਫੜਨ ਲਈ ਹੈ। ਪੰਜਾਬ ਦੇ ਲੋਕਾਂ ਨੇ ਸਾਨੂੰ ਬਦਲਾਅ ਲਈ ਵੋਟ ਦਿੱਤੀ ਹੈ, ਇਸ ਲਈ ਅਸੀਂ ਸੂਬੇ ਵਿੱਚ ਸਾਲਾਂ ਤੋਂ ਚੱਲ ਰਹੀ ਨਸ਼ਿਆਂ ਦੀ ਸਮੱਸਿਆ ਨੂੰ ਖਤਮ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰ ਰਹੇ ਹਾਂ।

# ਹਿਮਾਚਲ ਪ੍ਰਦੇਸ਼ 'ਚ ਮੀਂਹ ਨਾਲ ਤਬਾਹੀ

## ਬੱਦਲ ਫਟਣ ਕਾਰਨ ਆਏ ਹੜ੍ਹ ਨਾਲ 2 ਲੋਕਾਂ ਦੀ ਮੌਤ, 20 ਰੁੜ੍ਹੇ



ਹਿਮਾਚਲ ਪ੍ਰਦੇਸ਼ ਵਿਚ ਮੀਂਹ ਨੇ ਭਾਰੀ ਤਬਾਹੀ ਮਚਾਈ। ਇਥੇ 3 ਜ਼ਿਲ੍ਹਿਆਂ ਕੁੱਲੂ, ਲਾਹੌਲ-ਸਪੀਤਿ ਤੇ ਕਾਂਗੜਾ ਦੇ ਨਾਲਿਆਂ ਵਿਚ ਹੜ੍ਹ ਆ ਗਿਆ ਤੇ 9 ਤੋਂ ਜ਼ਿਆਦਾ ਲੋਕ ਲਾਪਤਾ ਹੋ ਗਏ। 2 ਲੋਕਾਂ ਦੀ ਮੌਤ ਹੋ ਜਾਣ ਦੀ ਵੀ ਖਬਰ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਮੁਤਾਬਕ ਕਾਂਗੜਾ ਦੇ ਖਨਿਆਰਾ ਵਿਚ 6 ਤੋਂ ਵੱਧ ਤੇ ਕੁੱਲੂ ਵਿਚ ਸੈਂਜ ਦੇ ਰੈਲਾ ਬਿਹਾਲ ਵਿਚ 3 ਲੋਕ ਲਾਪਤਾ ਹਨ। ਪ੍ਰਸ਼ਾਸਨ ਨੂੰ ਖਦਸ਼ਾ ਹੈ ਕਿ ਇਨ੍ਹਾਂ ਦੀ ਗਿਣਤੀ 15 ਤੋਂ 20 ਤੱਕ ਵੀ ਹੋ ਸਕਦਾ ਹੈ। ਸਰਚ ਆਪ੍ਰੇਸ਼ਨ ਜਾਰੀ ਹੈ।

ਮੌਸਮ ਵਿਭਾਗ ਨੇ ਅੱਜ ਵੀ 10 ਜ਼ਿਲ੍ਹਿਆਂ ਬਿਲਾਸਪੁਰ, ਚੰਬਾ, ਹਮੀਰਪੁਰ, ਕਾਂਗੜਾ, ਕੁੱਲੂ, ਮੰਡੀ, ਸ਼ਿਮਲਾ, ਸਿਰਮੌਰ, ਸੋਲਨ ਤੇ ਊਨਾ ਵਿਚ ਭਾਰੀ ਮੀਂਹ ਦੀ ਚੇਤਾਵਨੀ ਦਿੱਤੀ ਹੈ ਨਾਲ ਹੀ ਐਡਵਾਇਜਰੀ ਜਾਰੀ ਕੀਤੀ ਹੈ ਕਿ ਲੋਕਲ ਤੇ ਟੂਰਿਸਟ ਨਦੀ ਨਾਲਿਆਂ ਤੇ ਲੈਂਡਸਲਾਈਡ ਸੰਭਾਵਿਤ ਖੇਤਰਾਂ ਵਿਚ ਨਾ ਜਾਣ। ਇਸ ਤੋਂ ਇਲਾਵਾ ਕੁੱਲੂ ਦੇ ਸੈਂਜ ਦੇ ਜੀਵਾ, ਨਾਲਾ, ਗੜਸਾ ਦੇ ਸ਼ਿਲਾਗੜ੍ਹ, ਮਨਾਲੀ ਦੇ ਸਨੋਅ ਗੈਲਰੀ ਤੇ ਬੰਜਾਰ ਦੇ ਹੋਨਰਗਾੜ ਕੋਲ ਬੱਦਲ ਫਟਣ ਨਾਲ ਬਹੁਤ ਤਬਾਹੀ ਹੋਈ। ਇਸ ਨਾਲ ਕੁੱਲੂ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿਚ 2000 ਤੋਂ ਵੱਧ ਟੂਰਿਸਟ ਫਸ ਗਏ। ਹਾਲਾਂਕਿ ਇਹ ਸਾਰੇ ਹੋਟਲਾਂ ਤੇ ਹੋਮ ਸਟੇਅ ਵਿਚ ਸੁਰੱਖਿਅਤ ਹਨ।

ਜ਼ਿਆਦਾਤਰ ਟੂਰਿਸਟ ਤੀਰਥਨ ਵੈਲੀ, ਸ਼ਾਂਘੜ, ਜੀਭੀ, ਸ਼ੋਜਾ, ਕਸੋਰ ਤੇ ਸੈਂਜ ਘਾਟੀ ਵਿਚ ਫਸੇ ਹਨ। ਇਨ੍ਹਾਂ ਖੇਤਰਾਂ ਨੂੰ ਜੋੜਨ ਵਾਲੀਆਂ ਸੜਕਾਂ ਭਾਰੀ ਮੀਂਹ ਦੇ ਬਾਅਦ ਰੁਕ ਗਈਆਂ ਹਨ। ਸੜਕਾਂ ਦੀ ਬਹਾਲੀ ਹੋਣ ਦੇ ਬਾਅਦ ਟੂਰਿਸਟ ਦੇ ਸਾਰੇ ਵ੍ਹੀਕਲ ਨੂੰ ਸੁਰੱਖਿਅਤ ਕੱਢਣ ਦੇ ਜ਼ਿਲ੍ਹਾ ਪ੍ਰਸ਼ਾਸਨ ਦਾਅਵੇ ਕਰ ਰਿਹਾ ਹੈ। ਭਾਰੀ ਮੀਂਹ ਦੇ ਬਾਅਦ ਇਨ੍ਹਾਂ ਖੇਤਰਾਂ ਵਿਚ 8 ਤੋਂ ਵੱਧ ਗੱਡੀਆਂ ਨਾਲੇ ਦੇ ਤੇਜ ਵਹਾਅ ਵਿਚ ਰੁੜ੍ਹ ਗਈਆਂ। ਮੀਂਹ ਵਿਚ ਇਕ ਸਕੂਲ, ਪਟਵਾਰ ਸਰਕਲ, ਇਕ ਗਊਸ਼ਾਲਾ, 4 ਘਰਾਂ, ਇਕ ਬਿਜਲੀ ਪ੍ਰਾਜੈਕਟ ਤੇ 10 ਤੋਂ ਵੱਧ ਛੋਟੇ-ਛੋਟੇ ਪੁਲਾਂ ਨੂੰ ਵੀ ਨੁਕਸਾਨ ਹੋਇਆ ਹੈ।

# ਕੈਨੇਡਾ 'ਚ ਪੰਜਾਬਣ 'ਤੇ ਚਾਕੂ ਨਾਲ ਹਮਲਾ

## ਲੁੱਟ ਦੀ ਨੀਅਤ ਨਾਲ ਦਿੱਤਾ ਵਾਰਦਾਤ ਨੂੰ ਅੰਜਾਮ



ਵਿਦੇਸ਼ਾਂ ਵਿਚ ਹਰ ਰੋਜ਼ ਅਣਸੁਖਾਵੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪੰਜਾਬੀਆਂ ਨਾਲ ਆਏ ਦਿਨ ਵੱਡੇ ਹਾਦਸੇ ਵਾਪਰ ਰਹੇ ਹਨ। ਤਾਜ਼ਾ ਮਾਮਲਾ ਕੈਨੇਡਾ ਤੋਂ ਸਾਹਮਣੇ ਆਇਆ ਹੈ। ਜਿਥੇ ਵਿਨੀਪੈਗ ਵਿੱਚ ਇੱਕ ਔਰਤ ਨੇ ਫ਼ਰੀਦਕੋਟ ਦੀ ਰਹਿਣ ਵਾਲੀ 23 ਸਾਲਾ ਪੰਜਾਬੀ ਕੁੜੀ 'ਤੇ ਚਾਕੂ ਮਾਰ ਕੇ ਉਸ ਦਾ ਫ਼ੋਨ ਲੁੱਟ ਲਿਆ। ਪੀੜਤਾ ਦੀ ਪਛਾਣ ਤਨਪ੍ਰੀਤ ਕੌਰ ਵਜੋਂ ਹੋਈ ਹੈ, ਜੋ ਕਿ ਫ਼ਰੀਦਕੋਟ ਜ਼ਿਲ੍ਹੇ ਦੀ ਰਹਿਣ ਵਾਲੀ ਹੈ। ਪੀੜਤਾ ਦੀ ਖੱਬੀ ਅੱਖ ਅਤੇ ਬਾਂਹ 'ਤੇ ਸੱਟਾਂ ਲੱਗੀਆਂ ਹਨ। ਪੀੜਤਾ ਨੂੰ ਜ਼ਖ਼ਮੀ ਹਾਲਤ ਵਿਚ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਕੈਨੇਡੀਅਨ ਪੁਲਿਸ ਨੇ ਹਮਲੇ ਦੇ ਸਬੰਧ ਵਿੱਚ ਇੱਕ 17 ਸਾਲਾ ਕੁੜੀ ਨੂੰ ਹਿਰਾਸਤ ਵਿੱਚ ਲਿਆ ਹੈ।

ਕੈਨੇਡੀਅਨ ਪੁਲਿਸ ਨੂੰ ਦਿੱਤੇ ਆਪਣੇ ਬਿਆਨ ਵਿੱਚ, ਤਨਪ੍ਰੀਤ ਨੇ ਕਿਹਾ ਕਿ ਹਮਲਾ ਉਸ ਸਮੇਂ ਹੋਇਆ ਜਦੋਂ ਉਹ ਐਤਵਾਰ ਅਤੇ ਸੋਮਵਾਰ ਦੀ ਦਰਮਿਆਨੀ ਰਾਤ ਨੂੰ ਕੰਮ ਤੋਂ ਘਰ ਵਾਪਸ ਜਾ ਰਹੀ ਸੀ, ਉਦੋਂ ਹੀ ਇੱਕ ਔਰਤ ਨੇ ਮੈਨੂੰ ਧੱਕਾ ਦਿੱਤਾ ਅਤੇ ਮੇਰਾ ਫ਼ੋਨ ਤੇ ਹੋਰ ਸਮਾਨ ਮੰਗਿਆ। ਇਸ ਤੋਂ ਬਾਅਦ ਉਸ ਨੇ ਮੇਰੇ 'ਤੇ ਚਾਕੂ ਨਾਲ ਹਮਲਾ ਕੀਤਾ।

ਤਨਪ੍ਰੀਤ ਨੇ ਕਿਹਾ ਕਿ ਮੈਂ 2021 ਵਿਚ ਕੈਨੇਡਾ ਆਈ ਸੀ ਅਤੇ ਹੁਣ ਵਰਕ ਪਰਮਿਟ 'ਤੇ ਹਾਂ। ਝਗੜੇ ਦੌਰਾਨ ਮੈਂ ਚਾਕੂ ਖੋਹਿਆ ਤੇ ਮੈਂ ਆਪਣਾ ਬਚਾਅ ਕਰਦੇ ਹੋਏ ਹਮਲਾਵਰ ਦੀ ਲੱਤ 'ਤੇ ਚਾਕੂ ਨਾਲ ਵਾਰ ਕੀਤਾ। ਪੁਲਿਸ ਨੇ ਆਲੇ-ਦੁਆਲੇ ਦੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਹਮਲੇ ਵਿੱਚ ਸ਼ਾਮਲ ਤਿੰਨ ਲੋਕਾਂ ਵਿੱਚੋਂ ਇੱਕ ਨੂੰ ਫੜ ਲਿਆ ਗਿਆ। ਵਿਨੀਪੈੱਗ ਪੁਲਿਸ ਨੇ ਜਾਰੀ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ, "ਪੀੜਤ ਨੂੰ ਚਾਕੂ ਮਾਰਿਆ ਗਿਆ ਅਤੇ ਉਸ ਸੈੱਲ ਫੋਨ ਲੁੱਟ ਲਿਆ ਗਿਆ। ਹਮਲੇ ਦੌਰਾਨ, ਪੀੜਤ ਲੜਕੀ ਨੇ ਹਮਲਾਵਰ ਦੇ ਚਾਕੂ ਨਾਲ ਵਾਰ ਕਰ ਕੇ ਆਪਣਾ ਬਚਾ ਕੀਤਾ।

# ਕਪੂਰਥਲਾ ਦਾ ਕਮਲਪ੍ਰੀਤ ਸਿੰਘ ਰਾਇਲ ਆਸਟ੍ਰੇਲੀਅਨ ਏਅਰ ਫੋਰਸ ਵਿੱਚ ਬਣਿਆ ਫਲਾਇੰਗ ਅਫ਼ਸਰ



ਪੰਜਾਬ ਦੇ ਕਪੂਰਥਲਾ ਦੇ ਰਹਿਣ ਵਾਲੇ ਕਮਲਪ੍ਰੀਤ ਸਿੰਘ ਨੂੰ ਰਾਇਲ ਆਸਟ੍ਰੇਲੀਅਨ ਏਅਰ ਫੋਰਸ ਵਿੱਚ ਫਲਾਇੰਗ ਅਫਸਰ (ਏਰੋਨਾਟਿਕਲ ਇੰਜੀਨੀਅਰ) ਵਜੋਂ ਕਮਿਸ਼ਨ ਦਿੱਤਾ ਗਿਆ ਹੈ।

ਕਪੂਰਥਲਾ ਦੇ ਸੈਂਟਰਲ ਅਤੇ ਆਰਮੀ ਸਕੂਲਾਂ ਦੇ ਸਾਬਕਾ ਵਿਦਿਆਰਥੀ ਅਤੇ ਜਲੰਧਰ ਦੇ ਡੇਵੀਏਟ ਤੋਂ ਇੰਜੀਨੀਅਰਿੰਗ ਗ੍ਰੈਜੂਏਟ, ਕਮਲਪ੍ਰੀਤ ਨੇ 2017 ਵਿੱਚ ਵਰਕ ਪਰਮਿਟ 'ਤੇ ਆਸਟ੍ਰੇਲੀਆ ਜਾਣ ਤੋਂ ਪਹਿਲਾਂ ਪੰਜਾਬ ਦੇ ਗੋਇੰਦਵਾਲ ਪਾਵਰ ਪਲਾਂਟ ਵਿੱਚ ਕੰਮ ਕੀਤਾ।

ਸੱਤ ਸਾਲਾਂ ਤੋਂ ਵੱਧ ਸਮੇਂ ਤੱਕ ਇੱਕ ਕੰਪਨੀ ਵਿੱਚ ਇੰਜੀਨੀਅਰ ਵਜੋਂ ਕੰਮ ਕਰਨ ਤੋਂ ਬਾਅਦ, ਉਸ ਨੇ ਲਗਭਗ ਦੋ ਸਾਲ ਪਹਿਲਾਂ ਸਥਾਈ ਨਿਵਾਸ ਅਤੇ ਆਸਟ੍ਰੇਲੀਆਈ ਨਾਗਰਿਕਤਾ ਪ੍ਰਾਪਤ ਕੀਤੀ। ਉਸ ਨੇ ਸੇਲ, ਵਿਕਟੋਰੀਆ ਵਿੱਚ ਅਫਸਰ ਟ੍ਰੇਨਿੰਗ ਸਕੂਲ ਵਿੱਚ ਸਖ਼ਤ ਸ਼ੁਰੂਆਤੀ ਅਫਸਰ ਕੋਰਸ ਪੂਰਾ ਕੀਤਾ ਅਤੇ ਪਿਛਲੇ ਹਫ਼ਤੇ ਆਸਟ੍ਰੇਲੀਆਈ ਫੌਜ ਵਿੱਚ ਅਫਸਰ ਦੀ ਭੂਮਿਕਾ ਲਈ ਯੋਗਤਾ ਪ੍ਰਾਪਤ ਕੀਤੀ।

ਕਮਲਪ੍ਰੀਤ ਸਿੰਘ ਨੇ ਕਿਹਾ, "ਇਹ ਕਮਿਸ਼ਨ ਸਾਡੇ ਪਰਿਵਾਰ ਵਿੱਚ ਫੌਜੀ ਸੇਵਾ ਦੀ ਮਾਣਮੱਤੀ ਪਰੰਪਰਾ ਨੂੰ ਜਾਰੀ ਰੱਖਦਾ ਹੈ। ਮੈਨੂੰ ਆਪਣੇ ਗੋਦ ਲਏ ਦੇਸ਼ ਦੀ ਸੁਰੱਖਿਆ ਅਤੇ ਸੁਰੱਖਿਆ ਵਿੱਚ ਸੇਵਾ ਕਰਨ ਅਤੇ ਯੋਗਦਾਨ ਪਾਉਣ ਦਾ ਮਾਣ ਪ੍ਰਾਪਤ ਹੈ।"

# 8 ਮਹੀਨੇ ਪਹਿਲਾਂ ਅਮਰੀਕਾ ਗਏ ਪੰਜਾਬੀ ਦੀ ਮੌਤ



ਅਮਰੀਕਾ ਤੋਂ ਦੁਖ਼ਦਾਈ ਖਬਰ ਸਾਹਮਣੇ ਆਈ ਹੈ। ਇਥੇ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਰਣਜੀਤ ਸਿੰਘ ਪੁੱਤਰ ਸਤਨਾਮ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਕਰੀਬ 8 ਮਹੀਨੇ ਪਹਿਲਾਂ ਹੀ ਵਿਦੇਸ਼ ਗਿਆ ਸੀ, ਜਿੱਥੇ ਜਾ ਕੇ ਉਸ ਨੂੰ ਕੈਂਸਰ ਦੀ ਬਿਮਾਰੀ ਨੇ ਘੇਰ ਲਿਆ, ਜਿਥੇ ਹਸਪਤਾਲ 'ਚ ਜ਼ੇਰੇ ਇਲਾਜ ਉਸ ਦੀ ਮੌਤ ਹੋ ਗਈ। ਮ੍ਰਿਤਕ ਕਪੂਰਥਲਾ ਦੇ ਬਲਾਕ ਨਡਾਲਾ ਦੇ ਪਿੰਡ ਤਲਵੰਡੀ ਪੁਰਦਲ ਨਾਲ ਸਬੰਧਿਤ ਸੀ।






# ਗਾਜ਼ਾ 'ਚ ਮਦਦ ਉਡੀਕ ਰਹੇ ਸੈਂਕੜੇ ਲੋਕਾਂ 'ਤੇ ਇਜ਼ਰਾਈਲ ਫ਼ੌਜ ਨੇ ਕੀਤੀ ਗੋਲੀਬਾਰੀ



ਇਜ਼ਰਾਈਲੀ ਫੌਜਾਂ ਅਤੇ ਡਰੋਨਾਂ ਨੇ ਮੰਗਲਵਾਰ ਤੜਕੇ ਕੇਂਦਰੀ ਗਾਜ਼ਾ ਵਿੱਚ ਸਹਾਇਤਾ ਟਰੱਕਾਂ ਦੀ ਉਡੀਕ ਕਰ ਰਹੇ ਸੈਂਕੜੇ ਲੋਕਾਂ 'ਤੇ ਗੋਲੀਬਾਰੀ ਕੀਤੀ, ਜਿਸ ਵਿੱਚ ਘੱਟੋ-ਘੱਟ 25 ਲੋਕ ਮਾਰੇ ਗਏ। ਫਲਸਤੀਨੀ ਚਸ਼ਮਦੀਦਾਂ ਅਤੇ ਹਸਪਤਾਲਾਂ ਨੇ ਇਹ ਜਾਣਕਾਰੀ ਦਿੱਤੀ। ਇਜ਼ਰਾਈਲੀ ਫੌਜ ਨੇ ਅਜੇ ਤੱਕ ਇਸ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਨੁਸੀਰਤ ਸ਼ਰਨਾਰਥੀ ਕੈਂਪ ਵਿੱਚ ਸਥਿਤ ਅਵਦਾ ਹਸਪਤਾਲ ਨੇ ਕਿਹਾ ਕਿ ਫ਼ਲਸਤੀਨੀ ਵਾਦੀ ਗਾਜ਼ਾ ਦੇ ਦੱਖਣ ਵਿੱਚ ਸਲਾਹ ਅਲ-ਦੀਨ ਸੜਕ 'ਤੇ ਟਰੱਕਾਂ ਦੀ ਉਡੀਕ ਕਰ ਰਹੇ ਸਨ। ਹਮਲੇ ਵਿੱਚ ਜ਼ਖ਼ਮੀ ਹੋਏ ਲੋਕਾਂ ਨੂੰ ਇਸ ਹਸਪਤਾਲ ਲਿਆਂਦਾ ਗਿਆ ਹੈ।

ਚਸ਼ਮਦੀਦਾਂ ਨੇ ਦੱਸਿਆ ਕਿ ਇਜ਼ਰਾਈਲੀ ਫੌਜ ਨੇ ਉਦੋਂ ਗੋਲੀਬਾਰੀ ਕੀਤੀ ਜਦੋਂ ਲੋਕ ਟਰੱਕਾਂ ਵੱਲ ਵਧ ਰਹੇ ਸਨ। ਇੱਕ ਚਸ਼ਮਦੀਦ ਗਵਾਹ ਅਹਿਮਦ ਹਲਵਾ ਨੇ ਕਿਹਾ ਕਿ ਟੈਂਕਾਂ ਅਤੇ ਡਰੋਨਾਂ ਨੇ ਲੋਕਾਂ 'ਤੇ ਗੋਲੀਆਂ ਚਲਾਈਆਂ। ਉਨ੍ਹਾਂ ਕਿਹਾ ਕਿ ਕਈ ਲੋਕ ਮਾਰੇ ਗਏ ਜਾਂ ਜ਼ਖ਼ਮੀ ਹੋਏ। ਇੱਕ ਹੋਰ ਚਸ਼ਮਦੀਦ ਗਵਾਹ, ਹੁਸਮ ਅਬੂ ਸ਼ਹਾਦਾ ਨੇ ਕਿਹਾ ਕਿ ਇਲਾਕੇ ਵਿੱਚ ਡਰੋਨ ਉੱਡ ਰਹੇ ਸਨ। ਪਹਿਲਾਂ ਉਨ੍ਹਾਂ ਨੇ ਭੀੜ 'ਤੇ ਨਜ਼ਰ ਰੱਖੀ, ਫਿਰ ਲੋਕਾਂ ਦੇ ਅੱਗੇ ਵਧਦੇ ਹੀ ਟੈਂਕਾਂ ਅਤੇ ਡਰੋਨਾਂ ਨਾਲ ਗੋਲੀਬਾਰੀ ਕੀਤੀ।

ਅਵਦਾ ਹਸਪਤਾਲ ਨੇ ਕਿਹਾ ਕਿ 146 ਫ਼ਲਸਤੀਨੀ ਜ਼ਖ਼ਮੀ ਹੋਏ ਹਨ। ਇਨ੍ਹਾਂ ਵਿੱਚੋਂ 62 ਦੀ ਹਾਲਤ ਗੰਭੀਰ ਹੈ ਅਤੇ ਉਨ੍ਹਾਂ ਨੂੰ ਕੇਂਦਰੀ ਗਾਜ਼ਾ ਦੇ ਇੱਕ ਹੋਰ ਹਸਪਤਾਲ ਲਿਜਾਇਆ ਗਿਆ ਹੈ।

ਕੇਂਦਰੀ ਸ਼ਹਿਰ ਦੀਰ ਅਲ-ਬਲਾਹ ਦੇ ਇੱਕ ਹਸਪਤਾਲ ਨੇ ਕਿਹਾ ਕਿ ਉਸਨੂੰ ਘਟਨਾ ਵਿੱਚ ਮਾਰੇ ਗਏ ਛੇ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਇਹ ਗਾਜ਼ਾ ਵਿੱਚ ਇਜ਼ਰਾਈਲ-ਹਮਾਸ ਯੁੱਧ ਵਿੱਚ ਗੋਲੀਬਾਰੀ ਦੀ ਤਾਜ਼ਾ ਘਟਨਾ ਹੈ। ਗਾਜ਼ਾ ਪੱਟੀ ਦੇ ਸਿਹਤ ਮੰਤਰਾਲੇ ਦੇ ਅਨੁਸਾਰ, ਇਸ ਯੁੱਧ ਵਿੱਚ ਹੁਣ ਤਕ ਲਗਭਗ 56,000 ਫ਼ਲਸਤੀਨੀ ਮਾਰੇ ਗਏ ਹਨ।

# ਟਰੰਪ ਦੇ ਇੰਮੀਗ੍ਰੇਸ਼ਨ ਅਫ਼ਸਰਾਂ ਨੇ ਚੁੱਕੇ 14 ਪੰਜਾਬੀ

## ਰਾਹ ਜਾਂਦਿਆਂ ਨੂੰ ਘੇਰ ਕੇ ਹੋਣ ਲੱਗੀ ਪੁੱਛ-ਪੜਤਾਲ

ਸੈਕਰਾਮੈਂਟੋ: ਅਮਰੀਕਾ ਦੇ ਕੈਲੇਫੋਰਨੀਆ ਸੂਬੇ ਵਿਚ ਇੰਮੀਗ੍ਰੇਸ਼ਨ ਛਾਪਿਆਂ ਦੌਰਾਨ ਕਈ ਪੰਜਾਬੀਆਂ ਨੂੰ ਹਿਰਾਸਤ ਵਿਚ ਲਏ ਜਾਣ ਦੀ ਖਬਰ ਸਾਹਮਣੇ ਆਈ ਹੈ। ਪੀਕੋ ਰਿਵੇਰਾ ਸ਼ਹਿਰ ਵਿਚ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵਾਲਿਆਂ ਨੇ ਸੜਕ 'ਤੇ ਹੀ ਪ੍ਰਵਾਸੀਆਂ ਨੂੰ ਘੇਰ ਲਿਆ ਅਤੇ ਕੁਝ ਮਿੰਟ ਦੀ ਬਹਿਸ ਮਗਰੋਂ ਉਨ੍ਹਾਂ ਨੂੰ ਹਥਕੜੀਆਂ ਲਾ ਕੇ ਲੈ ਗਏ। ਇੰਮੀਗ੍ਰੇਸ਼ਨ ਅਦਾਲਤਾਂ ਵਿਚੋਂ ਪ੍ਰਵਾਸੀਆਂ ਨੂੰ ਕਾਬੂ ਕਰਨ ਦਾ ਸਿਲਸਿਲਾ ਕਾਫ਼ੀ ਸਮਾਂ ਪਹਿਲਾਂ ਸ਼ੁਰੂ ਕੀਤਾ ਜਾ ਚੁੱਕਾ ਹੈ ਅਤੇ ਹੁਣ ਸਾਧਾਰਣ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਦੀ ਸੁਣਵਾਈ ਵਾਸਤੇ ਆਉਣ ਵਾਲੇ ਪ੍ਰਵਾਸੀਆਂ ਨੂੰ ਵੀ ਚੁੱਕ ਚੁੱਕ ਕੇ ਡਿਪੋਰਟ ਕੀਤਾ ਜਾ ਰਿਹਾ ਹੈ।




ਰਾਸ਼ਟਰਪਤੀ ਡੌਨਲਡ ਟਰੰਪ ਦੇ ਹੁਕਮਾਂ 'ਤੇ ਚੱਲ ਰਹੀ ਇਸ ਕਾਰਵਾਈ ਦਾ ਅੰਤ ਹੁੰਦਾ ਫ਼ਿਲਹਾਲ ਨਜ਼ਰ ਨਹੀਂ ਆਉਂਦਾ ਪਰ ਪ੍ਰਵਾਸੀਆਂ ਦੇ ਹਮਾਇਤੀਆਂ ਜਾਂ ਮਦਦਗਾਰਾਂ ਦੀ ਗਿਣਤੀ ਵੀ ਘੱਟ ਨਹੀਂ। ਲੌਸ ਐਂਜਲਸ ਡੌਜਰਜ਼ ਵੱਲੋਂ ਹਾਲ ਹੀ ਵਿਚ ਵਾਪਰੇ ਘਟਨਾਕ੍ਰਮ ਕਾਰਨ ਪ੍ਰਭਾਵਤ ਹੋਏ ਪ੍ਰਵਾਸੀ ਪਰਵਾਰਾਂ ਦੀ ਮਦਦ ਲਈ 10 ਲੱਖ ਡਾਲਰ ਦੀ ਮਦਦ ਦਾ ਐਲਾਨ ਕੀਤਾ ਗਿਆ ਹੈ।

ਡੌਜਰਜ਼ ਦੇ ਪ੍ਰੈਜ਼ੀਡੈਂਟ ਅਤੇ ਮੁੱਖ ਕਾਰਜਕਾਰੀ ਅਫ਼ਸਰ ਸਟੈਨ ਕੈਸਟਨ ਨੇ ਕਿਹਾ ਕਿ ਲੌਸ ਐਂਜਲਸ ਵਿਚ ਵਾਪਰੇ ਘਟਨਾਕ੍ਰਮ ਨੇ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ 'ਤੇ ਅਸਰ ਪਾਇਆ ਹੈ। ਇਕ ਖੇਡ ਜਥੇਬੰਦੀ ਹੋਣ ਦੇ ਨਾਤੇ ਅਸੀਂ ਸਮਝ ਸਕਦੇ ਹਾਂ ਕਿ ਕਮਿਊਨਿਟੀਜ਼ ਦੀ ਸਹਾਇਤਾ ਕਰਨੀ ਬਣਦੀ ਹੈ। ਇਥੇ ਦਸਣਾ ਬਣਦਾ ਹੈ ਕਿ ਕੁਝ ਦਿਨ ਪਹਿਲਾਂ ਲੌਸ ਐਂਜਲਸ ਡੌਜਰਜ਼ ਅਤੇ ਇੰਮੀਗ੍ਰੇਸ਼ਨ ਅਧਿਕਾਰੀਆਂ ਵਿਚਾਲੇ ਸ਼ਬਦੀ ਜੰਗ ਛਿੜ ਗਈ ਜਦੋਂ ਸਟੇਡੀਅਮ ਵਿਚੋਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕਰਨ ਲਈ ਛਾਪਾ ਮਾਰਿਆ ਗਿਆ। ਦੂਜੇ ਪਾਸੇ ਅਮਰੀਕਾ ਵੱਲੋਂ ਤਿੰਨ ਭਾਰਤੀ ਮੁਲਾਜ਼ਮਾਂ ਦੇ ਐਚ-1ਬੀ ਵੀਜ਼ਾ ਰੱਦ ਕਰ ਦਿਤੇ ਗਏ। ਭਾਰਤੀ ਮੁਲਾਜ਼ਮਾਂ ਵਿਰੁੱਧ ਦੋਸ਼ ਹੈ ਕਿ ਉਨ੍ਹਾਂ ਨੇ ਤੈਅ ਸਮੇਂ ਤੋਂ ਵੱਧ ਭਾਰਤ ਵਿਚ ਸਮਾਂ ਬਤੀਤ ਕੀਤਾ। ਇਕ ਮੁਲਾਜ਼ਮ ਤਿੰਨ ਮਹੀਨੇ ਤੋਂ ਵੱਧ ਸਮਾਂ ਭਾਰਤ ਵਿਚ ਰਿਹਾ। ਭਾਰਤੀ ਨਾਗਰਿਕਾਂ ਕੋਲ ਓਵਰ ਸਟੇਅ ਨੂੰ ਜਾਇਜ਼ ਠਹਿਰਾਉਣ ਲਈ ਐਮਰਜੰਸੀ ਪਰੂਫ਼ ਅਤੇ ਇੰਪਲੌਇਰ ਵੱਲੋਂ ਜਾਰੀ ਚਿੱਠੀ ਵੀ ਮੌਜੂਦ ਸੀ ਪਰ ਫਿਰ ਵੀ ਅਮਰੀਕਾ ਦਾਖਲ ਹੋਣ ਦੀ ਇਜਾਜ਼ਤ ਨਾ ਦਿਤੀ ਗਈ।

ਤਿੰਨ ਭਾਰਤੀ ਮੁਲਾਜ਼ਮਾਂ ਦੇ ਐਚ-1ਬੀ ਵੀਜ਼ਾ ਰੱਦ

ਇਥੇ ਦਸਣਾ ਬਣਦਾ ਹੈ ਕਿ ਐਚ-1ਬੀ ਵੀਜ਼ਾ ਧਾਰਕਾਂ ਨੂੰ ਵੱਧ ਤੋਂ ਵੱਧ 60 ਦਿਨ ਅਮਰੀਕਾ ਤੋਂ ਬਾਹਰ ਰਹਿਣ ਦੀ ਇਜਾਜ਼ਤ ਮਿਲਦੀ ਹੈ ਅਤੇ ਉਹ ਵੀ ਵੈਲਿਡ ਰੀਜ਼ਨ ਹੋਣ 'ਤੇ। ਵੀਜ਼ਾ ਰੱਦ ਹੋਣ ਤੋਂ ਬਚਾਉਣ ਲਈ 30-40 ਦਿਨ ਤੋਂ ਵੱਧ ਸਮਾਂ ਅਮਰੀਕਾ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ। ਤਿੰਨੋਂ ਭਾਰਤੀ ਨਾਗਰਿਕਾਂ ਨੂੰ ਆਬੂ ਧਾਬੀ ਇੰਟਰਨੈਸ਼ਨ ਏਅਰਪੋਰਟ ਤੋਂ ਹੀ ਵਾਪਸ ਭੇਜ ਦਿਤਾ ਗਿਆ ਜਿਥੇ ਯੂ.ਐਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੀ ਪ੍ਰੀ-ਕਲੀਅਰੈਂਸ ਸਹੂਲਤ ਮੌਜੂਦ ਹੈ। ਇਥੋਂ ਅਮਰੀਕਾ ਰਵਾਨਾ ਹੋਣ ਵਾਲੇ ਮੁਸਾਫ਼ਰਾਂ ਨੂੰ ਇੰਮੀਗ੍ਰੇਸ਼ਨ ਅਤੇ ਕਸਟਮਜ਼ ਦੀ ਪੁਣ-ਛਾਣ ਵਿਚੋਂ ਲੰਘਣਾ ਪੈਂਦਾ ਹੈ।

# 3,000 ਵਾਹਨਾਂ ਨੂੰ ਲੈ ਕੇ ਜਾ ਰਿਹਾ ਇੱਕ ਕਾਰਗੋ ਜਹਾਜ਼ ਪ੍ਰਸ਼ਾਂਤ ਮਹਾਸਾਗਰ 'ਚ ਡੁੱਬਿਆ



ਇਸ ਮਹੀਨੇ ਦੇ ਸ਼ੁਰੂ ਵਿੱਚ ਅੱਗ ਲੱਗਣ ਤੋਂ ਬਾਅਦ ਪ੍ਰਸ਼ਾਂਤ ਮਹਾਸਾਗਰ ਵਿੱਚ ਇੱਕ ਕਾਰਗੋ ਜਹਾਜ਼ ਡੁੱਬ ਗਿਆ। ਮਾਰਨਿੰਗ ਮਿਡਾਸ ਨਾਮ ਦਾ ਇਹ ਜਹਾਜ਼ 3,000 ਨਵੇਂ ਵਾਹਨ ਲੈ ਕੇ ਮੈਕਸੀਕੋ ਜਾ ਰਿਹਾ ਸੀ। ਜਹਾਜ਼ ਵਿੱਚ ਲਗਭਗ 800 ਇਲੈਕਟ੍ਰਿਕ ਵਾਹਨ ਵੀ ਸਨ। ਅੱਗ ਲੱਗਣ ਤੋਂ ਬਾਅਦ ਚਾਲਕ ਦਲ ਦੇ ਮੈਂਬਰਾਂ ਨੂੰ ਇੱਕ ਹੋਰ ਜਹਾਜ਼ ਦੁਆਰਾ ਬਚਾਇਆ ਗਿਆ। ਅੱਗ ਇੰਨੀ ਭਿਆਨਕ ਸੀ ਕਿ ਇਸਨੂੰ ਬੁਝਾਇਆ ਨਹੀਂ ਜਾ ਸਕਿਆ ਸੀ।

ਲੰਡਨ ਸਥਿਤ ਸ਼ਿਪਿੰਗ ਕੰਪਨੀ ਜ਼ੋਡੀਅਕ ਮੈਰੀਟਾਈਮ ਦੇ ਅਨੁਸਾਰ, ਜਹਾਜ਼ ਅਲਾਸਕਾ ਵਿੱਚ ਅਲੂਸ਼ੀਅਨ ਆਈਲੈਂਡ ਚੇਨ ਦੇ ਨੇੜੇ ਅੰਤਰਰਾਸ਼ਟਰੀ ਪਾਣੀਆਂ ਵਿੱਚ ਡੁੱਬ ਗਿਆ। ਐਸੋਸੀਏਟਿਡ ਪ੍ਰੈਸ ਦੇ ਅਨੁਸਾਰ, ਖਰਾਬ ਮੌਸਮ ਕਾਰਨ ਅੱਗ ਤੇਜ਼ ਹੋ ਗਈ, ਜਿਸ ਤੋਂ ਬਾਅਦ ਜਹਾਜ਼ ਇੱਕ ਪਾਸੇ ਝੁਕ ਗਿਆ ਅਤੇ ਫਿਰ ਡੁੱਬ ਗਿਆ। ਮਾਰਨਿੰਗ ਮਿਡਾਸ ਨਾਮਕ ਇਹ ਜਹਾਜ਼ ਜ਼ਮੀਨ ਤੋਂ 415 ਮੀਲ ਦੂਰ 16,404 ਫੁੱਟ ਦੀ ਡੂੰਘਾਈ 'ਤੇ ਡੁੱਬਿਆ ਹੈ। ਕਾਰਗੋ ਜਹਾਜ਼ ਦੇ ਡੁੱਬਣ ਤੋਂ ਬਾਅਦ, ਇੱਕ ਅਮਰੀਕੀ ਤੱਟ ਰੱਖਿਅਕ ਦੇ ਬੁਲਾਰੇ ਨੇ ਕਿਹਾ ਕਿ ਜਹਾਜ਼ ਦੇ ਪਿਛਲੇ ਪਾਸੇ ਇਲੈਕਟ੍ਰਿਕ ਵਾਹਨਾਂ ਨਾਲ ਭਰੇ ਡੈੱਕ ਤੋਂ ਧੂੰਏਂ ਦਾ ਇੱਕ ਵੱਡਾ ਬੱਦਲ ਨਿਕਲਦਾ ਦੇਖਿਆ ਗਿਆ। ਅਧਿਕਾਰੀ ਕੈਮਰਨ ਸਨੇਲ ਨੇ ਕਿਹਾ ਕਿ ਅਮਰੀਕੀ ਤੱਟ ਰੱਖਿਅਕ ਜਹਾਜ਼ ਪ੍ਰਦੂਸ਼ਣ ਨਾਲ ਸਬੰਧਿਤ ਕਿਸੇ ਵੀ ਸਮੱਸਿਆ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹਨ।

ਕੈਮਰਨ ਸਨੇਲ ਨੇ ਕਿਹਾ ਕਿ ਕਿਸੇ ਵੀ ਪ੍ਰਦੂਸ਼ਣ ਜਾਂ ਮਲਬੇ ਨੂੰ ਕੰਟਰੋਲ ਕਰਨ ਲਈ ਉਸ ਖੇਤਰ ਦੇ ਨੇੜੇ ਬਚਾਅ ਟੱਗ ਤਾਇਨਾਤ ਕੀਤੇ ਗਏ ਹਨ ਜਿੱਥੇ ਕਾਰਗੋ ਜਹਾਜ਼ ਡੁੱਬਿਆ ਸੀ। ਜਹਾਜ਼ ਦੀ ਪ੍ਰਬੰਧਨ ਕੰਪਨੀ, ਜ਼ੋਡੀਅਕ ਮੈਰੀਟਾਈਮ, ਵਾਧੂ ਸਹਾਇਤਾ ਲਈ ਇੱਕ ਪ੍ਰਦੂਸ਼ਣ ਪ੍ਰਤੀਕਿਰਿਆ ਵਾਹਨ ਵੀ ਭੇਜੇਗੀ। 600 ਫੁੱਟ ਲੰਬੇ ਕਾਰਗੋ ਜਹਾਜ਼ ਨੂੰ 3 ਜੂਨ ਨੂੰ ਅਲਾਸਕਾ ਤੱਟ ਤੋਂ ਲਗਭਗ 300 ਮੀਲ ਦੂਰ ਅੱਗ ਲੱਗ ਗਈ। ਕਾਰਗੋ ਜਹਾਜ਼ ਨੇ ਅੱਗ ਲੱਗਣ ਬਾਰੇ ਇੱਕ ਸੰਕਟ ਚੇਤਾਵਨੀ ਭੇਜੀ, ਜਿਸ ਤੋਂ ਬਾਅਦ ਅਮਰੀਕੀ ਤੱਟ ਰੱਖਿਅਕ ਨੇ ਕਾਲ ਦਾ ਜਵਾਬ ਦਿੱਤਾ। ਤੱਟ ਰੱਖਿਅਕ ਨੇ ਪੁਸ਼ਟੀ ਕੀਤੀ ਹੈ ਕਿ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ, ਜਹਾਜ਼ 'ਤੇ ਸਵਾਰ 22 ਲੋਕਾਂ ਨੂੰ ਲਾਈਫਬੋਟਾਂ ਰਾਹੀਂ ਬਾਹਰ ਕੱਢਿਆ ਗਿਆ ਹੈ। ਚਾਲਕ ਦਲ ਦੇ ਮੈਂਬਰਾਂ ਨੂੰ ਇੱਕ ਵਪਾਰੀ ਸਮੁੰਦਰੀ ਜਹਾਜ਼ ਦੁਆਰਾ ਬਚਾਇਆ ਗਿਆ ਜੋ ਅੱਗ ਲੱਗਣ ਵਾਲੇ ਕਾਰਗੋ ਜਹਾਜ਼ ਦੇ ਨੇੜੇ ਸੀ।

# ਬੀ.ਸੀ. 'ਚ ਓਵਰਡੋਜ਼ ਕਾਰਨ 165 ਮੌਤਾਂ

## ਅਪ੍ਰੈਲ ਵਿਚ ਨਸ਼ਿਆਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧੀ

ਵੈਨਕੂਵਰ : ਕੈਨੇਡਾ ਦੇ ਬੀ.ਸੀ. ਵਿਚ ਨਸ਼ਿਆਂ ਦੀ ਓਵਰਡੋਜ਼ ਕਾਰਨ ਅਪ੍ਰੈਲ ਮਹੀਨੇ ਦੌਰਾਨ 165 ਜਣਿਆਂ ਨੇ ਜਾਨ ਗਵਾਈ। ਬੀ.ਸੀ. ਕੌਰੋਨਰਜ਼ ਸਰਵਿਸ ਵੱਲੋਂ ਜਾਰੀ ਤਾਜ਼ਾ ਅੰਕੜਾ ਫ਼ਰਵਰੀ ਅਤੇ ਮਾਰਚ ਦੇ ਮੁਕਾਬਲੇ ਵੱਧ ਬਣਦਾ ਹੈ ਜਦੋਂ ਫਰਵਰੀ ਦੌਰਾਨ 132 ਜਣਿਆਂ ਦੀ ਜਾਨ ਗਈ ਅਤੇ ਮਾਰਚ ਦੌਰਾਨ 143 ਜਣਿਆਂ ਨੇ ਦਮ ਤੋੜਿਆ। ਮੌਜੂਦਾ ਵਰ੍ਹੇ ਦੌਰਾਨ ਸਭ ਤੋਂ ਵੱਧ 185 ਮੌਤਾਂ ਫਰੇਜ਼ਰ ਹੈਲਥ ਰੀਜਨ ਵਿਚ ਹੋਈਆਂ ਜਦਕਿ ਵੈਨਕੂਵਰ ਕੋਸਟਲ ਹੈਲਥ ਰੀਜਨ ਵਿਚ 155 ਮੌਤਾਂ ਹੋਣ ਦੀ ਰਿਪੋਰਟ ਹੈ। ਅਪ੍ਰੈਲ ਮਹੀਨੇ ਦੇ ਅੰਕੜਿਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਨਸ਼ਿਆਂ ਦੀ ਓਵਰਡੋਜ਼ ਕਾਰਨ ਰੋਜ਼ਾਨਾ 5.5 ਮੌਤਾਂ ਹੋਈਆਂ ਜੋ ਮੌਜੂਦਾ ਵਰ੍ਹੇ ਦਾ ਸਭ ਤੋਂ ਉਚਾ ਅੰਕੜਾ ਦੱਸਿਆ ਜਾ ਰਿਹਾ ਹੈ। 47 ਫ਼ੀ ਸਦੀ ਮੌਤਾਂ ਨਿਜੀ ਰਿਹਾਇਸ਼ ਵਿਚ ਹੋਈਆਂ ਜਦਕਿ 21 ਫੀ ਸਦੀ ਲੋਕਾਂ ਨੇ ਖੁੱਲ੍ਹੇ ਅਸਮਾਨ ਹੇਠ ਦਮ ਤੋੜਿਆ। ਬੀ.ਸੀ. ਗਰੀਨ ਪਾਰਟੀ ਦੇ ਅੰਤਰਮ ਆਗੂ ਜੈਰੇਮੀ ਵੈਲੇਰੀਅਟ ਨੇ ਐਨ.ਡੀ.ਪੀ. ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਜ਼ਹਿਰੀਲੀਆਂ ਦਵਾਈਆਂ ਦਾ ਸੰਕਟ ਵੱਡਾ ਜਾਨੀ ਨੁਕਸਾਨ ਕਰ ਰਿਹਾ ਹੈ।



ਖੁੱਲ੍ਹੇ ਅਸਮਾਨ ਹੇਠ ਹੋਣ ਵਾਲੀਆਂ ਮੌਤਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 2022 ਵਿਚ ਇਹ ਅੰਕੜਾ 15 ਫੀ ਸਦੀ ਦਰਜ ਕੀਤਾ ਗਿਆ ਜੋ ਹੁਣ ਵਧ ਕੇ 21 ਫੀ ਸਦੀ ਹੋ ਚੁੱਕਾ ਹੈ। ਇਥੇ ਦਸਣਾ ਬਣਦਾ ਹੈ ਕਿ ਕੁਲ ਮੌਤਾਂ ਵਿਚੋਂ 67 ਫੀ ਸਦੀ ਲੋਕਾਂ ਦੀ ਉਮਰ 30 ਸਾਲ ਤੋਂ 59 ਸਾਲ ਦਰਮਿਆਨ ਦਰਜ ਕੀਤੀ ਗਈ ਜਦਕਿ 76 ਫੀ ਸਦੀ ਮਰਦ ਅਤੇ ਬਾਕੀ ਔਰਤਾਂ ਸਨ। ਦੂਜੇ ਪਾਸੇ ਪਿਛਲੇ ਸਾਲ ਜਨਵਰੀ ਤੋਂ ਅਕਤੂਬਰ ਤੱਕ 1,925 ਜਣਿਆਂ ਨੇ ਓਵਰਡੋਜ਼ ਕਾਰਨ ਜਾਨ ਗਵਾਈ ਅਤੇ ਇਹ ਅੰਕੜਾ 2023 ਦੇ ਮੁਕਾਬਲੇ ਪਹਿਲੇ 10 ਮਹੀਨੇ ਦੇ ਮੁਕਾਬਲੇ 10 ਫੀ ਸਦੀ ਘੱਟ ਬਣਦਾ ਹੈ। ਬੀ.ਸੀ. ਕੌਰੋਨਰਜ਼ ਸਰਵਿਸ ਵੱਲੋਂ ਭਵਿੱਖ ਵਿਚ ਜਾਨੀ ਨੁਕਸਾਨ ਦੇ ਅੰਕੜੇ ਹੇਠਾਂ ਆਉਣ ਦੀ ਉਮੀਦ ਜ਼ਾਹਰ ਕੀਤੀ ਗਈ ਹੈ। ਜਾਨੀ ਨੁਕਸਾਨ ਵਿਚ ਕਮੀ ਆਉਣ ਦੇ ਬਾਵਜੂਦ ਨਸ਼ੀਲੇ ਪਦਾਰਥ ਬੀ.ਸੀ. ਵਿਚ ਗੈਰਕੁਦਰਤੀ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਬਣੇ ਹੋਏ ਹਨ। ਸੂਬੇ ਵਿਚ ਹੁੰਦੇ ਕਤਲਾਂ, ਖੁਦਕੁਸ਼ੀਆਂ, ਹਾਦਸਿਆਂ ਅਤੇ ਬਿਮਾਰੀਆਂ ਕਾਰਨ ਮਰਨ ਵਾਲਿਆਂ ਤੋਂ ਜ਼ਿਆਦਾ ਜਾਨੀ ਨੁਕਸਾਨ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋ ਰਿਹਾ ਹੈ। ਤਕਰੀਬਨ ਹਰ ਉਮਰ ਵਰਗੇ ਦੇ ਲੋਕ ਨਸ਼ਿਆਂ ਦੀ ਮਾਰ ਹੇਠ ਆ ਰਹੇ ਹਨ ਪਰ ਅਣਥੱਕ ਯਤਨਾਂ ਸਦਕਾ ਮੌਤਾਂ ਦੀ ਅੰਕੜਾ ਕਾਫ਼ੀ ਹੱਦ ਤੱਕ ਹੇਠਾਂ ਆਇਆ ਹੈ। ਇਸ ਨੂੰ ਹੋਰ ਹੇਠਾਂ ਲਿਆਉਣ ਲਈ ਹਾਲੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਸਭ ਤੋਂ ਜ਼ਿਆਦਾ ਮੌਤਾਂ ਦਾ ਕਾਰਨ ਫੈਂਟਾਨਿਲ ਹੀ ਦੱਸੀ ਜਾ ਰਹੀ ਹੈ ਅਤੇ 87 ਫੀ ਸਦੀ ਤੋਂ ਵੱਧ ਜਾਨਾਂ ਇਸ ਖਤਰਨਾਕ ਨਸ਼ੇ ਕਾਰਨ ਗਈਆਂ।

# ਟਰੰਪ ਨੂੰ ਇੱਕ ਵਾਰ ਫਿਰ ਅਦਾਲਤ ਤੋਂ ਵੱਡਾ ਝਟਕਾ

## ਹਾਰਵਰਡ ਯੂਨੀਵਰਸਿਟੀ ਲਈ ਇੱਕ ਹੋਰ ਕਾਨੂੰਨੀ ਜਿੱਤ





ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਵਾਰ ਫਿਰ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ। ਹਾਰਵਰਡ ਯੂਨੀਵਰਸਿਟੀ ਅਤੇ ਟਰੰਪ ਪ੍ਰਸ਼ਾਸਨ ਵਿਚਕਾਰ ਚੱਲ ਰਹੇ ਵਿਵਾਦ ਵਿੱਚ ਸੰਘੀ ਅਦਾਲਤ ਨੇ ਇੱਕ ਵੱਡਾ ਹੁਕਮ ਦਿੱਤਾ ਹੈ। ਇੱਕ ਸੰਘੀ ਜੱਜ ਨੇ ਦੂਜੀ ਵਾਰ ਟਰੰਪ ਪ੍ਰਸ਼ਾਸਨ ਦੇ ਵਿਦੇਸ਼ੀ ਵਿਦਿਆਰਥੀਆਂ ਨੂੰ ਹਾਰਵਰਡ ਯੂਨੀਵਰਸਿਟੀ ਵਿੱਚ ਜਾਣ ਤੋਂ ਰੋਕਣ ਦੇ ਹੁਕਮ ਨੂੰ ਰੋਕ ਦਿੱਤਾ ਹੈ। ਬੋਸਟਨ ਵਿੱਚ ਅਮਰੀਕੀ ਜ਼ਿਲ੍ਹਾ ਜੱਜ ਐਲੀਸਨ ਬਰੋਜ਼ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਹਾਰਵਰਡ ਵਿੱਚ ਪੜ੍ਹਾਈ ਕਰਨ ਲਈ ਅਮਰੀਕਾ ਆਉਣ ਦੀ ਸਹੂਲਤ ਉਦੋਂ ਤੱਕ ਬਰਕਰਾਰ ਰਹੇਗੀ ਜਦੋਂ ਤੱਕ ਕੇਸ ਦਾ ਹੱਲ ਨਹੀਂ ਹੋ ਜਾਂਦਾ। ਇਹ ਫੈਸਲਾ ਹਾਰਵਰਡ ਲਈ ਇੱਕ ਹੋਰ ਕਾਨੂੰਨੀ ਜਿੱਤ ਹੈ, ਜੋ ਹਾਲ ਹੀ ਦੇ ਮਹੀਨਿਆਂ ਵਿੱਚ ਵ੍ਹਾਈਟ ਹਾਊਸ ਦੀਆਂ ਕਈ ਨੀਤੀਆਂ ਵਿਰੁੱਧ ਕਾਨੂੰਨੀ ਲੜਾਈਆਂ ਲੜ ਰਿਹਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਲਏ ਗਏ ਫੈਸਲੇ ਕਾਰਨ, ਲਗਭਗ 7,000 ਵਿਦੇਸ਼ੀ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ ਹੋ ਗਿਆ ਸੀ। ਇਸ ਮਾਮਲੇ ਵਿੱਚ, ਵਿਦਿਆਰਥੀਆਂ ਨੂੰ ਜਾਂ ਤਾਂ ਯੂਨੀਵਰਸਿਟੀ ਛੱਡਣੀ ਪਵੇਗੀ ਜਾਂ ਅਮਰੀਕਾ ਵਿੱਚ ਉਨ੍ਹਾਂ ਦੀ ਕਾਨੂੰਨੀ ਸਥਿਤੀ ਖਤਮ ਹੋ ਜਾਵੇਗੀ। ਹੁਣ ਅਦਾਲਤ ਦੇ ਨਵੇਂ ਹੁਕਮ ਤੋਂ ਬਾਅਦ, ਇਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਜ਼ਰੂਰ ਰਾਹਤ ਮਿਲੇਗੀ।

ਦੱਸ ਦੇਈਏ ਕਿ ਡੋਨਾਲਡ ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਸਨ ਜਿਸ ਵਿੱਚ ਕਿਹਾ ਗਿਆ ਸੀ ਕਿ ਹਾਰਵਰਡ ਨੂੰ ਕੈਂਬਰਿਜ, ਮੈਸੇਚਿਉਸੇਟਸ ਦੇ ਕੈਂਪਸ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਆਗਿਆ ਦੇਣਾ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੋਵੇਗਾ। ਟਰੰਪ ਨੇ ਹੁਕਮ ਵਿੱਚ ਲਿਖਿਆ ਮੈਂ ਇਹ ਤੈਅ ਕੀਤਾ ਹੈ ਕਿ ਵਿਦੇਸ਼ੀ ਨਾਗਰਿਕਾਂ ਦੇ ਇੱਕ ਵਰਗ ਦਾ ਦਾਖਲਾ ਸੰਯੁਕਤ ਰਾਜ ਅਮਰੀਕਾ ਦੇ ਹਿੱਤਾਂ ਲਈ ਨੁਕਸਾਨਦੇਹ ਹੈ ਕਿਉਂਕਿ ਮੇਰੀ ਰਾਏ ਵਿੱਚ ਹਾਰਵਰਡ ਦੇ ਵਿਵਹਾਰ ਨੇ ਇਸਨੂੰ ਵਿਦੇਸ਼ੀ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਲਈ ਇੱਕ ਅਣਉਚਿਤ ਮੰਜ਼ਿਲ ਬਣਾ ਦਿੱਤਾ ਹੈ।

ਟਰੰਪ ਪ੍ਰਸ਼ਾਸਨ ਨੇ ਹਾਰਵਰਡ ਯੂਨੀਵਰਸਿਟੀ ਦੇ ਖੋਜ ਫੰਡਿੰਗ ਵਿੱਚ ਵੀ ਭਾਰੀ ਕਟੌਤੀ ਕਰ ਦਿੱਤੀ ਸੀ। ਸਰਕਾਰੀ ਇਕਰਾਰਨਾਮੇ ਰੱਦ ਕਰ ਦਿੱਤੇ ਗਏ ਸਨ, ਯੂਨੀਵਰਸਿਟੀ ਨੂੰ ਟੈਕਸ ਛੋਟ ਦੀ ਧਮਕੀ ਦਿੱਤੀ ਗਈ ਸੀ ਅਤੇ ਹਾਰਵਰਡ ਤੋਂ ਵਿਦੇਸ਼ੀ ਵਿਦਿਆਰਥੀਆਂ ਨਾਲ ਸਬੰਧਤ ਦਸਤਾਵੇਜ਼ ਵੀ ਮੰਗੇ ਗਏ ਸਨ। ਇਸ ਤੋਂ ਬਾਅਦ ਜਦੋਂ ਟਰੰਪ ਪ੍ਰਸ਼ਾਸਨ ਨੂੰ ਹਾਰਵਰਡ ਤੋਂ ਪ੍ਰਾਪਤ ਜਾਣਕਾਰੀ ਕਾਫ਼ੀ ਨਹੀਂ ਲੱਗੀ, ਤਾਂ ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਪ੍ਰੋਗਰਾਮ ਸਰਟੀਫਿਕੇਸ਼ਨ ਨੂੰ ਵੀ ਰੱਦ ਕਰ ਦਿੱਤਾ ਗਿਆ ਸੀ।

# ਅਮਰੀਕਾ 'ਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲਿਆਂ ਨੂੰ ਜੇਲ੍ਹ ਅਤੇ ਦੇਸ਼ ਨਿਕਾਲਾ ਦਾ ਸਾਹਮਣਾ ਕਰਨਾ ਪਵੇਗਾ: ਦੂਤਾਵਾਸ



ਅਮਰੀਕਾ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰ ਰਿਹਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਹਿਰਾਸਤ ਵਿੱਚ ਲਿਆ ਜਾਵੇਗਾ, ਦੇਸ਼ ਨਿਕਾਲਾ ਦਿੱਤਾ ਜਾਵੇਗਾ ਅਤੇ ਭਵਿੱਖ ਵਿੱਚ ਵੀਜ਼ਾ ਯੋਗਤਾ 'ਤੇ ਇਸ ਦਾ ਗੰਭੀਰ ਪ੍ਰਭਾਵ ਪਵੇਗਾ। ਅਮਰੀਕੀ ਦੂਤਾਵਾਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ।

ਅਮਰੀਕੀ ਦੂਤਾਵਾਸ ਨੇ ਇੱਕ ਸੰਖੇਪ ਬਿਆਨ ਵਿੱਚ ਇਹ ਵੀ ਚੇਤਾਵਨੀ ਦਿੱਤੀ ਕਿ ਦੇਸ਼ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲਿਆਂ ਨੂੰ ਜੇਲ ਦੀ ਸਜ਼ਾ ਅਤੇ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪਵੇਗਾ। ਇਹ ਬਿਆਨ ਦੂਤਾਵਾਸ ਦੇ 'X' ਹੈਂਡਲ 'ਤੇ ਸਾਂਝਾ ਕੀਤਾ ਗਿਆ ਸੀ। ਇਸ ਵਿੱਚ ਕਿਹਾ ਗਿਆ ਹੈ, "ਅਮਰੀਕਾ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰ ਰਿਹਾ ਹੈ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢ ਰਿਹਾ ਹੈ। ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਦੇ ਨਤੀਜੇ ਵਜੋਂ ਨਜ਼ਰਬੰਦੀ, ਦੇਸ਼ ਨਿਕਾਲੇ ਦਾ ਨਤੀਜਾ ਹੋਵੇਗਾ ਅਤੇ ਭਵਿੱਖ ਵਿੱਚ ਵੀਜ਼ਾ ਯੋਗਤਾ 'ਤੇ ਇਸਦਾ ਗੰਭੀਰ ਪ੍ਰਭਾਵ ਪਵੇਗਾ।" ਬਿਆਨ ਵਿੱਚ ਕਿਹਾ ਗਿਆ ਹੈ, "ਜੋ ਲੋਕ ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੁੰਦੇ ਹਨ ਉਨ੍ਹਾਂ ਨੂੰ ਜੇਲ ਅਤੇ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪਵੇਗਾ। ਖ਼ਤਰਨਾਕ ਯਾਤਰਾ 'ਤੇ ਜਾਣ ਨਾਲ ਤੁਹਾਨੂੰ ਜੇਲ ਵਿੱਚ ਸੁੱਟ ਦਿੱਤਾ ਜਾਵੇਗਾ ਜਾਂ ਤੁਹਾਡੇ ਰਿਕਾਰਡ 'ਤੇ ਸਥਾਈ ਨਿਸ਼ਾਨ ਦੇ ਨਾਲ ਤੁਹਾਨੂੰ ਆਪਣੇ ਦੇਸ਼ ਵਾਪਸ ਭੇਜ ਦਿੱਤਾ ਜਾਵੇਗਾ।"

ਪੰਜਾਬ ਸਟਾਰ ਟੀਵੀ

PUNJAB STAR TV

ਹੁਣ ਤੁਸੀਂ ਆਪਣੇ ਘਰ IPTV ਤੇ ਵੀ ਦੇਖ ਸਕਦੇ ਹੋ

IPTV | ROKU | eBaba Ent | webtv | YUPPTV | GET IT ON Google Play | Shava tv | Jadoo tv | Cruze tv | amazon fire TV

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ

ਲਖਵਿੰਦਰ ਸੰਧੂ 905-673-7666

NOW WIDELY AVAILABLE IN AMERICA & CANADA

For informatin call Lakhwinder Sandhu

905-673-7666

# ਅੰਮ੍ਰਿਤਪਾਲ ਮਹਿਰੋਂ ਦੀ ਵਿਦੇਸ਼ ਤੋਂ ਗ੍ਰਿਫ਼ਤਾਰੀ ਲਈ ਇੰਟਰਪੋਲ ਬਲਿਊ ਨੋਟਿਸ ਜਾਰੀ



ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਵਾਸੀ ਲੁਧਿਆਣਾ ਦੇ ਕਤਲ ਮਾਮਲੇ ਵਿਚ ਨਾਮਜ਼ਦ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਗ੍ਰਿਫ਼ਤਾਰੀ ਲਈ ਹੁਣ ਬਠਿੰਡਾ ਵੱਲੋਂ ਇੰਟਰਪੋਲ ਬਲਿਊ ਨੋਟਿਸ ਜਾਰੀ ਕੀਤਾ ਗਿਆ ਹੈ ਤਾਂ ਜੋ ਉਸ ਨੂੰ ਛੇਤੀ ਬਾਹਰੀ ਮੁਲਕ ਵਿਚੋਂ ਲੱਭ ਕੇ ਗ੍ਰਿਫ਼ਤਾਰ ਕੀਤਾ ਜਾ ਸਕੇ। ਜਦਕਿ ਇਸ ਮਾਮਲੇ ਵਿਚ ਸ਼ਾਮਲ ਉਸ ਦੇ ਸਾਥੀ ਰਣਜੀਤ ਸਿੰਘ ਵਾਸੀ ਪਿੰਡ ਸੋਹਲ (ਤਰਨਤਾਰਨ) ਅਤੇ ਪੰਜਵੇਂ ਅਣਪਛਾਤੇ ਵਿਅਕਤੀ ਨੂੰ ਹਾਲੇ ਤਕ ਪੁਲਿਸ ਲੱਭ ਨਹੀਂ ਸਕੀ। ਇਸ ਸਬੰਧੀ ਬਠਿੰਡਾ ਦੇ ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਨੇ ਕਿਹਾ ਕਿ ਕੰਚਨ ਕੁਮਾਰੀ ਉਰਫ਼ ਕਮਲ ਭਾਬੀ ਦੇ ਕਤਲ ਨੂੰ ਅੰਜਾਮ ਦੇਣ ਮਗਰੋਂ ਅੰਮ੍ਰਿਤਪਾਲ ਸਿੰਘ ਮਹਿਰੋਂ ਯੂਨਾਈਟਿਡ ਅਰਬ ਅਮੀਰਾਤ (ਯੂ.ਏ.ਆਈ.) ਭੱਜ ਗਿਆ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਜਿਥੇ ਪਹਿਲਾਂ ਲੁੱਕ ਆਊਟ ਸਰਕੁਲਰ ਜਾਰੀ ਕੀਤਾ ਗਿਆ ਸੀ, ਉਥੇ ਹੁਣ ਬਿਊਰੋ ਆਫ਼ ਇਨਵੈਸਟੀਗੇਸ਼ਨ ਨੂੰ ਇੰਟਰਪੋਲ ਨਾਲ ਰਾਬਤਾ ਕਰਨ ਲਈ ਪੱਤਰ ਲਿਖਿਆ ਹੈ ਤੇ ਉਸ ਦਾ ਇੰਟਰਪੋਲ ਬਲਿਊ ਨੋਟਿਸ ਜਾਰੀ ਕਰਵਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਨੋਟਿਸ ਜਾਰੀ ਹੋਣ ਮਗਰੋਂ ਸਬੰਧਤ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਲਈ ਉਸ ਦਾ ਸਬੰਧਿਤ ਮੁਲਕ ਵਿਚ ਟਿਕਾਣਾ ਲੱਭਿਆ ਜਾਂਦਾ ਹੈ ਤੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਉਸ ਦੇ ਮੁਲਕ ਵਿਚ ਭੇਜਣ ਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮਹਿਰੋਂ ਦੇ ਚੌਥੇ ਸਾਥੀ ਰਣਜੀਤ ਸਿੰਘ ਵਾਸੀ ਪਿੰਡ ਸੋਹਲ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਤੇ ਉਸ ਦੀ ਗ੍ਰਿਫ਼ਤਾਰੀ ਉਪਰੰਤ ਇਨ੍ਹਾਂ ਦੇ ਪੰਜਵੇ ਸਾਥੀ ਦਾ ਪਤਾ ਲੱਗ ਸਕੇਗਾ।

**ਕੀ ਹੁੰਦਾ ਹੈ ਇੰਟਰਪੋਲ ਬਲਿਊ ਨੋਟਿਸ?**

ਕਿਸੇ ਵਿਅਕਤੀ ਦੀ ਪਛਾਣ, ਸਥਾਨ ਜਾਂ ਅਪਰਾਧਿਕ ਜਾਂਚ ਦੇ ਸੰਬੰਧ ਵਿਚ ਗਤੀਵਿਧੀਆਂ ਬਾਰੇ ਜਾਣਕਾਰੀ ਲਈ ਬੇਨਤੀ ਪੱਤਰ ਹੁੰਦਾ ਹੈ। ਇਹ ਇੰਟਰਪੋਲ ਦੇ ਸੱਤ ਰੰਗ ਕੋਡ ਵਾਲੇ ਨੋਟਿਸਾਂ ਵਿਚੋਂ ਇੱਕ ਹੈ, ਜੋ ਮੈਂਬਰਾਂ ਦੇਸ਼ਾ ਵਿਚਕਾਰ ਜਾਣਕਾਰੀ ਸਾਂਝੀ ਕਰਨ ਦੀ ਸਹੂਲਤ ਲਈ ਤਿਆਰ ਕੀਤਾ ਗਿਆ। ਬਲਿਊ ਨੋਟਿਸ ਅਕਸਰ ਰੈੱਡ ਨੋਟਿਸ ਜਾਰੀ ਹੋਣ ਤੋਂ ਪਹਿਲਾਂ ਖੁਫ਼ੀਆ ਜਾਣਕਾਰੀ ਇਕੱਤਰ ਕਰਨ ਲਈ ਵਰਤੇ ਜਾਂਦੇ ਹਨ, ਜੋ ਕਿ ਇਕ ਭਗੌੜੇ ਦੀ ਗ੍ਰਿਫ਼ਤਾਰੀ ਲਈ ਬੇਨਤੀ ਪੱਤਰ ਹੈ।

## ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਵੱਡਾ ਐਲਾਨ

# ਲੁਧਿਆਣਾ ਸੀਟ ਤੋਂ ਜਿੱਤੇ ਸੰਜੀਵ ਅਰੋੜਾ ਬਣਨਗੇ ਮੰਤਰੀ !



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮੰਗਲਵਾਰ ਨੂੰ ਰਾਜਪਾਲ ਗੁਲਾਬਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਖੁਦ ਕਿਹਾ ਕਿ ਉਨ੍ਹਾਂ ਦੀ ਮੁਲਾਕਾਤ ਇੱਕ ਸ਼ਿਸ਼ਟਾਚਾਰ ਮੁਲਾਕਾਤ ਸੀ, ਅਤੇ ਉਨ੍ਹਾਂ ਨਾਲ ਕੋਈ ਹੋਰ ਗੱਲਬਾਤ ਨਹੀਂ ਹੋਈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਮੰਤਰੀ ਮੰਡਲ ਦਾ ਵਿਸਥਾਰ ਦੋ ਤੋਂ ਤਿੰਨ ਦਿਨਾਂ ਵਿੱਚ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਸੰਜੀਵ ਅਰੋੜਾ ਨੂੰ ਮੰਤਰੀ ਮੰਡਲ ਵਿੱਚ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਰਾਜ ਸਭਾ ਨਹੀਂ ਜਾਣਗੇ, ਜੋ ਵੀ ਪੰਜਾਬ ਬਾਰੇ ਗੱਲ ਕਰੇਗਾ ਉਹ ਰਾਜ ਸਭਾ ਵਿੱਚ ਜਾਵੇਗਾ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਚੰਡੀਗੜ੍ਹ ਵਿੱਚ ਦਫ਼ਤਰ ਬਣਾਉਣ ਲਈ ਜਗ੍ਹਾ ਦੇਣ ਲਈ ਰਾਜਪਾਲ ਨੂੰ ਪੱਤਰ ਦਿੱਤਾ ਗਿਆ ਹੈ। ਪੰਜਾਬ ਦੇ ਰਾਜਪਾਲ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਹਨ। ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਇੱਕ ਰਾਸ਼ਟਰੀ ਪਾਰਟੀ ਹੈ ਅਤੇ ਹੋਰ ਸਾਰੀਆਂ ਪਾਰਟੀਆਂ ਦੇ ਚੰਡੀਗੜ੍ਹ ਵਿੱਚ ਦਫ਼ਤਰ ਹਨ, ਇਸ ਲਈ ਆਮ ਆਦਮੀ ਪਾਰਟੀ ਨੂੰ ਵੀ ਦਫ਼ਤਰ ਬਣਾਉਣ ਲਈ ਜਗ੍ਹਾ ਦਿੱਤੀ ਜਾਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੰਜੀਵ ਅਰੋੜਾ ਨੂੰ ਲੁਧਿਆਣਾ ਪੱਛਮੀ ਉਪ ਚੋਣ ਵਿੱਚ ਵਾਅਦਾ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਸਮੇਂ ਕੈਬਨਿਟ ਵਿੱਚ ਦੋ ਅਹੁਦੇ ਖਾਲੀ ਹਨ।

ਲੁਧਿਆਣਾ ਪੱਛਮੀ ਵਿੱਚ ਹੋਈ ਉਪ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਜਿੱਤ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਮੰਗਲਵਾਰ ਨੂੰ ਇੱਕ ਰੋਡ ਸ਼ੋਅ ਕੱਢਿਆ। ਮੁੱਖ ਮੰਤਰੀ ਨੇ ਲੁਧਿਆਣਾ ਦੇ ਲੋਕਾਂ ਦਾ ਧੰਨਵਾਦ ਕੀਤਾ।

ਰੋਡ ਸ਼ੋਅ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕਿ 'ਆਪ' ਉਮੀਦਵਾਰ ਸੰਜੀਵ ਅਰੋੜਾ ਨੂੰ ਮਿਲੀ 11-12 ਹਜ਼ਾਰ ਦੀ ਲੀਡ ਅਸਲ ਵਿੱਚ ਲੋਕਾਂ ਦਾ ਗੁੱਸਾ ਸੀ। ਲੋਕਾਂ ਨੇ ਇਸ ਨੂੰ ਆਪਣੀਆਂ ਵੋਟਾਂ ਰਾਹੀਂ ਕੱਢਿਆ। ਇੱਕ ਹੋਰ ਖੁਸ਼ਖਬਰੀ ਦਿੱਤੀ ਗਈ ਕਿ, ਅਸੀਂ ਗੁਜਰਾਤ ਤੋਂ ਵੀ ਜਿੱਤ ਗਏ। ਦਰਅਸਲ, ਲੋਕਾਂ ਨੇ ਪਹਿਲਾਂ ਹੀ ਆਪਣਾ ਮਨ ਬਣਾ ਲਿਆ ਸੀ। ਇਹ ਜਨਤਾ ਹੈ, ਇਹ ਸਭ ਕੁਝ ਜਾਣਦੀ ਹੈ।

ਲੁਧਿਆਣਾ ਪੱਛਮੀ ਸੀਟ 'ਤੇ ਉਪ ਚੋਣ ਜਿੱਤਣ ਵਾਲੇ 'ਆਪ' ਉਮੀਦਵਾਰ ਸੰਜੀਵ ਅਰੋੜਾ ਨੇ ਕਿਹਾ, "ਮੈਂ ਲੁਧਿਆਣਾ ਦੇ ਲੋਕਾਂ ਦਾ ਧੰਨਵਾਦੀ ਹਾਂ, ਮੈਂ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਅਤੇ ਆਪਣੇ ਪਰਿਵਾਰ ਅਤੇ ਦੋਸਤਾਂ ਦਾ ਧੰਨਵਾਦੀ ਹਾਂ। ਮੈਂ ਲੁਧਿਆਣਾ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ। ਮੰਤਰੀ ਅਹੁਦੇ ਦੇ ਸਵਾਲ 'ਤੇ ਉਨ੍ਹਾਂ ਕਿਹਾ, "ਮੈਂ ਅੱਜ ਤੱਕ ਕਦੇ ਵੀ ਮੰਤਰੀ ਅਹੁਦੇ ਦੀ ਮੰਗ ਨਹੀਂ ਕੀਤੀ ਅਤੇ ਨਾ ਹੀ ਕਦੇ ਕਰਾਂਗਾ। ਪਾਰਟੀ ਦਾ ਜੋ ਵੀ ਹੁਕਮ ਹੋਵੇ, ਮੈਂ ਉਸਦਾ ਪਾਲਣ ਕਰਾਂਗਾ। ਪਾਰਟੀ ਹਾਈ ਕਮਾਂਡ ਦਾ ਜੋ ਵੀ ਹੁਕਮ ਹੋਵੇ, ਮੈਂ ਉਸਨੂੰ ਸਵੀਕਾਰ ਕਰਾਂਗਾ।"

ਮਨੀਸ਼ ਸਿਸੋਦੀਆ ਨੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕੱਲ੍ਹ ਉਹ ਦਿੱਲੀ ਵਿੱਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਬੈਠੇ ਸਨ ਅਤੇ ਨਤੀਜੇ ਦੇਖ ਰਹੇ ਸਨ। ਇਸ ਜਿੱਤ 'ਤੇ ਹਰੇਕ ਵਰਕਰ ਨੂੰ ਵਧਾਈ। 2022 ਵਿੱਚ ਪੂਰੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਤੂਫਾਨ ਆਇਆ ਸੀ। ਫਿਰ ਲੁਧਿਆਣਾ ਵੈਸਟ ਵਿੱਚ ਜਿਸ ਫਰਕ ਨਾਲ ਜਿੱਤ ਪ੍ਰਾਪਤ ਹੋਈ ਸੀ, ਹੁਣ ਉਸ ਤੋਂ ਦੁੱਗਣੀ ਜਿੱਤ ਪ੍ਰਾਪਤ ਕੀਤੀ ਹੈ।

# ਮਜੀਠੀਆ ਦੀ ਪਤਨੀ ਗਨੀਵ ਕੌਰ ਮਜੀਠੀਆ ਦੇ ਬਿਆਨ 'ਤੇ ਅੰਮ੍ਰਿਤਸਰ ਦੀ ਵਿਧਾਇਕ ਜੀਵਨਜੋਤ ਕੌਰ ਦਾ ਪ੍ਰਤੀਕਰਮ



ਮਜੀਠੀਆ ਦੀ ਪਤਨੀ ਗਨੀਵ ਕੌਰ ਮਜੀਠੀਆ ਦੇ ਬਿਆਨ 'ਤੇ ਅੰਮ੍ਰਿਤਸਰ ਦੀ ਵਿਧਾਇਕ ਜੀਵਨਜੋਤ ਕੌਰ ਦਾ ਪ੍ਰਤੀਕਰਮ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਗਨੀਵ ਮਜੀਠੀਆ ਨੇ ਕਿਹਾ ਕਿ ਸਵੇਰੇ -ਸਵੇਰੇ ਵਿਜੀਲੈਂਸ ਧੱਕੇ ਨਾਲ ਸਾਡੇ ਘਰ ਰੇਡ ਕਰ ਸਾਨੂੰ ਤੰਗ ਪ੍ਰੇਸ਼ਾਨ ਕੀਤਾ ਹੈ। ਇਸ ਨਾਲ ਬੱਚਿਆ 'ਤੇ ਬੁਰਾ ਅਸਰ ਪਿਆ, ਉਨ੍ਹਾਂ ਦੇ ਬੱਚਿਆਂ ਨੇ ਨਾਸ਼ਤਾ ਤੱਕ ਨਹੀਂ ਸੀ ਕੀਤਾ। "ਮੈਂ ਮਜੀਠੀਆ ਜੋੜੇ ਨੂੰ ਇੱਕ ਗੱਲ ਪੁੱਛਣਾ ਚਾਹੁੰਦੀ ਹਾਂ ਕਿ ਜਦੋਂ ਲੱਖ ਨੌਜਵਾਨ ਨਸ਼ੇ ਦੀ ਭੇਟ ਚੜ ਰਹੇ ਸੀ ਕਿ ਉਦੋਂ ਤੁਹਾਨੂੰ ਦਰਦ ਨਹੀਂ ਆਇਆ।" ਮੈਂ ਇਹ ਸੋਚ ਰਹੀ ਸੀ ਕਿ ਅੱਜ ਮਾਂ ਦਾ ਦਿਲ ਕਿੰਨਾ ਦੁਖ ਰਿਹਾ ਹੈ। ਪਰ ਜਦੋਂ ਕਿੰਨੀਆਂ ਹੀ ਮਾਵਾਂ ਰੋਂਦੀਆਂ ਸੀ ਤੁਹਾਨੂੰ ਉਦੋਂ ਮਾਂ ਚੇਤੇ ਨਹੀਂ ਆਈ ਤੁਹਾਨੂੰ ਉਦੋਂ ਦਰਦ ਕਿਉਂ ਨਹੀਂ ਆਇਆ। ਤੁਹਾਡਾ ਨਸ਼ਾ ਤਸਕਰਾਂ ਨਾਲ ਨਾਂ ਆਉਣ ਉਨ੍ਹਾਂ ਨਾਲ ਲਿੰਕ ਹੋਣਾ ਬੜੀ ਸ਼ਰਮ ਵਾਲੀ ਗੱਲ ਹੈ।

ਬੜੇ ਦੁਖ ਨਾਲ ਮੈਨੂੰ ਕਹਿਣਾ ਪੈ ਰਿਹਾ ਹੈ ਕਿ ਜਦੋਂ ਆਪਣੇ ਬੱਚੇ 'ਤੇ ਛੋਟੀ ਜਿਹੀ ਦੁਖ ਤਕਲੀਫ਼ ਆਉਂਦੀ ਹੈ ਤਾਂ ਸਾਨੂੰ ਕਿੰਨਾ ਦਰਦ ਹੁੰਦਾ ਹੈ। ਪਰ ਤੁਹਾਨੂੰ ਉਨ੍ਹਾਂ ਮਾਵਾਂ ਬਾਰੇ ਵੀ ਸੋਚਣਾ ਚਾਹੀਦਾ ਸੀ ਜਿੰਨ੍ਹਾਂ ਦੇ ਲੱਖਾਂ ਪੁੱਤ ਤੁਸੀਂ ਨਸ਼ਿਆ 'ਤੇ ਲਗਾ ਦਿੱਤੇ।

ਦੱਸ ਦੇਈਏ ਕਿ ਅੱਜ ਅਕਾਲੀ ਦਲ ਦੇ ਸਾਬਕਾ ਮੰਤਰੀ ਅਤੇ ਸਾਬਕਾ ਵਿਧਾਇਕ ਬਿਕਰਮ ਮਜੀਠੀਆ ਦੀ ਰਿਹਾਇਸ਼ ਉੱਤੇ ਵਿਜੀਲੈਂਸ ਵੱਲੋਂ ਸਵੇਰੇ ਛਾਪੇਮਾਰੀ ਕੀਤੀ ਗਈ। ਅੰਮ੍ਰਿਤਸਰ ਐੱਸਐੱਸਪੀ ਵਿਜੀਲੈਂਸ ਲਖਬੀਰ ਸਿੰਘ ਸਣੇ ਹੋਰ ਅਧਿਕਾਰੀ ਸਵੇਰੇ 9 ਵਜੇ ਮਜੀਠੀਆ ਦੇ ਘਰ ਅੰਮ੍ਰਿਤਸਰ ਵਿਖੇ ਛਾਪੇਮਾਰੀ ਕਰਨ ਪਹੁੰਚੇ ਤਾਂ ਇਸ ਦੌਰਾਨ ਮਜੀਠੀਆ ਅਤੇ ਉਨ੍ਹਾਂ ਦੀ ਪਤਨੀ ਵਿਧਾਇਕ ਗਨੀਵ ਕੌਰ ਨੇ ਟੀਮ ਨੂੰ ਘਰ ਵਿੱਚ ਵੜਨ ਨਹੀਂ ਦਿੱਤਾ। ਇਸ ਨੂੰ ਲੈ ਕੇ ਮਜੀਠੀਆ ਦੀ ਪਤਨੀ ਅਤੇ ਵਿਧਾਇਕਾ ਗਨੀਵ ਕੌਰ ਨੇ ਅਧਿਕਾਰੀਆਂ ਉੱਤੇ ਸਵਾਲ ਚੁੱਕਦਿਆ ਕਿਹਾ ਕਿ, 'ਸਾਨੂੰ ਕੁੱਝ ਨਹੀਂ ਦੱਸਿਆ, ਸਾਨੂੰ ਧੱਕਾ ਮਾਰ ਕੇ ਅੰਦਰ ਆ ਗਏ।' ਹੰਗਾਮੇ ਤੋਂ ਬਾਅਦ ਵਿਜੀਲੈਂਸ ਦੀ ਟੀਮ ਮਜੀਠੀਆ ਨੂੰ ਹਿਰਾਸਤ ਵਿੱਚ ਲੈ ਕੇ ਰਵਾਨਾ ਹੋ ਗਈ।

# 29 ਸਾਲਾ ਮਸ਼ਹੂਰ YouTuber ਨੇ ਕੀਤੀ ਖੁਦਕੁਸ਼ੀ

## ਲੰਬੇ ਸਮੇਂ ਤੋਂ ਡਿਪਰੈਸ਼ਨ ਨਾਲ ਜੂਝ ਰਹੀ ਸੀ ਮਿਕਾਇਲਾ



ਅਮਰੀਕਾ ਤੋਂ ਆਈ ਇੱਕ ਖ਼ਬਰ ਨੇ ਦੁਨੀਆ ਭਰ ਦੇ ਪਸ਼ੂ-ਪ੍ਰੇਮੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। 'ਸੇਵ ਏ ਫਾਕਸ' ਨਾਮਕ ਪ੍ਰਸਿੱਧ ਸੰਸਥਾ ਦੀ ਸੰਸਥਾਪਕ ਅਤੇ ਯੂਟਿਊਬਰ ਮਿਕਾਇਲਾ ਰੇਨਜ਼ ਦਾ 29 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਉਸ ਨੇ ਖੁਦਕੁਸ਼ੀ ਕਰ ਲਈ ਹੈ, ਜਿਸਦੀ ਪੁਸ਼ਟੀ ਉਸਦੇ ਪਤੀ ਈਥਨ ਰੇਨਜ਼ ਨੇ ਕੀਤੀ।

ਮਿਕਾਇਲਾ ਦੇ ਪਤੀ ਈਥਨ ਰੇਨਜ਼ ਨੇ ਇਹ ਦੁਖਦਾਈ ਜਾਣਕਾਰੀ ਇਕ ਭਾਵੁਕ ਵੀਡੀਓ ਰਾਹੀਂ ਦਿੱਤੀ ਜੋ 'ਸੇਵ ਏ ਫਾਕਸ' ਦੇ ਆਧਿਕਾਰਿਕ ਯੂਟਿਊਬ ਚੈਨਲ 'ਤੇ ਅੱਪਲੋਡ ਕੀਤੀ ਗਈ ਹੈ। ਉਨ੍ਹਾਂ ਕਿਹਾ: "ਇਹ ਅਜਿਹਾ ਘਾਟਾ ਹੈ ਜਿਸ ਦੀ ਕਦੇ ਕਲਪਨਾ ਵੀ ਨਹੀਂ ਕਰ ਸਕਦੇ। ਮਿਕਾਇਲਾ ਸਿਰਫ ਪਸ਼ੂਆਂ ਲਈ ਨਹੀਂ, ਮਨੁੱਖਤਾ ਲਈ ਵੀ ਇੱਕ ਪ੍ਰੇਰਣਾ ਸੀ। ਮੈਂ ਟੁੱਟ ਚੁੱਕਾ ਹਾਂ, ਪਰ ਮੈਂ ਵਾਅਦਾ ਕਰਦਾ ਹਾਂ ਕਿ ਉਹ ਜੋ ਸੁਪਨਾ ਲੈ ਕੇ ਚੱਲੀ ਸੀ, ਮੈਂ ਉਸਨੂੰ ਅੱਗੇ ਵਧਾਵਾਂਗਾ।"

ਈਥਨ ਨੇ ਦੱਸਿਆ ਕਿ ਮਿਕਾਇਲਾ ਡਿਪ੍ਰੈਸ਼ਨ, ਆਟੀਜ਼ਮ ਅਤੇ ਬਾਰਡਰਲਾਈਨ ਪਰਸਨੈਲਿਟੀ ਡਿਸਆਰਡਰ (BPD) ਵਰਗੀਆਂ ਮਾਨਸਿਕ ਬਿਮਾਰੀਆਂ ਨਾਲ ਲੰਬੇ ਸਮੇਂ ਤੋਂ ਲੜ ਰਹੀ ਸੀ। ਉਸ ਨੇ ਦਵਾਈਆਂ, ਥੈਰੇਪੀ ਅਤੇ ਹੋਰ ਇਲਾਜ ਵੀ ਲਏ, ਪਰ ਇਹ ਅੰਦਰੂਨੀ ਦਰਦ ਉਸ ਦੀ ਜ਼ਿੰਦਗੀ ਵਿਚੋਂ ਕਦੇ ਪੂਰੀ ਤਰ੍ਹਾਂ ਨਹੀਂ ਮਿਟਿਆ।

**ਪਸ਼ੂਆਂ ਲਈ ਜੀਵਨ ਸਮਰਪਿਤ - 500 ਤੋਂ ਵੱਧ ਲੋਮੜੀਆਂ ਨੂੰ ਦਿੱਤਾ ਨਵਾਂ ਜੀਵਨ**

ਮਿਕਾਇਲਾ ਰੇਨਜ਼ ਨੇ ਆਪਣੇ ਜੀਵਨ ਨੂੰ ਪਸ਼ੂ ਕਲਿਆਣ ਲਈ ਸਮਰਪਿਤ ਕਰ ਦਿੱਤਾ ਸੀ। ਉਹ ਨੇ 'ਸੇਵ ਏ ਫਾਕਸ' ਨਾਮਕ ਸੰਸਥਾ ਦੀ ਸਥਾਪਨਾ ਕੀਤੀ ਸੀ ਜੋ ਕਿ: ਫਰ ਫਾਰਮਾਂ ਤੋਂ ਬਚਾਈਆਂ ਗਈਆਂ ਲੋਮੜੀਆਂ ਅਤੇ ਹੋਰ ਜਾਨਵਰਾਂ ਨੂੰ ਇਕ ਸੁਰੱਖਿਅਤ ਘਰ ਦਿੰਦੀ ਹੈ। ਮਿਕਾਇਲਾ ਨੇ 500 ਤੋਂ ਵੱਧ ਲੋਮੜੀਆਂ ਨੂੰ ਬਚਾਇਆ ਅਤੇ ਉਨ੍ਹਾਂ ਦੀ ਦੇਖਭਾਲ ਕੀਤੀ। ਉਸ ਦੀਆਂ ਵੀਡੀਓਜ਼ ਹਮੇਸ਼ਾ ਉਤਸ਼ਾਹ, ਪਿਆਰ ਅਤੇ ਉਮੀਦ ਨਾਲ ਭਰਪੂਰ ਰਹਿੰਦੀਆਂ ਸਨ। ਉਸਨੇ ਕਦੇ ਵੀ ਆਪਣੇ ਸੰਘਰਸ਼ਾਂ ਨੂੰ ਦੁਨੀਆਂ ਸਾਹਮਣੇ ਨਹੀਂ ਆਉਣ ਦਿੱਤਾ ਅਤੇ ਹਮੇਸ਼ਾ ਜਾਨਵਰਾਂ ਦੀ ਦੇਖਭਾਲ ਵਿੱਚ ਰੁੱਝੀ ਰਹਿੰਦੀ ਸੀ।

## ਬਿਕਰਮ ਮਜੀਠੀਆ 'ਤੇ ਵਿਜੀਲੈਂਸ ਦੀ ਕਾਰਵਾਈ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿ.ਹਰਪ੍ਰੀਤ ਸਿੰਘ ਦੇ ਵੱਲੋਂ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਸ਼ਰਮਨਾਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜੇ ਮਜੀਠੀਆ ਦੀ ਗ੍ਰਿਫ਼ਾਤਰੀ ਬਿਨਾ ਕਿਸੇ ਠੋਸ ਸਬੂਤ ਤੋਂ ਕੀਤੀ ਹੈ ਉਹ ਨੈਤਿਕ ਤੌਰ ਤੇ ਸ਼ਰਮਸ਼ਾਰ ਕਰਨ ਵਾਲੀ ਗਤੀਵਿਧੀ ਹੈ। ਆਪਣੀ ਫੇਸਬੁੱਕ ਪੋਸਟ ਵਿੱਚ ਗਿ.ਹਰਪ੍ਰੀਤ ਸਿੰਘ ਲਿਖਦੇ ਹਨ ਕਿ- ਮੈਂ ਬਦਲੇ ਦੀ ਭਾਵਨਾਂ ਨਾਲ ਕੀਤੀ ਕਿਸੇ ਵੀ ਕਾਰਵਾਈ ਨਾਲ ਸਹਿਮਤ ਨਹੀ।

**ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ-**

ਅਸੀਂ ਤਾਂ ਬਿਲਕੁਲ ਵੀ ਨਹੀ, ਕਿਉਂਕਿ ਅਜੇ ਕੁਝ ਮਹੀਨੇ ਪਹਿਲਾਂ ਦੋ ਦਸੰਬਰ ਦਾ ਹੁਕਮਨਾਮਾ, ਜਿਸ ਵਿੱਚ ਸੁਖਬੀਰ ਸਿੰਘ ਬਾਦਲ ਨੇ ਖੁਦ ਅਪਣੇ ਗੁਨਾਹ ਕਬੂਲ ਕੀਤੇ ਸਨ ਜਿਸ ਸਦਕਾ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਿਥੇ ਧਾਰਮਿਕ ਤਨਖ਼ਾਹ ਲਾਈ ਉੱਥੇ ਅਕਾਲੀ ਸਿਆਸਤ ਨੂੰ ਮਜਬੂਤ ਰੱਖਣ ਲਈ ਕੁਝ ਆਦੇਸ਼ ਦਿੱਤੇ। ਜਿੰਨਾਂ ਨੂੰ ਨਾ ਸਿਰਫ ਇੰਨ੍ਹਾਂ ਭਗੌੜੇ ਅਕਾਲੀਆਂ ਨੇ ਘੱਟੇ ਮਿੱਟੀ ਰੋਲਿਆ ਬਲਕਿ ਬਦਲੇ ਦੀ ਭਾਵਨਾ ਤਹਿਤ ਜਥੇਦਾਰਾਂ ਦੀ ਕਿਰਦਾਰਕੁਸ਼ੀ ਕਰਦਿਆਂ ਉੱਨਾਂ ਨੂੰ ਅਹੁਦਿਆਂ ਤੋਂ ਬਰਖਾਸਤ ਕਰ ਦਿੱਤਾ। ਇਹ ਸਰਾਸਰ ਬਦਲੇ ਦੀ ਭਾਵਨਾ ਤਹਿਤ ਸੀ। ਪੰਜਾਬੀ ਦਾ ਅਖਾਣ ਹੈ ਅਸੀਂ ਮਾਰੀਏ ਤਾਂ ਪੋਲੇ ਜੇ ਤੁਸੀਂ ਮਾਰੋ ਤਾਂ ਠੋਲੇ।

# ਨਿਊਯਾਰਕ ਸ਼ਹਿਰ ਦਾ ਅਗਲਾ ਮੇਅਰ ਹੋਵੇਗਾ ਭਾਰਤੀ

## ਜ਼ੋਹਰਾਨ ਮਮਦਾਨੀ ਨੇ ਜਿੱਤੀ ਡੈਮੋਕ੍ਰੈਟਿਕ ਪਾਰਟੀ ਦੀ ਉਮੀਦਵਾਰੀ




ਨਿਊ ਯਾਰਕ : ਅਮਰੀਕਾ ਦੀ ਆਰਥਿਕ ਰਾਜਧਾਨੀ ਨਿਊ ਯਾਰਕ ਵਿਚ ਪਹਿਲਾ ਭਾਰਤੀ ਮੇਅਰ ਬਣਨਾ ਲਗਭਗ ਯਕੀਨੀ ਹੋ ਗਿਆ ਹੈ। ਜੀ ਹਾਂ, ਡੈਮੋਕ੍ਰੈਟਿਕ ਪਾਰਟੀ ਵੱਲੋਂ ਜ਼ੋਹਰਾਨ ਮਮਦਾਨੀ ਉਮੀਦਵਾਰੀ ਜਿੱਤ ਚੁੱਕੇ ਹਨ ਅਤੇ ਨਿਊ ਯਾਰਕ ਸ਼ਹਿਰ ਵਿਚ ਡੈਮੋਕ੍ਰੈਟਸ ਦਾ ਦਬਦਬਾ ਮੰਨਿਆ ਜਾਂਦਾ ਹੈ। ਗੁਜਰਾਤੀ ਅਤੇ ਪੰਜਾਬੀ ਮਾਪਿਆਂ ਦੀ ਸੰਤਾਨ ਜ਼ੋਹਰਾਨ ਮਮਦਾਨੀ ਦਾ ਜਨਮ ਯੁਗਾਂਡਾ ਵਿਚ ਹੋਇਆ ਅਤੇ ਬਾਅਦ ਵਿਚ ਉਨ੍ਹਾਂ ਦਾ ਪਰਵਾਰ ਅਮਰੀਕਾ ਆ ਕੇ ਵਸ ਗਿਆ। ਨਿਊ ਯਾਰਕ ਸੂਬਾ ਅਸੈਂਬਲੀ ਦੇ 33 ਸਾਲਾ ਮੈਂਬਰ ਜ਼ੋਹਰਾਨ ਮਮਦਾਨੀ ਨੇ ਪਾਰਟੀ ਪੱਧਰ 'ਤੇ 80 ਫ਼ੀ ਸਦੀ ਤੋਂ ਵੱਧ ਵੋਟਾਂ ਹਾਸਲ ਕਰਦਿਆਂ ਮੇਅਰ ਦੀ ਉਮੀਦਵਾਰੀ ਜਿੱਤ ਲਈ ਜਦਕਿ ਸਾਬਕਾ ਗਵਰਨਰ ਐਂਡਰਿਊ ਕੂਮੋ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਆਪਣੇ ਹਮਾਇਤੀਆਂ ਨੂੰ ਸੰਬੋਧਨ ਕਰਦਿਆਂ ਐਂਡਰਿਊ ਕੂਮੋ ਨੇ ਕਿਹਾ ਕਿ ਅੱਜ ਦੀ ਰਾਤ ਜ਼ੋਹਰਾਨ ਮਮਦਾਨੀ ਦੇ ਨਾਂ ਰਹੀ। ਦੂਜੇ ਪਾਸੇ ਨਿਊ ਯਾਰਕ ਸ਼ਹਿਰ ਦੇ ਮੌਜੂਦਾ ਮੇਅਰ ਐਰਿਕ ਐਡਮਜ਼ ਨੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਕਾਰਨ ਡੈਮੋਕ੍ਰੈਟਿਕ ਪਾਰਟੀ ਦੀ ਉਮੀਦਵਾਰੀ ਹਾਸਲ ਕਰਨ ਲਈ ਚੋਣ ਹੀ ਨਾ ਲੜੀ ਅਤੇ ਮੰਨਿਆ ਜਾ ਰਿਹਾ ਹੈ ਕਿ ਉਹ ਆਜ਼ਾਦ ਉਮੀਦਵਾਰ ਵਜੋਂ ਮੇਅਰ ਦੀ ਚੋਣ ਲੜ ਸਕਦੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਡੈਮੋਕ੍ਰੈਟਿਕ ਪਾਰਟੀ ਦਾ ਅਗਾਂਹਵਧੂ ਧੜਾ ਜ਼ੋਹਰਾਨ ਮਮਦਾਨੀ ਦੀ ਪਿੱਠ 'ਤੇ ਆ ਗਿਆ ਅਤੇ ਐਂਡਰਿਊ ਕੂਮੋ ਵਰਗੇ ਤਜਰਬੇਕਾਰ ਸਿਆਸਤਦਾਨ ਦੇ ਪੈਰ ਨਾ ਲੱਗਣ ਦਿਤੇ। ਜ਼ੋਹਰਾਨ ਮਮਦਾਨੀ ਨੇ ਆਪਣੇ ਪ੍ਰਚਾਰ ਦੌਰਾਨ ਨਿਊ ਯਾਰਕ ਸ਼ਹਿਰ ਵਿਚ ਅਸਮਾਨ ਛੂੰਹਦੇ ਰਹਿਣ-ਸਹਿਣ ਦੇ ਖਰਚੇ ਨੂੰ ਮੁੱਦਾ ਬਣਾਇਆ ਅਤੇ ਅਮਰੀਕਾ ਦੇ ਸੰਸਦ ਮੈਂਬਰਾਂ ਦੀ ਹਮਾਇਤ ਹਾਸਲ ਕਰਨ ਵਿਚ ਵੀ ਸਫ਼ਲ ਰਿਹਾ। ਦੂਜੇ ਪਾਸੇ ਰਿਪਬਲਿਕਨ ਪਾਰਟੀ ਵੱਲੋਂ ਕਰਟਿਸ ਸਲੀਵਾ ਮੇਅਰ ਦੀ ਚੋਣ ਦੌਰਾਨ ਉਮੀਦਵਾਰ ਹੋਣਗੇ ਅਤੇ ਇਹ ਵੀ ਸੰਭਵ ਹੈ ਕਿ ਜ਼ੋਹਰਾਨ ਮਮਦਾਨੀ ਤੋਂ ਹਾਰਨ ਵਾਲੇ ਐਂਡਰਿਊ ਕੂਮੋ ਨਵੰਬਰ ਵਿਚ ਪੈਣ ਵਾਲੀਆਂ ਵੋਟਾਂ ਦੌਰਾਨ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿਚ ਨਿੱਤਰ ਆਉਣ। ਉਧਰ ਜ਼ੋਹਰਾਨ ਮਮਦਾਨੀ ਦੇ ਵਿਰੋਧੀਆਂ ਵੱਲੋਂ ਕੂੜ ਪ੍ਰਚਾਰ ਆਰੰਭ ਦਿਤਾ ਗਿਆ ਹੈ। ਨਿਊ ਯਾਰਕ ਸ਼ਹਿਰ ਨੂੰ ਦੁਨੀਆਂ ਦੀ ਆਰਥਿਕ ਰਾਜਧਾਨੀ ਕਰਾਰ ਦਿੰਦਿਆਂ ਕੁਝ ਸਿਆਸਤਦਾਨ ਦਾਅਵਾ ਕਰ ਰਹੇ ਹਨ ਕਿ ਜ਼ੋਹਰਾਨ ਮਮਦਾਨੀ ਮੇਅਰ ਬਣਿਆ ਤਾਂ ਅਮੀਰਾਂ 'ਤੇ ਟੈਕਸਾਂ ਦਾ ਬੋਝ ਵਧ ਸਕਦਾ ਹੈ।















ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com

Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

# ਕਵਿਤਾ ਦੇ ਜੇਠ



ਇਕ ਲੋਕ ਬੋਲੀ ਹੈ।, ਜਿਹੜੀ ਔਰਤ ਮਨ ਦੀ ਵੇਦਨਾ ਨੂੰ ਪ੍ਰਗਟ ਕਰਦੀ ਹੈ ਪਰ ਉਹ ਜੇਠ ਦੇ ਕੋਲੋਂ ਹੀ ਕਿਉਂ 'ਪੰਜ' ਰੁਪਏ ਮੰਗਦੀ ਹੈ ਇਸ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ ਤਾਂ ਮਨੋਵਿਗਿਆਨੀ ਹੀ ਕਰ ਸਕਦੇ ਹਨ ਪਰ ਇਸ ਦੇ ਅੰਦਰ ਛੁਪਿਆ ਉਹ ਸੱਚ ਹੈ ਜਿਸ ਨੂੰ ਅਸੀਂ ਨਾ ਨਿਕਾਰਦੇ ਤੇ ਨਾ ਹੀ ਸਵੀਕਾਰ ਕਰਦੇ ਹਾਂ ਪਰ ਸੱਚ ਤੋਂ ਮੁੱਨਕਰ ਨਹੀਂ ਹੋਇਆ ਜਾ ਸਕਦਾ ਖੈਰ ਤੁਸੀਂ ਆਪੇ ਹੀ ਲਾਓ ਲੱਖਣ ਤੇ ਕਰੋ ਵਿਚਾਰ- ਇਹ ਲੋਕ ਬੋਲੀ ਕੀ ਕਹਿੰਦੀ ਐ ?

''ਜੇਠਾ ਵੇ ਦੇ ਦੇ ਪੰਜ ਰੁਪਈਏ,
ਮੈਂ ਚੜਵਾਉਣੀਆਂ ਵੰਗਾਂ।''

ਆ ਹੁਣ ਜਦੋਂ ਦੀ ਧਰਤੀ ਗਲੋਬਲ ਹੋਈ ਹੈ, ਸੰਸਾਰ ਇੱਕ ਪਿੰਡ ਬਣ ਗਿਆ ਹੈ। ਇਸ ਨੇ ਪਿੰਡ ਖ਼ਤਮ ਕਰ ਦਿੱਤੇ ਤੇ ਸ਼ਹਿਰ ਦਲਦਲ ਵਾਂਗ ਵਧੀ ਜਾ ਰਹੇ ਹਨ। ਹੁਣ ਸੰਚਾਰ ਸਾਧਨਾਂ ਵਿੱਚ ਫੇਸ ਬੁੱਕ, ਟਵਿੱਟਰ ਤੇ ਇੰਟਰਨੈੱਟ ਆਇਆ ਬਸ ਉਦੋਂ ਤੋਂ ਹੀ ਕਵਿਤਾ ਦੀਆਂ ਬਾਹਵਾਂ ਵਿੱਚ ਵੰਗਾਂ ਚੜਾਉਣ ਵਾਲਿਆਂ ਦੀ ਗਿਣਤੀ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਜਿਸ ਦੇ ਚਿੱਤ ਵਿੱਚ ਜੋ ਆਉਂਦਾ, ਉਹ ਕਵਿਤਾ ਦੇ ਨਾਂ ਉਤੇ ਬੇਹੇ ਕੜਾਹ ਵਾਂਗ ਪਰੋਸੀ ਜਾ ਰਿਹਾ। ਪੰਜਾਬੀ ਦੇ ਵਿਚ ਸਭ ਤੋਂ ਵੱਧ ਕਵਿਤਾ ਲਿਖੀ ਜਾ ਰਹੀ ਹੈ ਤੇ ਛਪ ਰਹੀ ਹੈ। ਇਹ ਕਵਿਤਾ ਦੇ ਨਾਂ ਹੇਠ, ਵੰਗਾਂ ਵੀ ਕੱਚ ਦੀਆਂ ਹਨ ਤੇ ਰੰਗ-ਬਰੰਗੀਆਂ, ਕਾਲੀਆਂ, ਪੀਲੀਆਂ, ਨੀਲੀਆਂ ਤੇ ਚਿੱਟੀਆਂ ਪਾਠਕਾਂ ਨੂੰ ਪਹਿਨਾਈਆਂ ਜਾਂਦੀਆਂ ਹਨ ਪਰ ਕੱਚ ਦੇ ਸੱਚ ਨੂੰ ਕੋਈ ਨਹੀਂ ਜਾਣਦਾ- ''ਕੱਚੀ ਯਾਰੀ ਲੱਡੂਆਂ ਦੀ'' । ਲੱਡੂ ਖਾ ਕੇ ਤੁਰ ਦੀ ਬਣੀ।

ਇਸ ਬੋਲੀ ਦੇ ਵਾਂਗ, ਹਰ ਕੋਈ ਆਪਣੀ ਟੁੱਟੀ ਯਾਰੀ ਦੇ ਕੀਰਨੇ ਪਾਉਂਦਾ ਹੈ ਤੇ ਕਵਿਤਾ ਦੀਆਂ ਬਾਹਾਂ ਵਿੱਚ ਵੰਗਾਂ ਚੜ੍ਹਾਉਂਦਾ ਹੈ। ਉਨ੍ਹਾਂ ਨੂੰ ਨਾ ਤਾਂ ਕੱਚ ਦੀ ਤਾਸੀਰ, ਰੰਗਾਂ ਦੀ ਭਾਸ਼ਾ, ਬੋਲੀ ਤੇ ਉਸ ਦੇ ਸੁਭਾਅ ਦਾ ਗਿਆਨ ਤੇ ਨਾ ਹੀ ਸਮਝ ਹੈ। ਹਾਂ ਜੇ ਉਨ੍ਹਾਂ ਨੂੰ ਗਿਆਨ ਹੋਵੇ ਤਾਂ ਉਹ ਕਵਿਤਾ ਦੀਆਂ ਵੰਗਾਂ ਚੁੱਕੀ ਨਾ ਫਿਰਨ। ਜਿਹਨਾਂ ਨੂੰ ਕਵਿਤਾ ਲਿਖਣ ਦਾ ਪਤਾ ਲੱਗ ਜਾਂਦਾ ਹੈ, ਉਹ ਸਾਹਿਤ ਦੇ ਉਸਤਾਦ ਮਿਸਤਰੀ ਬਣ ਜਾਂਦੇ ਹਨ ਤੇ ਉਹ ਫਿਰ ਕਵਿਤਾ ਲਿਖਣ ਵਾਲੇ ਠੇਕਦਾਰ ਬਣ ਬਹਿੰਦੇ ਹਨ।

ਹੁਣ ਆ ਜਦੋਂ ਦਾ ਕਿਤਾਬ ਛਾਪਣ ਦਾ ਕੰਮ ਸੁਖਾਲਾ ਹੋਇਆ ਹੈ। ਇਸ ਨੇ ਹਰ ਕੋਈ ਕਵੀ ਤੇ ਕਵਿਤਰੀ ਬਣਾ ਦਿੱਤੀ ਹੈ। ਜਿਸ ਦੀ ਜੇਬ 'ਚ ਦਮੜੇ ਹਨ; ਉਹ ਆਪਣੀਆਂ ਵੰਗਾਂ ਦੀ ਪਟਾਰੀ ਚੁੱਕ ਕੇ ਪ੍ਰਕਾਸ਼ਕ ਦੇ ਮੱਥੇ ਵਿੱਚ ਇੱਟ ਵਾਂਗ ਵੱਜਦਾ। ਅੱਗੋਂ ਪ੍ਰਕਾਸ਼ਕ ਵੀ ਘਰੇ ਆਈ ਵਿਆਹ ਦੀ ਡੋਲੀ ਵਾਂਗ ਉਸ ਦਾ ਸਵਾਗਤ ਕਰਦਾ ਹੈ। ਉਹ ਪਹਿਲਾਂ ਤਾਂ ਉਸ ਦੇ ਸਿਰ ਉਤੋਂ ਪਾਣੀ ਵਾਰ ਕੀ ਪੀਂਦਾ ਹੈ। ਅਸੀਸਾਂ ਦੇਂਦਾ ਤੇ ਆਂਢਣਾਂ-ਗੁਆਂਢਣਾਂ ਵਾਂਗ ਉਸ ਦੀ 'ਸਾਹਿਤ ਪਟਾਰੀ' ਲਈ ' ਸਾਹਿਤ ਦੇ ਵਿਦਵਾਨ-ਮਰਾਸੀਆਂ ' ਤੋਂ ਸਿਹਰੇ ਲਿਖਵਾਉਦਾ ਤੇ ਰੀਲੀਜ਼ ਸਮਾਗਮ 'ਤੇ ਪੜ੍ਹਾਉਂਦਾ ਹੈ। ਉਝ ਤਾਂ ਪ੍ਰਕਾਸ਼ਕ ਦੀਆਂ ਪੌੜੀਆਂ ਚੜ੍ਹ ਕੇ ਹੀ ਪਤਾ ਲੱਗਦਾ ਹੈ ਕਿ ਪ੍ਰਕਾਸ਼ਕ ਕੀ ਤਾਰੇ ਵਿਖਾਉਦਾ ਹੈ ਜਿਵੇਂ ਪੁਲਸ ਵਾਲੇ ਪਰਚਾ ਦਰਜ ਕਰਨ ਤੇ ਕੇਸ ਭੁਗਤਣ ਦੇ ਦੁੱਖ ਦੱਸਦੇ ਹਨ ਤੇ ਅੱਜ ਕੱਲ੍ਹ ਹਸਪਤਾਲਾਂ ਵਾਲੇ ਮਰੀਜ਼ ਦੇ ਵਾਰਿਸਾਂ ਨੂੰ ਡਰਾਉਂਦੇ ਤੇ ਵਰਚਾਉਂਦੇ ਹਨ। ਮਰੀਜ਼ ਭਾਵੇਂ ਠੀਕ ਹੋਵੇ ਪਰ ਨਾਲ ਆਏ ਦੀਆਂ ਪੁਦੀੜਾਂ ਪੁਆ ਦੇਂਦੇ ਹਨ। ਹੁਣ ਤਾਂ ਹਸਪਤਾਲਾਂ ਵਾਲਿਆਂ ਨੇ ਬਾਊਸਰ ਵੀ ਰੱਖ ਲਏ ਹਨ , ਲੇਖਕਾਂ , ਕਵੀਆਂ ਤੇ ਕਵਿਤਰੀਆਂ ਤੇ ਪ੍ਰਕਾਸ਼ਕਾਂ ਨੇ ਜਿਵੇਂ ਆਲੋਚਕ ਰੱਖੇ ਹੋਏ ਹਨ। ਕੰਮ ਸਭ ਦਾ ਇੱਕੋ ਜਿਹਾ ਹੈ ਝੂਠ ਨੂੰ ਸੱਚ ਬਣਾਉਣਾ।

ਖ਼ੈਰ ਆਪਾਂ ਤਾਂ ਜੇਠ ਦੀ ਗੱਲ ਕਰਦੇ ਸੀ, ਜਦੋਂ ਦਾ ਵਟਸਅਪ, ਫੇਸ ਬੁੱਕ ਉਤੇ ਮੇਰੀ ਪਤਨੀ ਨੇ ਖਾਤਾ ਖੋਲ੍ਹਿਆ ਐ। ਬਸ ਉਸ ਨੂੰ ਇਸ ਦਾ ਭੂਤ ਹੀ ਚੜ੍ਹ ਗਿਆ। ਕਹਿੰਦੀ ਹਮ ਵੀ ਕਵੀ ਹੋਤੇ ਹੈ। ਹੁਣ ਦਿਨ ਰਾਤ ਉਹਦੇ ਨਾਲ ਚਿੰਬੜੀ ਰਹਿੰਦੀ ਐ। ਚੁੱਲ੍ਹੇ ਉਤੇ ਦਾਲ ਧਰ ਕੇ ਭੁੱਲ ਜਾਂਦੀ ਐ, ਚਾਹ ਧਰੂ, ਸੜ ਕੇ ਉਹ ਲੁੱਕ ਬਣ ਜਾਊ। ਪਰ ਇਹ ਆਪਣੇ ਮੋਬਾਇਲ ਤੋਂ ਆਪਣੀਆਂ ਅੱਖਾਂ ਪਰੇ ਨਹੀਂ ਕਰਦੀ।

ਪਹਿਲਾਂ ਪਹਿਲਾਂ ਤਾਂ ਉਹ ਹੋਰਨਾਂ ਦੀਆਂ ਕਵਿਤਾਵਾਂ ਫੇਸਬੁੱਕ ਉੱਤੇ ਪਾਉਂਦੀ ਸੀ। ਜਦੋਂ ਕਿਸੇ ਨੇ ਲਾਈਕ ਕਰਨਾ, ਨਾਲ ਹੀ ਕਮਿੱਟ ਕਰ ਦੇਣਾ, ਕਮਾਲ ਐ, ਬਹੁਤ ਵਧੀਆ, ਲਿਖਦੇ ਰਹੋ। ਉਸਨੇ ਹੋਰ ਫੱਟੇ ਚੱਕ ਦੇਣੇ। ਹੁਣ ਅੱਗਿਓਂ ਲਾਈਕ ਕਰਨ ਵਾਲੇ ਵੀ ਅਜਿਹੇ ਹੀ ਹੁੰਦੇ, ਜਿਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਹੁੰਦਾ ਕਿ ਜਿਹੜੀਆਂ ਕਵਿਤਾ ਦੀਆਂ ਲਾਈਨਾਂ ਨੂੰ ਉਹ ਕਮਾਲ ਦੀ ਕਹਿ ਰਹੇ ਹਨ ਤੇ ਉਸ ਦੀ ਸਿਫ਼ਤ ਕਰ ਰਹੇ ਹਨ। ਉਹ ਸਿਫਤ ਕਰਨ ਦੇ ਜੋਗ ਤਾਂ ਹਨ - ਪਰ ਉਸ ਦੀ ਸਿਰਜਕ ਮੇਰੀ ਪਤਨੀ ਨਹੀਂ ਬਲਕਿ ਕੋਈ ਹੋਰ ਵੱਡਾ ਸ਼ਾਇਰ ਹੈ। ਪਰ ਫੇਸ ਬੁੱਕ ਦੇ ਬਹੁਤੇ 'ਸ਼ਾਇਰ' ਤਾਂ ਕਿਤਾਬ ਤੋਂ ਇਉਂ ਡਰਦੇ ਹਨ ਜਿਵੇਂ ਗੁਲੇਲ ਤੋਂ ਕਾਂ। ਪਰ 'ਹੁਣ ਕਾਂ ਨੂੰ ਕੌਣ ਹਟਾਵੇ ਕਿ ਉਹ ਕਾਂ-ਕਾਂ ਨਾ ਕਰੇ।' ਉਹਨਾਂ ਤਾਂ ਕਾਵਾਂ ਰੌਲੀ ਪਾਉਣੀ ਹੀ ਹੁੰਦੀ ਹੈ। ਇਹ ਪਾਈ ਜਾਂਦੇ ਹਨ। ਕੋਈ ਸੁਣੇ ਜਾਂ ਨਾ ਸੁਣੇ। ਉਨ੍ਹਾਂ ਨੂੰ ਕੀ ਐ!

ਇੱਕ ਦਿਨ ਤਾਂ ਇਕ ਫੇਸ ਬੁਕੀ ਨੇ ਕਮਾਲ ਹੀ ਕਰ ਦਿੱਤੀ। ਉਸ ਨੇ ਮੇਰੀ ਪਤਨੀ ਨੂੰ ਲਿਖ ਦਿੱਤਾ ਕਿ 'ਤੁਸੀਂ ਛੇਤੀ ਛੇਤੀ ਆਪਣੀ ਕਿਤਾਬ ਛਾਪੋ, ਅਸੀਂ ਉਸ ਕਿਤਾਬ ਨੂੰ ਵੱਡੇ ਸਮਾਗਮ ਵਿੱਚ ਰੀਲੀਜ ਕਰਾਂਗੇ। ਅਸੀਂ ਫੇਸ ਬੁਕ ਵਾਲਿਆਂ ਨੇ ਇੱਕ ਸਭਾ ਬਣਾਈ ਐ। ਸਾਡੇ ਕੋਲ ਇੱਕ ਅਜਿਹਾ ਪ੍ਰਕਾਸ਼ਕ ਐ, ਜਿਹੜਾ ਬਿਨਾਂ ਕਿਸੇ ਲਾਭ-ਹਾਨੀ ਦੇ ਕਿਤਾਬ ਛਾਪ ਦਿੰਦਾ ਹੈ। ਤੁਸੀਂ ਬਸ ਵੀਹ ਹਜ਼ਾਰ ਰੁਪਏ ਦਾ ਪ੍ਰਬੰਧ ਕਰੋ। ਬਸ ਫੇਰ ਦੇਖਿਓ ਅਸੀਂ ਤੁਹਾਨੂੰ ਕਿਤਾਬ ਦਾ ਸਰਪਰਾਈਜ਼ ਦੇਵਾਂਗੇ। ਤੁਹਾਡੀਆਂ ਅਸੀਂ ਸਾਰੀਆਂ ਹੀ ਕਵਿਤਾਵਾਂ ਸੰਭਾਲੀਆਂ ਹੋਈਆਂ ਹਨ। ਤੁਹਾਡੇ ਹਾਂ ਪੱਖੀ ਹੁੰਗਾਰੇ ਦੀ ਉਡੀਕ ਕਰਾਂਗਾ।'

ਉਸ ਦੀ ਇਹ ਟਿੱਪਣੀ ਪੜ੍ਹਕੇ ਪਤਨੀ ਤਾਂ ਘਰ ਵਿੱਚ ਇਉਂ ਭੱਜੀ ਫਿਰੇ ਜਿਵੇਂ ਵਿਆਹ ਵਿੱਚ ਨੈਣ ਭੱਜੀ ਫਿਰਦੀ ਹੁੰਦੀ ਐ।

ਜਦੋਂ ਮੈਂ ਪੁੱਛਿਆ 'ਕੀ ਗੱਲ ਐ! ਅੱਜ ਸਰਕਾਰ ਬੜੀ ਖੁਸ਼ ਏ, ਜਿਵੇਂ ਅੱਜ ਕੱਲ੍ਹ ਭਾਜਪਾ ਸਰਕਾਰ, ਧੱਕੇ ਨਾਲ ਚੋਣਾਂ ਜਿੱਤ ਕੇ, ਆਪਣੀ ਪਿੱਠ ਆਪੇ ਥਾਪੜੀ ਜਾਂਦੀ ਐ। ਪਰ ਤੈਨੂੰ ਕਿਹੜੀ ਗਿੱਦੜ ਸਿੰਗੀ ਲੱਭ ਗਈ?'

ਆਖਣ ਲੱਗੀ 'ਥੋਨੂੰ ਕਈ ਵਰ੍ਹੇ ਹੋ ਗਏ ਲਿਖਦਿਆਂ, ਤੁਹਾਡੀ ਇਕ ਕਿਤਾਬ ਨਹੀਂ ਛਪੀ। ਮੈਂ ਅਜੇ ਲਿਖਣਾ ਵੀ ਸ਼ੁਰੂ ਨਹੀਂ ਕੀਤਾ, ਪ੍ਰਸੰਸਕ ਮੇਰੀ ਕਿਤਾਬ ਛਾਪਣ ਦੀ ਤਿਆਰੀ ਕਰੀ ਫਿਰਦੇ ਹਨ।' ਉਸਨੇ ਇੰਝ ਆਖਿਆ ਤਾਂ ਲੱਗਿਆ ਮੇਰੇ ਸਿਰ ਵਿੱਚ ਡਾਂਗ ਮਾਰਤੀ ਹੋਵੇ। ਫੇਰ ਸੰਭਲ ਕੇ ਆਖਿਆ, 'ਭਗਵਾਨੇ! ਤੇਰੀ ਕਿਹੜੀ ਕਿਤਾਬ, ਤੈਂ ਕਦੇ ਅੱਖਰ ਨਹੀਂ ਲਿਖਿਆ। ਕਿਤਾਬ ਤੇਰੀ ਕਿਵੇਂ ਛਪੂ?' ਮੈਂ ਹੈਰਾਨੀ ਪ੍ਰਗਟ ਕੀਤੀ। ਜਦੇ ਹੀ ਉਸ ਦੇ ਮੋਬਾਇਲ 'ਤੇ ਮੈਸਿਜ ਆ ਗਿਆ। ਉਹਨੇ ਮੇਰੇ ਸਾਹਮਣੇ ਮੋਬਾਈਲ ਕਰ ਦਿੱਤਾ।

'ਮੈਡਮ ਕਿਤਾਬ ਲਿਖਣ ਵਾਲੇ ਦਾ ਵੀ ਪ੍ਰਬੰਧ ਹੋ ਗਿਆ। ਤੁਸੀਂ ਫਿਕਰ ਨਹੀਂ ਕਰਨਾ। ਹੁਣ ਫਿਕਰ ਅਸੀਂ ਕਰਾਂਗੇ।

ਉਹਨਾਂ ਨੇ ਪਹਿਲਾਂ ਵੀ ਕਈ ਬੀਬੀਆਂ ਦੀਆਂ ਕਿਤਾਬਾਂ ਲਿਖੀਆਂ ਹਨ। ਬਸ ਖ਼ਰਚ ਥੋੜ੍ਹਾ ਹੋਰ ਕਰਨਾ ਪਊ, ਤੁਸੀਂ ਫਿਕਰ ਨਾ ਕਰੋ। ਤੁਸੀਂ ਸਾਡੇ ਅਕਾਊਂਟ 'ਚ ਬਸ ਦਸ ਕੁ ਹਜ਼ਾਰ ਰੁਪਏ ਜਮ੍ਹਾਂ ਕਰਾ ਦਿਓ। ਬਾਕੀ ਬਾਅਦ 'ਚ ਤੁਸੀਂ ਕਿਸ਼ਤਾਂ ਵਿੱਚ ਜਮ੍ਹਾਂ ਕਰਵਾ ਦੇਣੇ। ਜਿਸ ਦਿਨ ਤੁਸੀਂ ਪੈਸੇ ਜਮ੍ਹਾਂ ਕਰਵਾ ਦਿੱਤੇ, ਬਸ ਉਸ ਦਿਨ ਤੋਂ ਸਵਾ ਮਹੀਨੇ ਬਾਅਦ ਆਪਾਂ 'ਮਕਰਾਂ ਦੇ ਮੱਕੇ' ਵਿੱਚ ਇਹ ਕਿਤਾਬ ਰੀਲੀਜ਼ ਕਰਾਂਗੇ। ਬਸ ਤੁਸੀਂ ਖਾਣ-ਪੀਣ ਦਾ ਪ੍ਰਬੰਧ ਕਰ ਲੈਣਾ। ਬਾਕੀ ਸਾਡਾ ਕੰਮ ਐ, ਪ੍ਰੈਸ ਵਿੱਚ ਵੱਡੀ ਖ਼ਬਰ ਫੋਟੋ ਸਮੇਤ ਛਾਪਣ ਦਾ ਵੀ ਪ੍ਰਬੰਧ ਹੋ ਗਿਆ। ਤੁਸੀਂ ਤਿਆਰੀ ਕਰੋ।' ਤੁਹਾਡੀ ਸਾਰੇ ਪਾਸੇ ਬੱਲੇ ਬੱਲੇ ਹੋ ਜਾਣੀ ਐਂ, ਕੋਈ ਇਨਾਮ ਵੀ ਦੁਆ ਸਕਦੇ!"

ਪਤਨੀ ਨੇ ਜਦੋਂ ਮੈਸਿਜ ਦੀ ਗੱਲ ਦੱਸੀ। ਮੈਂ ਸਿਰ ਫੜ ਕੇ ਬੈਠ ਗਿਆ। ਸੋਚਣ ਲੱਗ ਪਿਆ ਜੇ ਪੰਜਾਬੀ ਸਾਹਿਤ ਵਿੱਚ ਇਹੋ ਜਿਹੇ ਲੇਖਕ ਤੇ ਕਵਿਤਰੀਆਂ ਆਉਣਗੀਆਂ ਤਾਂ ਫਿਰ- ਲੋਕ ਕਿਤਾਬਾਂ ਕਿਹੜੀਆਂ ਪੜ੍ਹਨਗੇ ? ਦਿਓਰਾ ਵੇ ਮੈਨੂੰ ਕਹਿਣ ਕੁੜੀਆਂ ਤੇਰੇ ਮੁੰਡੇ ਦਾ ਤਾਂ ਜੇਠ ਤੇ ਮੁੜੰਗਾ। ਮੈਂਨੂੰ ਗੁਲਸ਼ਨ ਕੋਮਲ ਦੇ ਇਹ ਬੋਲ ਯਾਦ ਕੀ ਆਏ ਤੌਣੀ ਆ ਗਈ। ਫੇਰ ਮਨ ਬਦਲਿਆ ਤੇ ਸੋਚਣ ਲੱਗਿਆ।

ਪੰਜਾਬੀ ਦੇ ਪਾਠਕ ਤਾਂ ਅਖਬਾਰ ਨੀ ਖਰੀਦ ਕੇ ਪੜ੍ਹਦੇ ਤੇ ਉਹ ਇਹੋ ਜਿਹੀਆਂ ਕਿਤਾਬਾਂ ਕਿੱਥੋਂ ਖਰਦੀਣਗੇ? ਕਈ ਵਾਰ ਪਾਠਕ ਤਾਂ ਅਖਬਾਰ ਵਿੱਚ ਕਿਤਾਬ ਦਾ ਰੀਵਿਊ ਪੜ੍ਹਕੇ, ਕਿਤਾਬ ਖਰੀਦ ਲੈਂਦਾ ਹੈ। ਪਰ ਜਦੋਂ ਪੜ੍ਹਦਾ ਤਾਂ ਮੱਥੇ 'ਤੇ ਹੱਥ ਮਾਰਦਾ। ਰੀਵਿਊ ਕਰਨ ਵਾਲੇ ਵੀ ਕਿਤਾਬ ਨੂੰ ਅਸਮਾਨ 'ਤੇ ਚੜ੍ਹ ਦੇਂਦੇ ਹਨ। ਅੱਗਿਓਂ ਪਾਠਕ ਉਸ ਨੂੰ ਪੜ੍ਹ ਕੇ ਕਿਤਾਬ ਖਰੀਦਣ ਤੁਰ ਪੈਂਦਾ ਹੈ। ਸਿਲਸਿਲਾ ਹੁਣ ਕਈ ਵਰ੍ਹਿਆਂ ਤੋਂ ਚਲ ਰਿਹਾ ਹੈ। ਪਤਨੀ ਨੂੰ ਖੁਸ਼ ਰੱਖਣ ਲਈ ਬੰਦੇ ਨੂੰ ਕੀ ਕੀ ਪਾਪੜ ਵੇਲਣੇ ਪੈਂਦੇ ਹਨ, ਇਹ ਤਾਂ ਸਾਰੇ ਹੀ ਜਾਣਦੇ ਹਨ- ਪਰ ਫੋਕੀ ਸ਼ੋਹਰਤ ਲਈ 'ਅੱਕ ਚੱਬਣਾ' ਔਖਾ ਹੁੰਦਾ ਹੈ। ਨਾਲੇ ਪਤਨੀ ਨੂੰ ਕੀ ਪਤਾ ਕਿ ਕਵਿਤਾ ਕੀ ਹੁੰਦੀ ਹੈ? ਪਰ ਉਸ ਨੂੰ ਤਾਂ ਫੇਸ ਬੁੱਕ ਵਾਲੇ ਰੋਜ਼ ਹੀ ਕੁਮੈਂਟ ਕਰ ਕਰ ਕੇ ਉਕਸਾ ਰਹੇ ਹਨ ਕਿ ਉਹ ਵੀ ਲੇਖਿਕਾ ਬਣ ਸਕਦੀ ਹੈ। ਪਰ ਉਹ ਨਹੀਂ ਜਾਣਦੀ ਕਿ....ਪਰਦੇ ਦੇ ਪਿੱਛੇ ਕੀ ਐ?

ਹੁਣ ਤੁਸੀਂ ਆਖੋਂਗੇ ਕਿ ਪਰਦੇ ਦੇ ਪਿੱਛੇ ਕੀ ਹੈ ? ਭਾਈ ਸਾਹਿਬ-ਪਰਦੇ ਦੇ ਪਿੱਛੇ ਉਹੀ ਕੁੱਝ ਹੈ, ਜਿਹੜਾ ਘਰ ਵਾਲੇ ਦੇ ਆਦਮੀ ਦੇ ਮਰਨ ਤੋਂ ਬਾਅਦ ਕਰਦੇ ਆ। ਜਿਵੇਂ ਰੰਡੀ ਉਤੇ ਛੜਾ ਜੇਠ ਚਾਦਰ ਪਾਉਂਦਾ ਹੈ। ਫਿਰ ਇਸ ਚਾਦਰ ਦੇ ਅੰਦਰ ਕੀ ਹੁੰਦਾ ਹੈ?..ਇਹ ਤਾਂ ਤੁਸੀਂ ਵੀ ਸਮਝਦੇ ਤੇ ਜਾਣਦੇ ਹੋ ਪਰ ਦੁੱਖ ਦੀ ਗੱਲ ਐ, ਜਿਹੜੇ ਸਭ ਕੁੱਝ ਜਾਣਦੇ ਹਨ, ਜਿਨਾਂ ਨੂੰ ਪਤਾ ਹੈ ਕਿ ਕਿਵੇਂ ਦੇ 'ਕਵਿਤਾ ਦੇ ਜੇਠ' ਵਧ ਰਹੇ ਹਨ। ਕਵਿਤਾ ਦੇ ਨਾਲ ਰੋਜ਼ਾਨਾ 'ਗੈਂਗ ਰੇਪ' ਹੁੰਦਾ। ਉਹ ਸਭ ਦੇ ਸਭ ਮੂੰਹ 'ਚ ਘੁੰਗਣੀਆਂ ਪਾਈ ਬੈਠੇ ਹਨ। ਜਾਂ ਫਿਰ ਦੂਰੋਂ ਹੀ ਨਜ਼ਾਰੇ ਲੈ ਰਹੇ ਹਨ। ਕਈ ਤਾਂ ਰੋਜ਼ ਹੀ ਕੋਈ ਨਾ ਕੋਈ ਕਿਤਾਬ ਰੀਲੀਜ਼ ਕਰਕੇ ਅਖਬਾਰਾਂ ਨੂੰ ਫੋਟੋ, ਖਬਰ ਭੇਜ ਦੇਂਦੇ ਹਨ। ਬਸ ਉਨਾਂ ਦੀ ਏਸੇ ਨਾਲ ਹੀ ਰੋਟੀ ਹਜ਼ਮ ਹੋ ਜਾਂਦੀ ਐ। ਜਿਹਨਾਂ ਨੂੰ ਕਬਜ਼ ਜਾਂ ਗੈਸ ਦੀ ਬੀਮਾਰੀ ਹੁੰਦੀ ਐ। ਉਹ ਇੱਕ ਦੂਜੇ ਦੀਆਂ ਚੁਗਲੀਆਂ ਕਰ ਕੇ ਆਪਣੀ ਗੈਸ ਖਾਰਜ ਕਰ ਲੈਂਦੇ ਹਨ।

ਪਿਛਲੇ ਸਮਿਆਂ ਦੇ ਵਿਚ ਇਹੋ ਜਿਹੀਆਂ ਕਿੰਨੀਆਂ ਹੀ ਕਿਤਾਬਾਂ ਆਈਆਂ ਹਨ। ਜਿਸ ਵਾਰੇ ਮੈਨੂੰ ਗੀਤ ਯਾਦ ਆ ਗਿਆ-

' ਦਿਉਰਾ ਵੇ ਮੈਨੂੰ ਕਹਿਣ ਕੁੜੀਆਂ, ਤੇਰੇ ਮੁੰਡੇ ਦਾ ਤਾਂ ਜੇਠ 'ਤੇ ਮੁੜੱਗਾ'

ਹੁਣ 'ਕਵਿਤਾ ਦੇ ਜੇਠਾਂ' ਨੂੰ ਕੋਈ ਕੀ ਦੱਸੇ, ਕਵਿਤਾ ਲਿਖਣੀ ਨਾ ਤਾਂ ਕਬਜ਼ ਹੈ, ਨਾ ਹੀ ਗੈਸ ਦੀ ਬੀਮਾਰੀ ਐ। ਉਹ ਤਾਂ ਰੋਜ਼ ਹੀ ਨਵੇਂ ਨਵੇਂ ਚੰਦ ਚਾੜੀ ਜਾਂਦੇ ਹਨ। ਇਹ ਚੰਦ ਹੁਣ ਸਾਡੇ ਘਰ ਵੀ ਚੜ੍ਹਨ ਵਾਲਾ ਹੈ। ਪਰ ਮੈ ਇਹ ਚੰਦ ਕਦੇ ਵੀ ਚੜ੍ਹਨ ਨਹੀਂ ਦਿਆਂਗਾ।

ਭਾਵੇਂ ਮੈਨੂੰ ਕੁੱਝ ਵੀ ਕਰਨਾ ਪਵੇ। ਅੱਖੀਂ ਵੇਖ ਕੇ ਮੱਖੀ ਤਾਂ ਨੀਂ ਨਿਗਲੀ ਜਾ ਸਕਦੀ ਪਰ ਜਿਹੜੇ ਇਹ ਕਰੀ ਤੇ ਜਰੀ ਜਾ ਜਾਂਦੇ ਹਨ, ਉਹ ਕੌਣ ਹਨ ? ਕੀ ਉਹ ਮਾਂ ਬੋਲੀ ਦੇ ਦਲਾਲ ਨੇ ਜਾਂ ਚੰਡਾਲ ਹਨ, ਜਿਹੜੇ ਮਾਂ ਬੋਲੀ ਦੇ ਸੇਵਕ ਬਣੇ ਬੈਠੇ ਹਨ ? ਖੈਰ ਮੈਂ ਆਪਣੀ ਪਤਨੀ ਦਾ ਅਜਿਹਾ ਜੇਠ ਕਿਸੇ ਨੂੰ ਹਰਗਿਜ਼ ਨਹੀਂ ਬਣਨ ਦੇਵਾਂਗਾ ਤੇ ਨਾ ਅਖੌਤੀ ਕਵਿੱਤਰੀ ।

ਪੰਜਾਬੀ ਸਹਿਤ ਦੇ ਵਿਚ ਇਹੋ ਜਿਹੀਆਂ ਕਿੰਨੀਆਂ ਕੁ ਕਿਤਾਬਾਂ ਹਨ? ਇਸ ਦਾ ਪਤਾ ਤਾਂ ਕਿਤਾਬ ਪੜ੍ਹ ਹੀ ਪਤਾ ਲੱਗਦਾ ਹੈ। ਕਈ ਤਾਂ ਪੁਰਾਣੇ ਹਿੰਦੀ ਫਿਲਮਾਂ ਦੇ ਗੀਤਾਂ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਆ ਰਹੀਆਂ ਹਨ, ਜਿਹਨਾਂ ਅਰਬੀ, ਫਾਰਸੀ ਤੇ ਉਰਦੂ ਦਾ ਪਤਾ ਨਹੀਂ ਉਹ ਆਪਣੀਆਂ ਕਵਿਤਾਵਾਂ ਦੇ ਵਿਚ ਉਹ ਸ਼ਬਦ ਵਰਤ ਰਹੇ ਹਨ।

ਪਰ ਜਦੋਂ ਕੋਈ ਸ਼ਬਦ ਦੇ ਅਰਥ ਪੁੱਛ ਲੈਂਦਾ ਹੈ ਤਾਂ ' ਵਾੜ 'ਚ ਫਸੇ ਬਿੱਲੇ ਵਾਂਗ ਦੇਖਦੇ ਹਨ ਤੇ ਉਹਨਾਂ ਨੂੰ ਕੇਨੈਡਾ ਵਿਚ ਵੀ ਤੌਣੀ ਤੇ ਦੁਬਈ ਚ ਠੰਡ ਲੱਗਣ ਲੱਗਦੀ ਹੈ ਪਰ ਹੁਣੇ ਹੀ ਪਤਾ ਲੱਗਾ ਹੈ ਕਿ ਇਕ ਹੀ ਨਹੀਂ ਕਈਆਂ ਦੀ ਕਿਤਾਬ ਵੀ ਕਿਸੇ ਦੀ ਲਿਖੀ ਤੇ ਕਿਸੇ ਦੇ ਨਾਂ 'ਤੇ ਛਪੀ ਹੋਈ ਆ ਗਈ ਹੈ। ਤੁਹਾਡਾ ਕੀ ਖਿਆਲ ਏ ਜੀ? ਪਰ ਇਹ ਜੋ ਕੁੱਝ ਵੀ ਹੋ ਰਿਹਾ ਹੈ ਇਸ ਦੇ ਨਾਲ ਤੁਸੀਂ ਕਿੰਨੇ ਕੁ ਸਹਿਮਤ ਹੋ?



ਬੁੱਧ ਸਿੰਘ ਨੀਲੋਂ
94643 70823

## ਕਹਾਣੀ-ਚਰਖਾ



ਮੀਤੀ ਦਸ ਸਾਲ ਦੀ ਛੋਟੀ ਬੱਚੀ ਸੀ। ਜਿਸ ਨੂੰ ਮੇਲੇ ਜਾਣਾ ਬਹੁਤ ਪਸੰਦ ਸੀ। ਉਹ ਹਮੇਸ਼ਾ ਆਪਣੇ ਪਿੰਡ ਵਿੱਚ ਲੱਗਦਾ ਮੱਸਿਆ ਦਾ ਮੇਲਾ ਦੇਖਣ ਲਈ ਜ਼ਰੂਰ ਜਾਂਦੀ ਸੀ। ਆਪਣੇ ਮਾਂ ਬਾਪ ਨਾਲ ਉਥੋਂ ਉਸਨੂੰ ਵੱਖ ਵੱਖ ਤਰ੍ਹਾਂ ਦੇ ਖਿਡੌਣੇ ਖ਼ਰੀਦਣਾ ਬਹੁਤ ਵਧੀਆ ਲੱਗਦੇ ਸਨ। ਜਿਵੇਂ-ਕਿਚਨ ਸੈੱਟ, ਗੁੱਡੀਆਂ ਪਟੋਲੇ ਆਦਿ।ਜਦੋਂ ਇਸ ਵਾਰ ਹੁਣ ਆਪਣੀ ਮਾਂ ਨਾਲ ਮੇਲਾ ਦੇਖਣ ਗਈ ਤਾਂ ਉਸਦੀ ਨਜ਼ਰ ਇੱਕ ਦੁਕਾਨ ਵਿੱਚ ਪਏ ਇੱਕ ਨਿੱਕੇ ਜਿਹੇ।

ਚਰਖੇ ਉੱਤੇ ਪਈ ਉਹ ਉਸ ਨੂੰ ਖਰੀਦਣ ਦੀ ਜ਼ਿੱਦ ਕਰਨ ਲੱਗੀ। ਉਸਦੀ ਮਾਂ ਨੇ ਉਸ ਦੀ ਗੱਲ ਮੰਨ ਉਸ ਨੂੰ ਚਰਖਾ ਖਰੀਦ ਕੇ ਦੇ ਦਿੱਤਾ । ਮੀਤੀ ਹੁਣ ਖੁਸ਼ ਸੀ। ਆਪਣੇ ਹੱਥ ਵਿੱਚ ਫੜੇ ਚਰਖੇ ਨੂੰ ਵਾਰ ਵਾਰ ਦੇਖ ਰਹੀ ਸੀ। ਮਨ ਵਿੱਚ ਉਸ ਬਾਰੇ ਕਈ ਸਵਾਲ ਇੱਕਠੇ ਕਰਕੇ ਬੈਠੀ ਹੋਈ ਸੀ।

ਪਰ ਜਦੋਂ ਘਰ ਪਹੁੰਚੀ ਤਾਂ ਆਪਣੀ ਮਾਂ ਨੂੰ ਚਰਖੇ ਬਾਰੇ ਬਹੁਤ ਸਵਾਲ ਜਵਾਬ ਕਰਨ ਲੱਗੀ। ਚਰਖੇ ਨੂੰ ਕੌਣ ਤੇ ਕਿਵੇਂ ਬਣਾਉਂਦਾ ਹੈ? ਚਰਖੇ ਨਾਲ ਕੀ ਕਰਦੇ ਹਨ? ਚਰਖੇ ਨੂੰ ਕਿਵੇਂ ਚਲਾਉਂਦੇ ਹਨ?

ਉਸਦੀ ਮਾਂ ਨੂੰ ਵੀ ਬਹੁਤੀ ਜਾਣਕਾਰੀ ਨਾ ਹੋਣ ਕਰਕੇ ਉਸ ਨੂੰ ਉਸਨੇ ਚਰਖੇ ਬਾਰੇ ਚੰਦ ਕੁ ਗੱਲਾਂ ਦੱਸ ਆਪਣਾ ਖਹਿੜਾ ਛੁਡਾਉਣ ਦੀ ਗੱਲ ਕੀਤੀ। ਪਰ ਮੀਤੀ ਦੇ ਸਵਾਲਾਂ ਦੀ ਲੜੀ ਜਿਵੇਂ ਖ਼ਤਮ ਹੋਣ ਦਾ ਨਾਮ ਹੀ ਨਹੀਂ ਲੈ ਰਹੀ ਸੀ। ਇਹ ਦੇਖ ਮੀਤੀ ਨੂੰ ਉਸ ਦੀ ਮੰਮੀ ਨੇ ਝਿੜਕ ਦਿੱਤਾ।ਮੀਤੀ ਹੁਣ ਰੋਂਦੀ ਹੋਈ ਆਪਣੀ ਦਾਦੀ ਕੋਲ ਚੱਲੀ ਗਈ। ਦਾਦੀ ਮੀਤੀ ਨੂੰ ਰੋਂਦੇ ਦੇਖ ਪੁੱਛ ਦੀ ਹੈ ਕਿ ਪੁੱਤ ਕੀ ਗੱਲ ਹੋਈ ਤੂੰ ਰੋਂਦੀ ਕਿਉਂ ਹੈ?

ਹੋਕੇ ਲੈਂਦੀ ਹੋਈ ਮੀਤੀ ਆਪਣੀ ਦਾਦੀ ਨੂੰ ਸਾਰੀ ਗੱਲ ਦੱਸੀ ਤਾਂ ਦਾਦੀ ਮੀਤੀ ਨੂੰ ਚੁੱਪ ਕਰਾਉਂਦੀ ਹੋਈ ਆਪਣੀ ਗੋਦ ਵਿੱਚ ਲੈ ਕੇ ਬੈਠ ਜਾਂਦੀ ਹੈ ਤੇ ਕਹਿੰਦੀ ਹੈ ਕਿ ਪੁੱਤ ਮੈਂ ਤੈਨੂੰ ਚਰਖੇ ਬਾਰੇ ਦੱਸਦੀ ਹਾਂ। ਮੀਤੀ ਆਪਣੀ ਦਾਦੀ ਦੀ ਗੋਦ ਵਿੱਚ ਬੈਠ ਆਪਣੀ ਦਾਦੀ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਨ ਲੱਗ ਪੈਂਦੀ ਹੈ। ਉਸਦੀ ਦਾਦੀ ਉਸ ਨੂੰ ਪਿਆਰ ਨਾਲ ਚਰਖੇ ਬਾਰੇ ਦੱਸਦੀ ਹੈ ਤੇ ਮੀਤੀ ਗੱਲਾਂ ਸੁਣ ਕੇ ਆਪਣੀ ਦਾਦੀ ਨੂੰ ਪੁੱਛਦੀ ਹੈ ਕਿ ਦਾਦੀ ਮਾਂ ਤੁਹਾਨੂੰ ਚਰਖੇ ਬਾਰੇ ਐਨੀਆਂ ਗੱਲਾਂ ਕਿਵੇਂ ਪਤਾ? ਦਾਦੀ ਹੱਸਦੀ ਹੋਈ ਕਹਿੰਦੀ ਹੈ ਕਿ ਪੁੱਤ ਮੈਂ ਛੋਟੀ ਹੁੰਦੀ ਆਪਣੀ ਮਾਂ ਨੂੰ ਚਰਖਾ ਕੱਤਦੇ ਦੇਖ ਦੀ ਸੀ ਤੇ ਫਿਰ ਮੈਂ ਆਪ ਚਰਖਾ ਕੱਤਣਾ ਸਿਖ ਦੀ ਸੀ । ਮੇਰੀ ਮਾਂ ਨੇ ਮੈਨੂੰ ਚਰਖਾ ਦਾਜ ਵਿੱਚ ਵੀ ਦਿੱਤਾ ਸੀ। ਇਹ ਸੁਣ ਮੀਤੀ ਬੜੀ ਹੈਰਾਨੀ ਨਾਲ ਆਪਣੀ ਦਾਦੀ ਨੂੰ ਪੁੱਛਦੀ ਹੈ।

ਕੀ ਦਾਦੀ ਮਾਂ ਹੁਣ ਤੁਹਾਡਾ ਚਰਖਾ ਕਿੱਥੇ ਹੈ? ਮੈਂ ਤੇ ਨਹੀਂ ਦੇਖਿਆ ਕਦੇ? ਹੁਣ ਕਿੱਥੇ ਆ? ਇਹ ਸੁਣ ਉਸ ਦੀ ਦਾਦੀ ਮਾਂ ਕਹਿੰਦੀ ਉਹ ਤਾਂ ਆਪਣੇ ਪੁਰਾਣੇ ਘਰ ਵਿੱਚ ਸੀ ਜਿੱਥੇ ਮੈਂ ਵਿਆਹੀ ਹੋਈ ਆਈ ਸੀ।ਪਰ ਬਾਅਦ ਵਿੱਚ ਆਪਣੇ ਪੁਰਾਣੇ ਘਰ ਦੀ ਥਾਂ ਨਵੀਂ ਕੋਠੀ ਬਣ ਗਈ । ਪੁਰਾਣੀਆਂ ਯਾਦਾਂ ਤਾਂ ਪੁਰਾਣੇ ਘਰ ਵਿੱਚ ਹੀ ਰਹਿ ਗਈਆਂ। ਉੱਥੇ ਹੀ ਦਫ਼ਨ ਹੋ ਰਹਿ ਗਈਆਂ। ਨਾਲੇ ਅੱਖਾਂ ਪੂੰਝਦੀ ਹੋਈ ਕਹਿਣ ਲੱਗੀ ਪੁੱਤ ਇਹਨਾਂ ਵਿਰਾਸਤੀ ਚੀਜ਼ਾਂ ਨੂੰ ਕੋਈ ਵਿਰਲਾ ਹੀ ਆਪਣੇ ਘਰੇ ਹੁਣ ਰੱਖਦਾ ਹੈ ਤੇ ਨਵੀਂ ਪੀੜ੍ਹੀ ਕੋਹਾਂ ਦੂਰ ਹੈ ਇਸ ਤੋਂ ਪਤਾ ਨਹੀਂ ਤੇਰਾ ਮਨ ਕਿਵੇਂ ਕੀਤਾ ?ਚਰਖੇ ਬਾਰੇ ਜਾਣਨ ਲਈ। ਇੰਨੀ ਗੱਲ ਸੁਣਦੀ ਹੋਈ ਛੋਟੇ ਚਰਖੇ ਨੂੰ ਆਪਣੀ ਹਿੱਕ ਨਾਲ ਜੋੜ ਮੀਤੀ ਆਪਣੀ ਦਾਦੀ ਦੀ ਗੋਦ ਵਿੱਚ ਹੀ ਸੌਂ ਜਾਂਦੀ ਹੈ।

ਪਰਮਬੀਰ ਕੌਰ ਰਿਆੜ







## ਸ਼੍ਰੋਮਣੀ ਅਕਾਲੀ ਦਲ

# ਹੁਣ ਪੀੜ੍ਹੀ ਹੇਠ ਸੋਟਾ ਫੇਰਨ ਦਾ ਵੇਲਾ




ਚਰਨਜੀਤ ਭੁੱਲਰ

ਚੰਡੀਗੜ੍ਹ : ਹਲਕਾ ਲੁਧਿਆਣਾ ਪੱਛਮੀ ਦੀ ਉਪ ਚੋਣ ਦੇ ਨਤੀਜੇ ਸ਼੍ਰੋਮਣੀ ਅਕਾਲੀ ਦਲ ਲਈ ਅੱਖਾਂ ਖੋਲ੍ਹਣ ਵਾਲੇ ਹਨ। ਸੁਖਬੀਰ ਸਿੰਘ ਬਾਦਲ ਦੇ ਮੁੜ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਸੰਭਾਲਣ ਮਗਰੋਂ ਇਹ ਪਹਿਲੀ ਸਿਆਸੀ ਪ੍ਰੀਖਿਆ ਸੀ ਜਿਸ ’ਚ ਪਾਰਟੀ ਬੁਰੀ ਤਰ੍ਹਾਂ ਫ਼ੇਲ੍ਹ ਸਾਬਤ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਦੀ ਜ਼ਮਾਨਤ ਜ਼ਬਤ ਹੋ ਗਈ ਹੈ ਅਤੇ ਉਨ੍ਹਾਂ ਨੂੰ ਮਹਿਜ਼ 8203 ਵੋਟਾਂ (9.1 ਫ਼ੀਸਦੀ) ਮਿਲੀਆਂ ਹਨ। ਇਸ ਹਲਕੇ ’ਚ ਪਾਰਟੀ ਚੌਥੇ ਨੰਬਰ ’ਤੇ ਆਈ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਹਲਕੇ ’ਚ ਪੂਰੀ ਵਾਹ ਲਾਈ ਸੀ ਪ੍ਰੰਤੂ ਪਾਰਟੀ ਦਾ ਉਮੀਦਵਾਰ ਪਿਛਲੀ 2022 ਦੀ ਵਿਧਾਨ ਸਭਾ ਚੋਣ ਨਾਲੋਂ ਵੀ ਹੇਠਾਂ ਆ ਗਿਆ ਹੈ। 2022 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹੇਸ਼ਇੰਦਰ ਸਿੰਘ ਗਰੇਵਾਲ ਨੂੰ 10,072 ਵੋਟਾਂ ਮਿਲੀਆਂ ਸਨ। ਵਿਧਾਨ ਸਭਾ ਦੀਆਂ 1977 ਤੋਂ ਹੁਣ ਤੱਕ ਦਸ ਵਿਧਾਨ ਸਭਾ ਚੋਣਾਂ ’ਤੇ ਨਜ਼ਰ ਮਾਰੀਏ ਤਾਂ ਅਕਾਲੀ ਦਲ ਦੋ ਵਾਰ ਇਸ ਹਲਕੇ ਤੋਂ ਜਿੱਤਿਆ ਹੈ। 2007 ਵਿੱਚ ਪਾਰਟੀ ਉਮੀਦਵਾਰ ਹਰੀਸ਼ ਰਾਏ ਢਾਂਡਾ ਨੇ 57.0 ਫ਼ੀਸਦੀ ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਸੀ।

1997 ਵਿੱਚ ਮਹੇਸ਼ਇੰਦਰ ਸਿੰਘ ਗਰੇਵਾਲ ਇਸ ਹਲਕੇ ਤੋਂ 55.2 ਫ਼ੀਸਦੀ ਵੋਟਾਂ ਲੈ ਕੇ ਜਿੱਤੇ ਸਨ। ਮੌਜੂਦਾ ਉਪ ਚੋਣ ’ਚ ਪਾਰਟੀ ਨੇ ਹੁਣ ਤੱਕ ਦੀਆਂ ਸਾਰੀਆਂ ਚੋਣਾਂ ਤੋਂ ਘੱਟ ਵੋਟਾਂ ਲਈਆਂ ਹਨ। ਦੱਸਦੇ ਹਨ ਕਿ ਪਾਰਟੀ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਦਾ ਨਿੱਜੀ ਰਸੂਖ਼ ਹੀ ਬਹੁਤਾ ਕੰਮ ਆਇਆ ਹੈ। ਚੋਣ ਪ੍ਰਚਾਰ ਦੌਰਾਨ ਅਕਾਲੀ ਦਲ ਵਿੱਚ ਘਰ ਵਾਪਸੀ ਕਰਨ ਵਾਲੇ ਆਗੂ ਸਿਕੰਦਰ ਸਿੰਘ ਮਲੂਕਾ ਅਤੇ ਸੋਹਣ ਸਿੰਘ ਠੰਡਲ ਵੀ ਵੋਟ ਬੈਂਕ ’ਤੇ ਕੋਈ ਅਸਰ ਨਹੀਂ ਪਾ ਸਕੇ। ਸਿਆਸੀ ਮਾਹਿਰ ਆਖਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਲਈ ਪੀੜ੍ਹੀ ਹੇਠ ਸੋਟਾ ਫੇਰਨ ਦਾ ਵੇਲਾ ਹੈ। ਇਸ ਚੋਣ ਨਤੀਜੇ ਨੇ ਹੁਣ ਸ਼੍ਰੋਮਣੀ ਅਕਾਲੀ ਦਲ ਨੂੰ ਭਾਜਪਾ ਦੇ ਪਿੱਛੇ ਚੱਕਰ ਕੱਟਣ ਦੀ ਸੰਭਾਵਨਾ ਵਧਾ ਦਿੱਤੀ ਹੈ। ਪਾਰਟੀ ਲੀਡਰਸ਼ਿਪ ਅੰਦਰੋਂ ਮਹਿਸੂਸ ਕਰਨ ਲੱਗੀ ਹੈ ਕਿ ਭਾਜਪਾ ਨਾਲ ਗੱਠਜੋੜ ਕੀਤੇ ਬਿਨਾਂ ਬੇੜੀ ਬੰਨੇ ਨਹੀਂ ਲੱਗਣੀ। ਸ਼੍ਰੋਮਣੀ ਅਕਾਲੀ ਦਲ ਲਈ ਬੁਰੇ ਦਿਨ 2017 ਤੋਂ ਹੀ ਸ਼ੁਰੂ ਹੋ ਗਏ ਸਨ ਜਦੋਂ ਕਿ ਪਾਰਟੀ ਦੀ ਝੋਲੀ ਸਿਰਫ਼ 15 ਸੀਟਾਂ ਪਈਆਂ ਸਨ। 2022 ਦੀਆਂ ਵਿਧਾਨ ਸਭਾ ਚੋਣਾਂ ’ਚ ਪਾਰਟੀ ਕੋਲ ਤਿੰਨ ਵਿਧਾਇਕ ਹੀ ਰਹਿ ਗਏ ਸਨ।

ਇਸ ਹਾਰ ਮਗਰੋਂ ਪਾਰਟੀ ਨੇ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ’ਚ ਕਮੇਟੀ ਬਣਾਈ ਪ੍ਰੰਤੂ ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਦਾ ਵੋਟ ਸ਼ੇਅਰ ਸਿਰਫ਼ 13.42 ਫ਼ੀਸਦੀ ਰਹਿ ਗਿਆ ਜੋ ਕਿ ਸਾਲ 2019 ਦੀਆਂ ਚੋਣਾਂ ਵੇਲੇ 27.45 ਫ਼ੀਸਦੀ ਸੀ। ਲੋਕ ਸਭਾ ਚੋਣਾਂ 2024 ’ਚ ਪਾਰਟੀ ਦੇ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। ਇਸ ਖ਼ੌਫ਼ ’ਚ ਪਾਰਟੀ ਨੇ ਚਾਰ ਸੀਟਾਂ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਦੀ ਉਪ ਚੋਣ ਹੀ ਨਹੀਂ ਲੜੀ। ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਪਾਰਟੀ ਨੇ ਬਸਪਾ ਦੀ ਹਮਾਇਤ ਕੀਤੀ ਅਤੇ ਇਸ ਦੇ ਬਾਵਜੂਦ ਬਸਪਾ ਉਮੀਦਵਾਰ ਬਿੰਦਰ ਕੁਮਾਰ ਲਾਖਾ ਨੂੰ 734 ਵੋਟਾਂ ਮਿਲੀਆਂ। ਸੰਗਰੂਰ ਲੋਕ ਸਭਾ ਦੀ ਉਪ ਚੋਣ ’ਚ ਪਾਰਟੀ ਉਮੀਦਵਾਰ ਕਮਲਦੀਪ ਕੌਰ ਰਾਜੋਆਣਾ ਨੂੰ 6.24 ਫ਼ੀਸਦੀ ਵੋਟ ਮਿਲੇ ਅਤੇ ਪਾਰਟੀ ਚੌਥੇ ਨੰਬਰ ’ਤੇ ਰਹੀ। ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ’ਚ ਪਾਰਟੀ ਦੇ ਉਮੀਦਵਾਰ ਸੁਖਵਿੰਦਰ ਕੁਮਾਰ ਸੁੱਖੀ ਨੂੰ 17.85 ਫ਼ੀਸਦੀ ਵੋਟ ਮਿਲੇ ਜੋ ਤੀਜੇ ਨੰਬਰ ’ਤੇ ਰਿਹਾ।

ਮੌਜੂਦਾ ਉਪ ਚੋਣ ’ਚ ਸ਼੍ਰੋਮਣੀ ਅਕਾਲੀ ਦਲ ਤਾਂ ਭਾਜਪਾ ਨਾਲੋਂ ਵੀ ਪਛੜ ਗਿਆ ਹੈ। ਸੰਗਰੂਰ ਲੋਕ ਸਭਾ ਉਪ ਚੋਣ ’ਚ ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਅਕਾਲੀ ਦਲ ਤੋਂ ਅੱਗੇ ਨਿਕਲ ਗਿਆ ਸੀ। ਸਾਲ 2017 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਗਰਾਫ਼ ਦੀ ਨਿਵਾਣ ਨੂੰ ਠੱਲ੍ਹ ਹੀ ਨਹੀਂ ਪੈ ਰਹੀ ਹੈ। ਮੌਜੂਦਾ ਉਪ ਚੋਣ ਦੇ ਨਤੀਜੇ ਮਗਰੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਗੱਠਜੋੜ ਬਹਾਲ ਹੋਣ ਦੇ ਮੌਕੇ ਵੱਧ ਜਾਣੇ ਹਨ।

### ਸੁਖਬੀਰ ਦੀ ਅਗਵਾਈ ਲੋਕਾਂ ਨੇ ਨਕਾਰੀ: ਰੱਖੜਾ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਅਤੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਉਪ ਚੋਣ ਵਿੱਚ ਹੋਈ ਹਾਰ ’ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਹਲਕੇ ਵਿੱਚ ਚੋਖੀ ਸਿੱਖ ਵੋਟ ਦੇ ਬਾਵਜੂਦ ਪੰਥ ਦੀ ਨੁਮਾਇੰਦਾ ਜਮਾਤ, ‘ਜੋ ਹੁਣ ਧੜੇ ਦੇ ਰੂਪ ਵਿੱਚ ਹੈ’ ਦੇ ਉਮੀਦਵਾਰ ਦੀ ਜ਼ਮਾਨਤ ਤੱਕ ਜ਼ਬਤ ਹੋਣਾ ਸਾਫ਼ ਕਰਦਾ ਹੈ ਕਿ ਸਿੱਖ ਵੋਟਰ ਬਹੁਤ ਜ਼ਿਆਦਾ ਨਾਰਾਜ਼ ਹਨ। ਆਗੂਆਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਸੰਗਤ ਨੇ ਬੁਰੀ ਤਰਾਂ ਨਕਾਰ ਦਿੱਤਾ ਹੈ ਕਿਉਂਕਿ ਸ੍ਰੀ ਅਕਾਲ ਤਖ਼ਤ ਤੋਂ ਭਗੌੜੇ ਆਗੂ ਸਿੱਖ ਸੰਗਤ ਤੇ ਪੰਜਾਬੀਆਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਲਈ ਬਿਨਾਂ ਦੇਰੀ ਤੁਰੰਤ ਪੰਥ ਦੀ ਨੁਮਾਇੰਦਾ ਜਮਾਤ (ਸ਼੍ਰੋਮਣੀ ਅਕਾਲੀ ਦਲ) ਪੰਥ ਹਵਾਲੇ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਨ ਮੈਨ ਸ਼ੋਅ ਵਾਲੀ ਸਿਆਸੀ ਭੁਲੇਖਾ ਪਾਊ ਸਿਆਸਤ ਦਾ ਇਸ ਸ਼ਰਮਨਾਕ ਹਾਰ ਕਾਰਨ ਅੰਤ ਹੋ।

## ਦਰਦ

ਕੁਝ ਇਸ ਤਰ੍ਹਾਂ
ਖੁਦ ਨੂੰ ਸੰਵਾਰਿਆ ਮੈਂ
ਹਰ ਖੁਦਗਰਜ਼ ਸ਼ਖ਼ਸ
ਦਿਲ ਤੋਂ ਵਿਸਾਰਿਆ ਮੈਂ
ਲੋਕ ਪਾਲਦੇ ਨੇ ਸੱਧਰਾਂ ਤੇ ਚਾਵਾਂ ਨੂੰ
ਪਰ ਆਪਣੇ ਦਰਦ ਨੂੰ ਹੀ
ਬੱਚਿਆਂ ਦੇ ਵਾਂਗ ਪਾਲਿਆ ਮੈਂ
ਜਿਨਾਂ ਰਾਹਾਂ 'ਤੇ ਸੂਲਾਂ
ਵਿਛਾਈਆਂ ਆਪਣਿਆਂ
ਉਨਾਂ ਰਾਹਾਂ ਨੂੰ ਸਿਜਦਾ ਕਰ
ਹੱਸ ਕੇ ਵਕਤ ਗੁਜ਼ਾਰਿਆ ਮੈਂ
ਕੁਝ ਇਸ ਤਰ੍ਹਾਂ
ਖੁਦ ਨੂੰ ਸੰਵਾਰਿਆ ਮੈਂ।

## ਕਿਤਾਬਾਂ ਵਰਗੀਆਂ ਕੁੜੀਆਂ

ਕਿਤਾਬਾਂ ਵਰਗੀਆਂ ਕੁੜੀਆਂ
ਜਦੋਂ
ਕਿਸੇ ਸੱਧਰਾਂ ਵਿਹੂਣੇ
ਅਨਪੜ੍ਹ ਦੇ
ਲੜ ਲੱਗਦੀਆਂ
ਫੇਰ ਓਹ ਪੜ੍ਹੀਆਂ
ਨੀਂ ਜਾਂਦੀਆਂ
ਸਗੋਂ ਵੇਚੀਆਂ ਜਾਂਦੀਆਂ
ਜਿਸਮਾਂ ਦੀ ਮੰਡੀ ਚ
ਫੇਰ ਓਹ
ਪਿਆਰੀਆਂ ਸਤਿਕਾਰੀਆਂ
ਨੀਂ ਜਾਂਦੀਆਂ ਸਗੋਂ
ਦੁਰਕਾਰੀਆਂ ਤੇ ਸਾੜੀਆਂ
ਜਾਂਦੀਆਂ
ਦਾਜ਼ ਦੀ ਅੱਗ ਚ
ਕਿੰਨੇ ਚਾਅ ਕਿੰਨੀਆਂ ਸੱਧਰਾਂ
ਆਪਣੇ ਅੰਦਰ ਦਫ਼ਨ ਕਰ
ਸਾਰੀ ਉਮਰ ਸੇਕਦੀਆਂ
ਓਹ ਆਪਣੇ ਅੰਦਰ
ਧੁੱਖਦੇ ਸਿਵੇ ਦਾ ਸੇਕ
ਤੇ ਅੰਤ
ਪਿਆਰ ਵਿਹੂਣੀਆਂ
ਚੁੱਪ ਚਾਪ ਤੁਰ ਜਾਂਦੀਆਂ
ਜਹਾਨ ਤੋਂ
ਆਪਣਾ ਧੀ, ਭੈਣ,
ਪਤਨੀ, ਮਾਂ ਹੋਣ
ਦਾ ਫਰਜ਼ ਨਿਭਾ ।



ਜਸਪ੍ਰੀਤ ਕੌਰ ਸੰਘਾ।

## ਕਵਿਤਾ- ਸਾਥ ਮੇਰਾ

ਤੂੰ ਤੁਰ ਗਈ ਏ,
ਜਦ ਦੀ, ਛੱਡ ਸ਼ਹਿਰ ਮੇਰਾ।
ਨਾ ਮਿਲਦੀ ਮੈਨੂੰ,
ਤੂੰ ਆ ਉਦੋਂ, ਜਦੋਂ ਪਾਵੇ ਫੇਰਾ।
ਕਦੇ ਕੀਤੀ ਕਾਲ ਨਹੀਂ,
ਕਦੇ ਪੁੱਛਿਆ ਹਾਲ ਨਹੀਂ।
ਲੱਗਦੇ ਮੈਨੂੰ ਤੈਨੂੰ ਸਤਾਉਂਦੇ,
ਕਦੇ ਮੇਰੇ ਖ਼ਿਆਲ ਨਹੀਂ।
ਨਾ ਲਿਖ ਹੁੰਦੇ ਗੀਤ ਮੇਰੇ ਤੋਂ,
ਲਿਖੀ ਜਾਂਦਾ ਕਾਵਿਤਾਵਾਂ ਨੀ।
ਪਵੇ ਭੁਲੇਖਾ ਗੀਤਾਂ ਦਾ ਕਿਸੇ ਨੂੰ,
ਜਦੋਂ ਜਦੋਂ ਮੈਂ ਗਾਵਾਂ ਨੀ।
ਨਾ ਦਿੰਦਾ ਕੋਈ ਸਾਥ ਮੇਰਾ,
ਤੈਨੂੰ ਭੁੱਲਾਉਣ ਲਈ।
ਲੈ ਨਾਮ ਤੇਰਾ ਮੈਨੂੰ ਛੇੜਦੇ,
ਛੇੜਦੇ ਸਤਾਉਣ ਲਈ।
ਕੋਈ ਲਿਖਣ ਨਾ ਦਿੰਦਾ ਏ,
ਨਾ ਹੀ ਕੋਈ ਗਾਉਣ ਦਿੰਦਾ ਏ।
ਨਾ ਦਿੰਦਾ ਚੈਨ ਨਾਲ ਜੀਣ,
ਨਾ ਖ਼ੁਦ ਨੂੰ ਮੁਕਾਉਣ ਦਿੰਦਾ ਏ।

ਸਰਬਜੀਤ ਸੰਗਰੂਰਵੀ

# ਪੀਲ ਪੋਲੀਸ ਵੱਲੋਂ ਕਰਵਾਈ ਗਈ '24ਵੀਂ ਰੇਸ ਅਗੇਨਸਟ ਰੇਸਿਜ਼ਮ' 'ਚ ਟੀਪੀਏਆਰ ਕਲੱਬ ਦੇ 97 ਮੈਂਬਰਾਂ ਨੇ ਲਿਆ ਹਿੱਸਾ








ਮਿਸੀਸਾਗਾ, (ਡਾ. ਝੰਡ) – ਲੰਘੇ ਸ਼ਨੀਵਾਰ 21 ਜੂਨ ਨੂੰ ਪੀਲ ਰਿਜਨ ਪੋਲੀਸ ਵੱਲੋਂ ਮਿਸੀਸਾਗਾ ਵੈਲੀ ਕਮਿਊਨਿਟੀ ਸੈਂਟਰ ਨੇੜਲੇ ਪਾਰਕ ਤੋਂ ਆਰੰਭ ਕੀਤੀ ਗਈ '24ਵੀਂ 'ਰੇਸ ਅਗੇਨਸਟ ਰੇਸਿਜ਼ਮ' ਵਿਚ ਬਰੈਂਪਟਨ ਦੀ ਸਰਗ਼ਰਮ ਕਲੱਬ 'ਟੀਪੀਏਆਰ ਕਲੱਬ' (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਕਲੱਬ ਦੇ 76 ਮੈਂਬਰ ਇਸ ਮੰਤਵ ਲਈ ਕਈ ਦਿਨ ਪਹਿਲਾਂ ਹੀ ਕਲੱਬ ਵੱਲੋਂ ਆਪਣੇ ਨਾਵਾਂ ਦੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਸਨ, ਜਦ ਕਿ 21 ਮੈਂਬਰਾਂ ਨੇ ਆਪਣੀ ਰਜਿਸਟ੍ਰੇਸ਼ਨ 'ਰੇਸ ਅਗੇਨਨਸਟ ਰੇਸਿਜ਼ਮ' ਦੀ ਵੈੱਬਸਾਈਟ 'ਤੇ ਜਾ ਕੇ ਸਿੱਧੀ ਹੀ 'ਆਨ-ਲਾਈਨ' ਦਰਜ ਕਰਵਾਈ। ਇਸ ਤਰ੍ਹਾਂ ਇਸ 5 ਕਿਲੋਮੀਟਰ 'ਰੇਸ ਅਗੇਨਸਟ ਰੇਸਿਜ਼ਮ' ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਏ ਦੌੜਾਕਾਂ ਤੇ ਵਾੱਕਰਾਂ ਵਿੱਚ ਟੀਪੀਏਆਰ ਕਲੱਬ ਦੇ ਮੈਂਬਰਾਂ ਦਾ ਇੱਕ ਵੱਡਾ ਗਰੁੱਪ ਆਪਣੀਆਂ ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਪਹਿਨੀ ਵੱਖਰੀ ਦਿੱਖ ਨਾਲ ਦੂਰੋਂ ਹੀ ਪਹਿਚਾਣਿਆ ਜਾ ਰਿਹਾ ਸੀ। ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਹੋਇਆਂ ਦੌੜ ਦੀ ਸਮਾਪਤੀ 'ਤੇ ਪੀਲ ਰਿਜਨ ਪੋਲੀਸ ਦੇ ਮੁਖੀ ਨਿਸ਼ਾਨ ਦੁਰਿਆਪਾਹ ਨੇ ਉਚੇਚੇ ਤੌਰ 'ਤੇ ਕਲੱਬ ਦੇ ਮੈਂਬਰਾਂ ਦੇ ਨਾਲ ਤਸਵੀਰ ਖਿਚਵਾਈ। ਇੱਥੇ ਇਹ ਜ਼ਿਕਰਯੋਗ ਹੈ ਕਿ ਪੀਲ ਰੀਜਨਲ ਪੋਲੀਸ ਦੀ ਸਥਾਪਨਾ 1 ਜਨਵਰੀ 1974 ਨੂੰ ਕੀਤੀ ਗਈ ਸੀ ਜਦੋਂ ਮਿਸੀਸਾਗਾ, ਪੋਰਟ ਕਰੈਡਿੱਟ, ਸਟਰੀਟਵਿਲ, ਬਰੈਂਪਟਨ ਅਤੇ ਚਿੰਗੂਆਕੂਜ਼ੀ ਨੂੰ ਮਿਲਾ ਕੇ 'ਰੀਜਨਲ ਮਿਊਨਿਸਿਪਲਿਟੀ ਆਫ਼ ਪੀਲ' ਬਣਾਈ ਗਈ। ਉਸ ਸਮੇਂ 1974 ਵਿੱਚ ਇਸ ਪੋਲੀਸ ਆਰਗੇਨਾਈਜ਼ੇਸ਼ਨ ਕੋਲ ਕੇਵਲ 467 ਪੋਲੀਸ ਅਫ਼ਸਰ, 14 ਕੈਡਿਟ ਅਤੇ 78 ਸਿਵਲੀਅਨ ਕਰਮਚਾਰੀ ਸਨ। ਜਿਵੇਂ-ਜਿਵੇਂ ਇਸ ਰੀਜਨ ਦੀ ਆਬਾਦੀ ਵਿੱਚ ਵਾਧਾ ਹੁੰਦਾ ਗਿਆ, ਇਸ ਦੇ ਅਮਲੇ ਦੀ ਗਿਣਤੀ ਵੀ ਵੱਧਦੀ ਗਈ। ਇਹ ਸਮੇਂ ਦੀ ਲੋੜ ਵੀ ਸੀ, ਕਿਉਂਕਿ ਕੈਨੇਡਾ ਵਿੱਚ ਦੁਨੀਆਂ 160 ਤੋਂ ਵਧੀਕ ਦੇਸ਼ਾਂ ਤੋਂ ਆਏ ਵੱਖ-ਵੱਖ ਧਰਮਾਂ, ਜਾਤਾਂ ਤੇ ਕਮਿਊਨਿਟੀਆਂ ਦੇ ਲੋਕਾਂ ਦੀ ਆਮਦ ਨਾਲ ਇੱਥੇ ਅਪਰਾਧ ਅਤੇ ਆਪਸੀ ਨਫ਼ਰਤ ਵਿੱਚ ਵੀ ਕਾਫ਼ੀ ਵਾਧਾ ਹੋਇਆ। ਵੱਖ-ਵੱਖ ਕਮਿਊਨਿਟੀਆਂ ਦੇ ਵਿਚਕਾਰ ਆਪਸੀ ਨਫ਼ਰਤ ਨੂੰ ਰੋਕਣ ਲਈ ਅਤੇ ਇਸ ਦੀ ਥਾਂ ਆਪਸੀ ਨੇੜਤਾ, ਪ੍ਰੇਮ-ਪਿਆਰ ਅਤੇ ਇਤਫ਼ਾਕ ਵਧਾਉਣ ਲਈ ਪੀਲ ਪੋਲੀਸ ਵੱਲੋਂ 'ਰੇਸ ਅਗੇਨਸਟ ਰੇਸਿਜ਼ਮ' ਦੀ ਸ਼ੁਰੂਆਤ 2001 ਵਿੱਚ ਕੀਤੀ ਗਈ। ਇਸ ਤੋਂ ਪਹਿਲਾਂ ਪੀਲ ਪੋਲੀਸ ਵੱਲੋਂ ਇਹ ਉਪਰਾਲਾ 23 ਵਾਰ ਹੋ ਚੁੱਕਾ ਹੈ ਅਤੇ ਇਸ ਵਾਰ ਇਹ '24ਵੀਂ ਰੇਸ ਅਗੇਨਸਟ ਰੇਸਿਜ਼ਮ' ਸੀ। ਇਸ ਮਹੱਤਵਪੂਰਨ ਈਵੈਂਟ ਦੀ 'ਸਿਲਵਰ ਜੁਬਲੀ' ਪੀਲ ਰੀਜਨ ਪੋਲੀਸ ਵੱਲੋਂ ਅਗਲੇ ਸਾਲ ਬੜੀ ਸ਼ਾਨੋ-ਸ਼ੌਕਤ ਨਾਲ ਮਨਾਈ ਜਾ ਰਹੀ ਹੈ। ਪੀਲ ਰੀਜਨ ਪੋਲੀਸ ਅਧੀਨ ਇਸ ਸਮੇਂ ਤਿੰਨ ਵੱਡੇ ਸ਼ਹਿਰ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡਨ ਹਨ ਜਿਨ੍ਹਾਂ ਵਿੱਚ ਇਮੀਗਰੈਂਟਾਂ ਦੀ ਆਮਦ ਨਾਲ ਆਬਾਦੀ ਬੜੀ ਤੇਜ਼ੀ ਨਾਲ ਵੱਧਦੀ ਜਾ ਰਹੀ ਹੈ।

ਟੀਪੀਏਆਰ ਕਲੱਬ ਦੇ ਮੈਂਬਰ ਆਪੋ ਆਪਣੇ ਸਾਧਨਾਂ ਨਾਲ ਸਵੇਰੇ 9.00 ਵਜੇ ਮਿਸੀਸਾਗਾ ਵੈਲੀ ਕਮਿਊਨੀਕੇਸ਼ਨ ਸੈਂਟਰ ਵਿਖੇ ਪਹੁੰਚ ਗਏ ਜਿੱਥੇ ਇਸ ਰੇਸ ਦਾ ਆਰੰਭ ਪ੍ਰਬੰਧਕਾਂ ਵੱਲੋਂ 9.30 ਵਜੇ ਕੀਤਾ ਜਾਣਾ ਸੀ। ਇਸ ਮੰਤਵ ਲਈ ਬਣਾਈ ਗਈ ਸਟੇਜ ਤੋਂ ਪ੍ਰਬੰਧਕਾਂ ਵੱਲੋਂ ਆਏ ਦੌੜਾਕਾਂ ਤੇ ਵਾੱਕਰਾਂ ਨੂੰ 'ਜੀ-ਆਇਆਂ' ਕਹਿਣ ਅਤੇ ਉਨ੍ਹਾਂ ਨੂੰ ਦਿੱਤੀਆਂ ਗਈਆਂ ਕੁਝ ਹਦਾਇਤਾਂ ਤੋਂ ਬਾਅਦ ਇਹ 'ਰੇਸ ਅਗੇਨਸਟ ਰੇਸਿਜ਼ਮ' ਸਵੇਰੇ 9.50 'ਤੇ ਆਰੰਭ ਹੋ ਗਈ। ਮਿਸੀਸਾਗਾ ਵੈਲੀ ਕਰੀਕ ਦੇ ਕੰਢੇ-ਕੰਢੇ ਇਸ ਰੇਸ ਦਾ ਰੂਟ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਬੜਾ ਮਨਮੋਹਕ ਸੀ। ਕਰੀਕ ਵਿੱਚ ਪੱਥਰਾਂ ਵਿੱਚ ਦੀ ਚੱਲ ਰਿਹਾ ਸਾਫ਼ ਪਾਣੀ ਦੌੜਾਕਾਂ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਿਹਾ ਸੀ, ਜਿਵੇਂ ਇਹ ਉਨ੍ਹਾਂ ਨੂੰ ਕਹਿ ਰਿਹਾ ਹੋਵੇ ਕਿ ਤੁਸੀਂ ਵੀ ਮੇਰੇ ਵਾਂਗ ਚੱਲਦੇ ਹੀ ਰਹਿਣਾ ਹੈ ਤੇ ਰਸਤੇ ਵਿੱਚ ਕਿਤੇ ਰੁਕਣਾ ਨਹੀਂ ਹੈ। ਦੌੜ ਦੀ ਸਮਾਪਤੀ 'ਤੇ ਇਸ ਰੇਸ ਵਿੱਚ ਵੱਖ-ਵੱਖ ਕੈਟਾਗਰੀਆਂ ਵਿੱਚ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲਿਆਂ ਦੇ ਗਲ਼ਾਂ ਵਿੱਚ ਮੈਡਲ ਪਾ ਕੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਦੌੜ ਦੇ ਹਜ਼ਾਰਾਂ ਦੌੜਾਕਾਂ ਵਿੱਚੋਂ ਸੀਨੀਅਰਜ਼ ਕੈਟਾਗਰੀ ਵਿੱਚ ਦੂਸਰੇ ਨੰਬਰ 'ਤੇ ਆਉਣ ਵਾਲਾ ਟੀਪੀਏਆਰ ਕਲੱਬ ਦਾ ਮੈਂਬਰ ਨਿਰਮਲ ਸਿੰਘ ਗਿੱਲ ਸੀ ਜਿਸ ਨੇ ਇਸ ਦੇ ਲਈ 21 ਮਿੰਟ 4 ਸਕਿੰਟ ਦਾ ਸਮਾਂ ਲਿਆ। ਕਲੱਬ ਦੇ ਇੱਕ ਹੋਰ ਮੈਂਬਰ ਜਸਵਿੰਦਰ ਜੱਸੀ ਧਾਲੀਵਾਲ ਬਾਲਗ ਕੈਟਾਗਰੀ ਵਿੱਚ ਲਸਾਮਲ ਟੀਪੀਏਆਰ ਕਲੱਬ ਦੇ ਦੌੜਾਕਾਂ ਵਿੱਚੋਂ 21 ਮਿੰਟ 10 ਸਕਿੰਟ ਦੇ ਸਮੇਂ ਨਾਲ ਪਹਿਲੇ ਨੰਬਰ 'ਤੇ ਆਇਆ।

ਗੱਲ ਨਿਰੀ ਇੱਥੇ ਪਹਿਲੇ, ਦੂਸਰੇ ਜਾਂ ਤੀਸਰੇ ਨੰਬਰ 'ਤੇ ਆਉਣ ਦੀ ਨਹੀਂ ਹੈ, ਸਗੋਂ ਇਹ ਤਾਂ ਇਸ ਵੱਖਰੀ ਕਿਸਮ ਦੀ ਰੇਸ ਵਿੱਚ ਸ਼ਮੂਲੀਅਤ ਕਰਨ ਦੀ ਹੈ ਜੋ ਵੱਖ-ਵੱਖ-ਕਮਿਊਨਿਟੀਆਂ ਦੇ ਹਜ਼ਾਰਾਂ ਲੋਕਾਂ ਵੱਲੋਂ ਕੀਤੀ ਗਈ, ਜਿਨ੍ਹਾਂ ਵਿੱਚ ਗੋਰੇ, ਕਾਲ਼ੇ, ਨੀਲੇ, ਪੀਲੇ, ਭੂਰੇ, ਚੀਨੇ, ਫ਼ੀਨੇ ਸੱਭ ਸ਼ਾਮਲ ਸਨ। ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਇਸ ਈਵੈਂਟ ਨੂੰ ਸਫ਼ਲ ਬਨਾਉਣ ਲਈ ਪੀਲ ਰੀਜਨ ਪੋਲੀਸ ਦੇ ਪ੍ਰਬੰਧਕਾਂ ਤੇ ਟੀਪੀਏਆਰ ਕਲੱਬ ਦੇ ਸਮੂਹ ਮੈਂਬਰਾਂ ਦਾ ਹਾਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੀਲ ਰੀਜਨ ਪੋਲੀਸ ਦਾ ਇਹ ਬਹੁਤ ਹੀ ਵਧੀਆ ਉਪਰਾਲਾ ਹੈ ਜਿਸ ਦੇ ਲਈ ਉਹ ਸੱਚਮੁੱਚ ਵਧਾਈ ਦੀ ਹੱਕਦਾਰ ਹੈ। ਇਸ ਈਵੈਂਟ ਵਿੱਚ ਪ੍ਰਬੰਧਕਾਂ ਵੱਲੋਂ ਖਾਣ-ਪੀਣ ਦੀ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ, ਫ਼ਲ-ਫਰੂਟ ਤੇ ਸ਼ਾਨਦਾਰ ਲੰਚ ਦਾ ਬੜਾ ਸ਼ਾਨਦਾਰ ਪ੍ਰਬੰਧ ਕੀਤਾ ਗਿਆ।

# ਮਜੀਠੀਆ ਦੀ ਹਮਾਇਤ ਵਿੱਚ ਨਿੱਤਰੇ ਸੁਖਪਾਲ ਖਹਿਰਾ ਅਤੇ ਰਵਨੀਤ ਬਿੱਟੂ




ਚੰਡੀਗੜ੍ਹ : ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੱਜ ਅੰਮ੍ਰਿਤਸਰ ਵਿਚ ਬਿਕਰਮ ਸਿੰਘ ਮਜੀਠੀਆ ਦੀ ਰਿਹਾਇਸ਼ 'ਤੇ ਮਾਰੇ ਛਾਪੇ ਮਗਰੋਂ ਕਾਂਗਰਸੀ ਆਗੂ ਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਕਾਲੀ ਆਗੂ ਦੀ ਹਮਾਇਤ ਵਿਚ ਖੁੱਲ੍ਹ ਕੇ ਨਿੱਤਰ ਆਏ ਹਨ। ਖਹਿਰਾ ਨੇ ਆਪਣੇ ਅਧਿਕਾਰਤ ਫੇਸਬੁੱਕ ਅਕਾਊਂਟ 'ਤੇ ਪੋਸਟ ਕੀਤੀ ਵੀਡੀਓ ਵਿਚ ਵਿਜੀਲੈਂਸ ਛਾਪਿਆਂ ਦੀ ਨਿਖੇਧੀ ਕਰਦਿਆਂ ਇਸ ਨੂੰ ਸਿਆਸੀ ਬਦਲਾਖੋਰੀ ਦੀ ਕਾਰਵਾਈ ਕਰਾਰ ਦਿੱਤਾ ਹੈ। ਖਹਿਰਾ ਨੇ ਪੰਜਾਬ ਵਿਚ ਵਿਗੜਦੇ ਸਿਆਸੀ ਮਾਹੌਲ 'ਤੇ ਵੀ ਫ਼ਿਕਰ ਜਤਾਇਆ ਹੈ। ਕਾਂਗਰਸੀ ਆਗੂ ਨੇ ਕਿਹਾ, ''ਮੈਂ ਬਿਕਰਮ ਮਜੀਠੀਆ ਦੀ ਰਿਹਾਇਸ਼ ਤੇ ਹੋਰਨਾਂ ਟਿਕਾਣਿਆਂ 'ਤੇ ਸਿਆਸੀ ਬਦਲਾਖੋਰੀ ਦੇ ਇਰਾਦੇ ਨਾਲ ਮਾਰੇ ਛਾਪਿਆਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਹਾਂ। ਪੰਜਾਬ ਹੁਣ ਪੁਲੀਸ ਰਾਜ ਵਿਚ ਬਦਲ ਗਿਆ ਹੈ।''

ਮਜੀਠੀਆ, ਜਿਨ੍ਹਾਂ ਖਿਲਾਫ਼ 2021 ਦੇ ਇੱਕ ਡਰੱਗ ਕੇਸ ਵਿੱਚ ਜਾਂਚ ਜਾਰੀ ਹੈ, ਨੇ ਦੋਸ਼ ਲਗਾਇਆ ਕਿ ਵਿਜੀਲੈਂਸ ਬਿਊਰੋ ਦੀ 30 ਮੈਂਬਰੀ ਟੀਮ ਜਬਰੀ ਉਨ੍ਹਾਂ ਦੇ ਘਰ ਵਿਚ ਦਾਖਲ ਹੋਈ। ਉਨ੍ਹਾਂ ਦੀ ਪਤਨੀ ਤੇ ਅਕਾਲੀ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਵੀ ਕਿਹਾ ਕਿ ਉਨ੍ਹਾਂ ਨੂੰ ਇਸ ਕਾਰਵਾਈ ਦੇ ਮੰਤਵ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ।

ਐਕਸ 'ਤੇ ਇੱਕ ਵੀਡੀਓ ਸਾਂਝਾ ਕਰਦੇ ਹੋਏ, ਮਜੀਠੀਆ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ 'ਤੇ ਉਨ੍ਹਾਂ ਨੂੰ ਝੂਠੇ ਕੇਸਾਂ ਨਾਲ ਨਿਸ਼ਾਨਾ ਬਣਾਉਣ ਦਾ ਦੋਸ਼ ਲਗਾਇਆ। ਮਜੀਠੀਆ ਨੇ ਕਿਹਾ, ''ਭਗਵੰਤ ਮਾਨ ਜੀ, ਇਹ ਸਮਝੋ, ਤੁਸੀਂ ਜਿੰਨੀਆਂ ਮਰਜ਼ੀ ਐਫਆਈਆਰ'ਜ਼ ਦਰਜ ਕਰੋ, ਨਾ ਤਾਂ ਮੈਂ ਡਰਾਂਗਾ ਅਤੇ ਨਾ ਹੀ ਤੁਹਾਡੀ ਸਰਕਾਰ ਮੇਰੀ ਆਵਾਜ਼ ਨੂੰ ਦਬਾ ਸਕੇਗੀ।'' ਅਕਾਲੀ ਆਗੂ ਨੇ ਕਿਹਾ, ''ਮੈਂ ਹਮੇਸ਼ਾ ਪੰਜਾਬ ਦੇ ਮੁੱਦਿਆਂ ਬਾਰੇ ਗੱਲ ਕੀਤੀ ਹੈ ਅਤੇ ਅਜਿਹਾ ਕਰਦਾ ਰਹਾਂਗਾ।''

ਉੱਧਰ ਵਿਜੀਲੈਂਸ ਵੱਲੋਂ ਮਜੀਠੀਆ ਵਿਰੁੱਧ ਕੀਤੀ ਗਈ ਕਾਰਵਾਈ 'ਤੇ ਪ੍ਰਤੀਕਿਰਿਆ ਦਿੰਦਿਆਂ ਐਕਸ 'ਤੇ ਪੋਸਟ ਕੀਤਾ, ''ਭਗਵੰਤ ਮਾਨ ਵੱਲੋਂ ਵਿਜੀਲੈਂਸ ਦੀ ਦੁਰਵਰਤੋ ਬਹੁਤ ਹਲਕੀ ਰਾਜਨੀਤੀ ਦਾ ਸਬੂਤ ਦਿੰਦੀ ਹੈ। ਜੋ ਕਾਂਗਰਸ ਨੇ ਐਮਰਜੈਂਸੀ ਲਗਾ ਕੇ ਕੀਤਾ ਸੀ, ਉਹੀ ਹਾਲ ਭਗਵੰਤ ਮਾਨ ਨੇ ਪੰਜਾਬ ਵਿਚ ਕੀਤਾ ਹੈ। ਜਿਹੜਾ ਆਗੂ ਮਾਨ ਦੇ ਜਾਂ ਸਰਕਾਰ ਦੀ ਨਾਕਾਮੀ ਤੇ ਸਵਾਲ ਚੁੱਕ ਦਾ ਹੈ, ਉਸ ਨੂੰ ਡਰਾ ਧਮਕਾ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।'' ਉਨ੍ਹਾਂ ਲਿਖਿਆ, ''ਭਗਵੰਤ ਮਾਨ ਪੰਜਾਬ ਦੇ ਲੋਕਾਂ ਲਈ ਜਿਹੜੇ ਕੰਡੇ ਤੁਸੀਂ ਬੀਜ ਰਹੇ ਹੋ ਸੋ ਬੀਜ ਰਹੇ ਹੋ, ਪਰ ਜਿਹੜੇ ਕੰਡੇ ਆਪਣੀ ਨਿੱਜੀ ਜ਼ਿੰਦਗੀ ਚ ਬੀਜ ਰਹੇ ਹੋ ਇਹ 2027 ਤੋਂ ਬਾਅਦ ਚੁਗਣੇ ਮੁਸ਼ਕਿਲ ਹੋ ਜਾਣਗੇ।''

# ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ 'ਤੇ ਬੋਲੇ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ



ਨਵੀਂ ਦਿੱਲੀ: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਨੂੰਲੈ ਕੇ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਸਾਰਾ ਡਰਾਮਾ ਹੈ। ਸਾਢੇ ਤਿੰਨ ਸਾਲ ਹੋ ਗਏ ਤੇ ਕਈ ਸਿੱਟ ਬਣੀਆਂ ਤੇ ਕਈ ਡੀਜੀਪੀ ਬਦਲ ਗਏ ਪਰ ਕੋਰਟ ਜ਼ਮਾਨਤ ਦੇ ਦਿੰਦਾ ਹੈ। ਹਾਈ ਕੋਰਟ ਤੇ ਸੁਪਰੀਮ ਕੋਰਟ ਨੇ ਰਾਹਤ ਦਿੱਤੀ ਸੀ।

ਬਿੱਟੂ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਤੋਂ ਜਵਾਬ ਮੰਗਦਾ ਹਾਂ ਕਿ ਤੁਸੀਂ ਕਿਉਂ ਅੱਜ ਮਜੀਠੀਆ ਦੇ ਖਿਲਾਫ਼ ਸਬੂਤ ਪੇਸ਼ ਨਹੀਂ ਕਰ ਸਕਦੇ। ਉਨ੍ਹਾਂ ਨੇ ਕਿਹਾ ਹੈ ਕਿ ਸਪੋਕਸਪਰਸਨ ਜੋਂ ਬੋਲਣਗੇ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਤੁਹਾਡੇ ਕੋਲ ਕੋਈ ਠੋਸ ਸਬੂਤ ਨਹੀਂ ਹੈ ਅਤੇ ਵਿਜੀਲੈਂਸ ਦੁਆਰਾ ਕਈ ਵਾਰੀ ਪੁੱਛਗਿੱਛ ਕੀਤੀ ਗਈ ਪਰ ਕੁਝ ਨਹੀਂ ਮਿਲਿਆ।

ਰਵਨੀਤ ਬਿੱਟੂ ਨੇ ਕਿਹਾ ਹੈ ਕਿ ਮਈ ਵਿੱਚ ਤਿੰਨ ਅਧਿਕਾਰੀ ਮੁਅੱਤਲ ਕੀਤੇ ਤੇ ਹੁਣ ਬਹਾਲ ਕਰ ਕੇ ਅਫਸਰਾਂ ਨੂੰ ਵਰਤਿਆ ਗਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ 2027 ਤੋਂ ਬਾਅਦ ਤੁਹਾਨੂੰ ਕਿਸੇ ਨੇ ਨਹੀਂ ਪੁੱਛਣਾ। ਉਨ੍ਹਾਂ ਨੇ ਕਿਹਾ ਹੈ ਕਿ ਇਹੀ ਅਧਿਕਾਰੀ ਉਦੋਂ ਫੜਨਗੇ ਜਦੋਂ ਇਹ ਸੀਐੱਮ ਨਹੀਂ ਰਹਿਣਗੇ।

ਬਿੱਟੂ ਨੇ ਕਿਹਾ ਹੈ ਕਿ ਸਰਕਾਰੀ ਅਧਿਕਾਰੀ ਕੀ ਕਰਨਗੇ ਉਹ ਤਾਂ ਸਿਰਫ਼ ਮੁਲਾਜ਼ਮ ਹਨ। ਬਿੱਟੂ ਨੇ ਕਿਹਾ ਹੈ ਕਿ ਪਹਿਲਾਂ ਅਧਿਕਾਰੀ ਨਿਰਪੱਖ ਜਾਂਚ ਕਰਦੇ ਸਨ ਪਰ ਹੁਣ ਸਰਕਾਰ ਆਪਣਾ ਪੱਖ ਪੂਰਨ ਲਈ ਸਰਕਾਰੀ ਅਧਿਕਾਰੀਆਂ ਨੂੰ ਵਰਤਦੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਐਕਸ਼ਨ ਨਾਲ ਦੋਸ਼ ਨਹੀ ਸਗੋਂ ਉਸ ਦੁੱਧ ਧੋਤਾ ਕਰ ਰਹੇ ਹੋ। ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੇ ਕਿਹਾ ਹੈ ਕਿ ਐੱਮਰਜੈਂਸੀ ਵਰਗੇ ਪੰਜਾਬ ਦੇ ਹਾਲਾਤ ਬਣ ਰਹੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਚੰਗੀ ਸਿਆਸਤ ਕਰਨੀ ਚਾਹੀਦੀ ਹੈ।

# ਅਟਾਰੀ ਸਰਹੱਦ ਤੋਂ ਵਾਪਸ ਆ ਰਹੇ ਝਾਰਖੰਡ ਦੇ ਸੈਲਾਨੀਆਂ ਨੂੰ ਲੁਟੇਰਿਆਂ ਨੇ ਲੁੱਟਣ ਦੀ ਕੀਤੀ ਕੋਸ਼ਿਸ਼




ਅੰਮ੍ਰਿਤਸਰ ਦੇ ਅਟਾਰੀ ਬਾਰਡਰ 'ਤੇ ਰਿਟਰੀਟ ਸੈਰੇਮਨੀ ਦੇਖ ਕੇ ਵਾਪਸ ਆ ਰਹੇ ਝਾਰਖੰਡ ਦੇ ਇੱਕ ਸੈਲਾਨੀ ਪਰਿਵਾਰ 'ਤੇ ਬਦਮਾਸ਼ਾਂ ਨੇ ਹਮਲਾ ਕਰ ਦਿੱਤਾ। ਦੋ ਬਾਈਕ ਸਵਾਰ ਬਦਮਾਸ਼ਾਂ ਨੇ ਸੈਲਾਨੀਆਂ ਨਾਲ ਭਰੇ ਇੱਕ ਆਟੋ ਰਿਕਸ਼ਾ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ।

ਇਸ ਦੌਰਾਨ ਆਟੋ ਪਲਟ ਗਿਆ। ਇਹ ਘਟਨਾ ਅਟਾਰੀ ਬਾਰਡਰ ਰੋਡ 'ਤੇ ਵਾਪਰੀ। ਹਾਦਸੇ ਵਿੱਚ ਝਾਰਖੰਡ ਦਾ ਪੂਰਾ ਪਰਿਵਾਰ ਅਤੇ ਆਟੋ ਚਾਲਕ ਪ੍ਰਿੰਸ ਜ਼ਖ਼ਮੀ ਹੋ ਗਏ।

ਮੌਕੇ 'ਤੇ ਮੌਜੂਦ ਬੀਐਸਐਫ਼ ਅਧਿਕਾਰੀਆਂ ਨੇ ਤੁਰੰਤ ਸਾਰੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਝਾਰਖੰਡ ਦੇ ਦੁਮਕਾ ਦੇ ਬੈਜਨਾਥ ਧਾਮ ਦੇ ਰਹਿਣ ਵਾਲੇ ਪੀੜਤ ਰਾਜੇਸ਼ ਕੁਮਾਰ ਨੇ ਦੱਸਿਆ ਕਿ ਉਹ ਸੋਮਵਾਰ ਸ਼ਾਮ ਨੂੰ ਅਟਾਰੀ ਸਰਹੱਦ 'ਤੇ ਪਰੇਡ ਦੇਖ ਕੇ ਆਪਣੇ ਪਰਿਵਾਰ ਨਾਲ ਵਾਪਸ ਆ ਰਿਹਾ ਸੀ।

ਜਦੋਂ ਉਹ ਥੋੜ੍ਹੀ ਦੂਰ ਪਹੁੰਚੇ ਤਾਂ ਪਿੱਛੇ ਤੋਂ ਦੋ ਨਕਾਬਪੋਸ਼ ਬਾਈਕ ਸਵਾਰ ਆਏ। ਉਨ੍ਹਾਂ ਨੇ ਉਸ ਦੀ ਪਤਨੀ ਤੋਂ ਪਰਸ ਖੋਹਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਉਨ੍ਹਾਂ ਦੀ ਬਾਈਕ ਆਟੋ ਨਾਲ ਟਕਰਾ ਗਈ ਅਤੇ ਆਟੋ ਪਲਟ ਗਿਆ।

ਇਸ ਦੌਰਾਨ ਉਸ ਦੀ ਪਤਨੀ ਅਤੇ ਧੀ ਦੀਆਂ ਲੱਤਾਂ ਵਿੱਚ ਫ਼ਰੈਕਚਰ ਹੋ ਗਿਆ। ਪਹਿਲਾਂ ਆਟੋ ਨੂੰ ਸਿੱਧਾ ਕੀਤਾ ਗਿਆ ਅਤੇ ਫਿਰ ਬੀਐਸਐਫ਼ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਅਤੇ ਉਨ੍ਹਾਂ ਨੇ ਐਂਬੂਲੈਂਸ ਬੁਲਾ ਕੇ ਉਨ੍ਹਾਂ ਨੂੰ ਹਸਪਤਾਲ ਭੇਜਿਆ। ਪੀੜਤ ਪਰਿਵਾਰ ਨੇ ਪੁਲਿਸ ਨੂੰ ਸੂਚਿਤ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਬੀਐੱਸਐਫ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਉਹ ਅਗਲੀ ਕਾਰਵਾਈ ਕਰਨਗੇ।

GTA Plumbing & Electrical Supplies




ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫਲ ਇਲਾਜ



ਚਮੜੀ ਦੇ ਰੋਗਾਂ ਦਾ ਸਫਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

# ਪਲਾਸਟਿਕ ਨਾਲੋਂ ਜ਼ਿਆਦਾ ਮਾਈਕ੍ਰੋਪਲਾਸਟਿਕਸ ਛੱਡਦੀਆਂ ਹਨ ਕੱਚ ਦੀਆਂ ਬੋਤਲਾਂ



ਹੁਣ ਤੱਕ ਅਸੀਂ ਸਾਰੇ ਸੋਚਦੇ ਸੀ ਕਿ ਕੱਚ ਦੀਆਂ ਬੋਤਲਾਂ ਸਭ ਤੋਂ ਵਧੀਆ ਹਨ ਅਸੀਂ ਉਨ੍ਹਾਂ ਨੂੰ ਵਾਤਾਵਰਣ ਅਨੁਕੂਲ, ਸਿਹਤ ਲਈ ਬਿਹਤਰ ਸਮਝਦੇ ਸੀ ਅਤੇ ਉਨ੍ਹਾਂ ਨੂੰ ਆਪਣੀ ਰਸੋਈ ਵਿੱਚ ਵੀ ਜਗ੍ਹਾ ਦਿੰਦੇ ਸੀ, ਪਰ ਹਾਲ ਹੀ ਵਿੱਚ, ਫਰਾਂਸ ਦੀ ਫੂਡ ਸੇਫਟੀ ਏਜੰਸੀ ANSES ਦੁਆਰਾ ਕੀਤੀ ਗਈ ਇੱਕ ਨਵੀਂ ਖੋਜ ਨੇ ਸਾਡੇ ਵਿਸ਼ਵਾਸ ਦੀ ਨੀਂਹ ਹਿਲਾ ਦਿੱਤੀ ਹੈ।

ਹਾਂ, ਇਹ ਅਧਿਐਨ ਇੱਕ ਅਜਿਹਾ ਹੈਰਾਨ ਕਰਨ ਵਾਲਾ ਸੱਚ ਸਾਹਮਣੇ ਲਿਆਉਂਦਾ ਹੈ, ਜਿਸਨੂੰ ਪੜ੍ਹਨ ਤੋਂ ਬਾਅਦ ਤੁਸੀਂ ਆਪਣੀ ਕੱਚ ਦੀ ਬੋਤਲ ਸੁੱਟਣ ਲਈ ਮਜਬੂਰ ਹੋ ਸਕਦੇ ਹੋ। ਅਧਿਐਨ ਦਰਸਾਉਂਦਾ ਹੈ ਕਿ ਤੁਹਾਡੀਆਂ ਮਨਪਸੰਦ ਕੱਚ ਦੀਆਂ ਬੋਤਲਾਂ ਪਲਾਸਟਿਕ ਨਾਲੋਂ ਮਾਈਕ੍ਰੋਪਲਾਸਟਿਕ ਕਣਾਂ ਨਾਲ ਜ਼ਿਆਦਾ ਦੂਸ਼ਿਤ ਹੋ ਸਕਦੀਆਂ ਹਨ। ਆਓ ਵਿਸਥਾਰ ਵਿੱਚ ਜਾਣਦੇ ਹਾਂ।

### ਅਧਿਐਨ ਵਿੱਚ ਹੈਰਾਨੀਜਨਕ ਨਤੀਜੇ ਆਏ ਸਾਹਮਣੇ

ਜਦੋਂ ਵਿਗਿਆਨੀਆਂ ਨੇ ਆਪਣੇ ਸ਼ੁਰੂਆਤੀ ਨਤੀਜੇ ਦੇਖੇ ਤਾਂ ਉਨ੍ਹਾਂ ਨੂੰ ਵੀ ਵਿਸ਼ਵਾਸ ਨਹੀਂ ਹੋਇਆ। ਉਨ੍ਹਾਂ ਨੂੰ ਉਮੀਦ ਸੀ ਕਿ ਕੱਚ ਦੀਆਂ ਬੋਤਲਾਂ ਪਲਾਸਟਿਕ ਨਾਲੋਂ ਸਾਫ਼ ਹੋਣਗੀਆਂ, ਪਰ ਹੋਇਆ ਬਿਲਕੁਲ ਉਲਟ! ਇਸ ਅਧਿਐਨ ਵਿੱਚ ਪਾਇਆ ਗਿਆ ਕਿ ਕੋਲਡ ਡਰਿੰਕਸ, ਨਿੰਬੂ ਪਾਣੀ, ਆਈਸ ਟੀ ਅਤੇ ਬੀਅਰ ਵਰਗੀਆਂ ਚੀਜ਼ਾਂ ਦੀਆਂ ਕੱਚ ਦੀਆਂ ਬੋਤਲਾਂ ਵਿੱਚ ਪ੍ਰਤੀ ਲੀਟਰ ਔਸਤਨ 100 ਮਾਈਕ੍ਰੋਪਲਾਸਟਿਕ ਕਣ ਪਾਏ ਗਏ। ਇਹ ਗਿਣਤੀ ਪਲਾਸਟਿਕ ਜਾਂ ਧਾਤ ਦੇ ਡੱਬਿਆਂ ਵਿੱਚ ਪਾਏ ਜਾਣ ਵਾਲੇ ਕਣਾਂ ਨਾਲੋਂ 50 ਗੁਣਾ ਜ਼ਿਆਦਾ ਸੀ।

ਖੋਜਕਰਤਾਵਾਂ ਨੇ ਮਹਿਸੂਸ ਕੀਤਾ ਕਿ ਇਸ ਗੰਦਗੀ ਦਾ ਮੁੱਖ ਕਾਰਨ ਬੋਤਲਾਂ ਦੇ ਢੱਕਣ ਹੋ ਸਕਦੇ ਹਨ। ਉਨ੍ਹਾਂ ਨੇ ਦੇਖਿਆ ਕਿ ਬੋਤਲਾਂ ਵਿੱਚ ਪਾਏ ਜਾਣ ਵਾਲੇ ਜ਼ਿਆਦਾਤਰ ਪਲਾਸਟਿਕ ਕਣਾਂ ਦਾ ਰੰਗ ਅਤੇ ਬਣਤਰ ਢੱਕਣ ਦੇ ਬਾਹਰੀ ਪੇਂਟ ਦੇ ਸਮਾਨ ਸੀ।

### ਕਿਹੜਾ ਡਰਿੰਕ ਸਭ ਤੋਂ ਵੱਧ ਦੂਸ਼ਿਤ ਹੈ?

ਇਸ ਖੋਜ ਵਿੱਚ ਪਾਇਆ ਗਿਆ ਕਿ ਬੀਅਰ ਦੀਆਂ ਬੋਤਲਾਂ ਵਿੱਚ ਮਾਈਕ੍ਰੋਪਲਾਸਟਿਕ ਦੀ ਸਭ ਤੋਂ ਵੱਧ ਗਿਣਤੀ ਸੀ, ਪ੍ਰਤੀ ਲੀਟਰ ਔਸਤਨ 60 ਕਣ। ਇਸ ਤੋਂ ਬਾਅਦ ਨਿੰਬੂ ਪਾਣੀ ਵਿੱਚ ਲਗਪਗ 40% ਮਾਈਕ੍ਰੋਪਲਾਸਟਿਕ ਪਾਏ ਗਏ। ਹੈਰਾਨੀ ਵਾਲੀ ਗੱਲ ਇਹ ਸੀ ਕਿ ਸਾਦੇ ਅਤੇ ਸੋਡਾ ਪਾਣੀ ਵਿੱਚ ਹਰ ਕਿਸਮ ਦੀ ਪੈਕੇਜਿੰਗ ਵਿੱਚ ਮਾਈਕ੍ਰੋਪਲਾਸਟਿਕਸ ਦਾ ਪੱਧਰ ਬਹੁਤ ਘੱਟ ਸੀ। ਕੱਚ ਦੀਆਂ ਬੋਤਲਾਂ ਵਿੱਚ ਪ੍ਰਤੀ ਲੀਟਰ ਲਗਪਗ 4.5 ਕਣ ਸਨ, ਜਦੋਂ ਕਿ ਪਲਾਸਟਿਕ ਦੀਆਂ ਬੋਤਲਾਂ ਵਿੱਚ ਸਿਰਫ 1.6 ਕਣ ਸਨ।

ਇੱਕ ਹੋਰ ਦਿਲਚਸਪ ਗੱਲ ਇਹ ਸਾਹਮਣੇ ਆਈ ਕਿ ਵਾਈਨ ਦੀਆਂ ਬੋਤਲਾਂ ਬਾਕੀ ਕੱਚ ਦੀਆਂ ਬੋਤਲਾਂ ਨਾਲੋਂ ਘੱਟ ਦੂਸ਼ਿਤ ਸਨ, ਕਿਉਂਕਿ ਉਨ੍ਹਾਂ ਵਿੱਚ ਧਾਤ ਦੇ ਢੱਕਣਾਂ ਦੀ ਬਜਾਏ ਸਟੌਪਰ ਹੁੰਦੇ ਹਨ।

### ਸਮੱਸਿਆ ਦਾ ਹੱਲ ਕੀ ਹੈ?

ANSES ਦੇ ਖੋਜ ਨਿਰਦੇਸ਼ਕ ਗੁਇਲਾਉਮ ਡੁਫਲੋਸ ਕਹਿੰਦੇ ਹਨ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਅਜਿਹਾ ਕਿਉਂ ਹੁੰਦਾ ਹੈ, ਪਰ ਉਨ੍ਹਾਂ ਨੇ ਇੱਕ ਸੰਭਾਵੀ ਹੱਲ ਵੀ ਸੁਝਾਇਆ ਹੈ। ਖੋਜ ਨੇ ਦਿਖਾਇਆ ਹੈ ਕਿ ਢੱਕਣਾਂ ਨੂੰ ਚੰਗੀ ਤਰ੍ਹਾਂ ਧੋ ਕੇ ਅਤੇ ਈਥਾਨੌਲ-ਪਾਣੀ ਦੇ ਘੋਲ ਨਾਲ ਸਾਫ਼ ਕਰਕੇ ਉਨ੍ਹਾਂ ਵਿੱਚ ਮਾਈਕ੍ਰੋਪਲਾਸਟਿਕਸ ਕਣਾਂ ਦੀ ਗਿਣਤੀ ਨੂੰ ਕਾਫ਼ੀ ਘੱਟ ਕੀਤਾ ਜਾ ਸਕਦਾ ਹੈ।

### ਮਾਈਕ੍ਰੋਪਲਾਸਟਿਕਸ ਦਾ ਵਧਦਾ ਖ਼ਤਰਾ

ਇਹ ਖੋਜ ਸਾਨੂੰ ਮਾਈਕ੍ਰੋਪਲਾਸਟਿਕਸ ਦੇ ਵਧ ਰਹੇ ਖ਼ਤਰੇ ਦੀ ਯਾਦ ਦਿਵਾਉਂਦੀ ਹੈ। 1950 ਦੇ ਦਹਾਕੇ ਵਿੱਚ ਪਲਾਸਟਿਕ ਦਾ ਉਤਪਾਦਨ 1.5 ਮਿਲੀਅਨ ਟਨ ਸੀ, ਜੋ 2022 ਵਿੱਚ ਵੱਧ ਕੇ 400.3 ਮਿਲੀਅਨ ਟਨ ਹੋ ਗਿਆ ਹੈ। ਪਲਾਸਟਿਕ ਦੀ ਇਹ ਵਧਦੀ ਵਰਤੋਂ ਅਤੇ ਖਰਾਬ ਰਹਿੰਦ-ਖੂੰਹਦ ਪ੍ਰਬੰਧਨ ਸਾਡੇ ਵਾਤਾਵਰਣ ਅਤੇ ਸਿਹਤ ਲਈ ਇੱਕ ਵੱਡੀ ਚੁਣੌਤੀ ਬਣ ਗਿਆ ਹੈ।

ਮਾਈਕ੍ਰੋਪਲਾਸਟਿਕਸ ਜੋ ਕਿ 5 ਮਿਲੀਮੀਟਰ ਤੋਂ ਛੋਟੇ ਪਲਾਸਟਿਕ ਦੇ ਟੁਕੜੇ ਹਨ, ਹੁਣ ਦੁਨੀਆ ਦੇ ਸਭ ਤੋਂ ਡੂੰਘੇ ਸਮੁੰਦਰਾਂ ਤੋਂ ਲੈ ਕੇ ਮਾਊਂਟ ਐਵਰੈਸਟ ਤੱਕ ਹਰ ਜਗ੍ਹਾ ਪਾਏ ਜਾ ਰਹੇ ਹਨ। ਇਹ ਮਨੁੱਖੀ ਦਿਮਾਗ, ਪਲੈਸੈਂਟਾ ਅਤੇ ਸਮੁੰਦਰੀ ਜੀਵਾਂ ਦੇ ਪੇਟ ਵਿੱਚ ਵੀ ਦੇਖੇ ਗਏ ਹਨ।

ਇਹ ਨਵਾਂ ਅਧਿਐਨ ਸਾਨੂੰ ਆਪਣੀਆਂ ਰੋਜ਼ਾਨਾ ਦੀਆਂ ਚੀਜ਼ਾਂ ਬਾਰੇ ਕੀ ਜਾਣਦੇ ਹਨ ਅਤੇ ਸਿਹਤਮੰਦ ਰਹਿਣ ਲਈ ਸਾਨੂੰ ਹੋਰ ਕਿਹੜੇ ਕਦਮ ਚੁੱਕਣੇ ਚਾਹੀਦੇ ਹਨ, ਇਸ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ। ਸ਼ਾਇਦ ਹੁਣ ਸਾਨੂੰ ਕੱਚ ਦੀਆਂ ਬੋਤਲਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਥੋੜ੍ਹਾ ਸੋਚਣਾ ਪਵੇਗਾ।



# ਕੜਾਕੇ ਦੀ ਗਰਮੀ ਨੇ ਕੱਢੇ ਵੱਟ




"ਹੀਟ ਵੇਵ ਦੌਰਾਨ ਘਰ ਤੋਂ ਬਾਹਰ ਜ਼ਿਆਦਾ ਰਹਿਣ ਨਾਲ ਥਕਾਵਟ, ਕਮਜ਼ੋਰੀ, ਚੱਕਰ ਆਉਣੇ, ਸਿਰ-ਪੀੜ, ਬੇਹੋਸ਼ੀ, ਖੁਸ਼ਕ-ਚਮੜੀ, ਬੁਖਾਰ ਵਗੈਰਾ ਦੇ ਲੱਛਣ ਵੀ ਦੇਖਣ ਨੂੰ ਮਿਲਦੇ ਹਨ। ਲਾਪ੍ਰਵਾਹੀ ਕਈ ਬਾਰ ਮਹਿੰਗੀ ਵੀ ਪੈ ਸਕਦੀ ਹੈ। ਤੁਰੰਤ ਆਪਣੇ ਡਾਕਟਰ ਦੀ ਹੈਲਪ ਲਵੋ"- ਡਾ. ਅਨਿਲ ਧੀਰ, ਕਾਲਮਨਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ:** (ਡਾ.ਅਨਿਲ ਧੀਰ) ਹੀਟ ਵੇਵ ਯਾਨਿ ਗਰਮੀ ਦੀ ਲਹਿਰ ਨੇ ਧਰਤੀ ਉੱਤੇ ਰਹਿਣ ਵਾਲੇ ਹਰ ਜੀਵ-ਜੰਤੂ ਦੇ ਵੱਟ ਕੱਢੇ ਹੋਏ ਹਨ। ਜਦੋਂ ਵਾਯੂਮੰਡਲ ਦਾ ਜ਼ਿਆਦਾ ਦਬਾਅ ਕੁੱਝ ਦਿਨ ਲਗਾਤਾਰ ਬਣਿਆ ਰਹਿੰਦਾ ਹੈ। ਵਾਯੂਮੰਡਲ ਦੇ ਉਪਰਲੇ ਲੈਵਲ ਤੋਂ ਹਵਾ ਧਰਤੀ ਤੱਕ ਪਹੁੰਚਦੇ ਸੰਕੁਚਿਤ ਹੋ ਜਾਣ ਨਾਲ ਤਾਪਮਾਨ 'ਚ ਤੇਜ਼ੀ ਨਾਲ ਵਾਧਾ ਹੋ ਜਾਂਦਾ ਹੈ। ਮੌਸਮ 'ਚ ਬਦਲਾਅ ਕਰਕੇ ਅਪ੍ਰੈਲ-ਜੂਨ ਦੇ ਮਹੀਨੇ 'ਚ ਗਰਮੀ ਦੀਆਂ ਤੇਜ਼ ਲਹਿਰਾਂ ਸਰੀਰ ਅਤੇ ਮਨ ਨੂੰ ਬਿਮਾਰ ਕਰ ਦਿੰਦੀਆਂ ਹਨ। ਮਨੁੱਖੀ ਸਰੀਰ ਦਾ ਸਿਸਟਮ ਅਜਿਹਾ ਹ ਕਿ ਜੱਦ ਹਵਾ ਦੁਆਰਾ ਪਸੀਨਾ ਸੁੱਕ ਜਾਂਦਾ ਹੈ ਤਾਂ ਸਰੀਰ 'ਤੇ ਠੰਢਾ ਅਸਰ ਹੁੰਦਾ ਹੈ। ਜਦੋਂ ਪਸੀਨਾ ਆਉਣਾ ਬੰਦ ਹੋ ਜਾਂਦਾ ਹੈ ਜਾਂ ਘੱਟ ਆਉਣ ਤੇ ਥਕਾਵਟ ਤੋਂ ਹੀਟ ਸਟ੍ਰੋਕ ਦੀ ਹਾਲਤ ਬਣ ਜਾਂਦੀ ਹੈ। ਦਿਮਾਗ ਦੇ ਖਾਸ ਰਿਫਲੈਕਸ ਕੇਂਦਰ ਸਰੀਰ ਅੰਦਰ ਗਰਮੀ ਦੀ ਪ੍ਰਤੀਕ੍ਰਿਆ ਨੂੰ ਕੰਟਰੋਲ ਕਰਕੇ ਬਚਾਅ ਕਰਦੇ ਹਨ। ਮੌਸਮ ਨੂੰ ਹਮੇਸ਼ਾ ਵਾਚ ਕਰਨ ਦੀ ਲੋੜ ਹੁੰਦੀ ਹੈ। ਹੈਲਥ ਅਥਾਰਟੀ ਦੀਆਂ ਸਿਫਾਰਸ਼ਾਂ ਦੀ ਪਾਲਨਾ ਕਰਕੇ ਪਰਿਵਾਰ ਸਮੇਤ ਇਸ ਮੌਸਮ ਦਾ ਸਹੀ ਅਨੰਦ ਲੈ ਸਕਦੇ ਹੋ। ਅੱਜਕਲ੍ਹ ਚੱਲ ਰਹੀ ਗਰਮੀ ਦੀ ਲਹਿਰ ਦੌਰਾਣ ਗਰਮੀਆਂ 'ਚ ਕਈ ਕਿਸਮ ਦੇ ਫੱਲ-ਸਬਜ਼ੀਆਂ ਸਰੀਰ ਅਤੇ ਮਨ ਨੂੰ ਹੈਲਦੀ ਰੱਖਣ 'ਚ ਮਦਦ ਕਰਦੇ ਹਨ।

**ਖਿਆਲ ਰੱਖੋ ਗਰਮੀਆਂ ਵਿੱਚ:** ਤੰਦਰੁਸਤੀ ਲਈ ਅੱਗੇ ਲਿਖੇ ਉਪਾਅ ਕਰ ਸਕਦੇ ਹੋ: ਡੇਲੀ ਨਾਈਟ ਵੇਲੇ ਸੌਣ ਤੋਂ ਪਹਿਲਾਂ ਤਾਂਬੇ ਦੇ ਬਰਤਨ 'ਚ ਪਾਣੀ ਢੱਕ ਕੇ ਰੱਖ ਲਵੋ। ਸਵੇਰੇ ਜਾਗਦੇ ਹੀ ਬਿਨਾਂ ਕੁੱਲਾ ਕੀਤੇ ਇਹ ਪਾਣੀ ਪੀਓ।

* ਘਰ ਤੋਂ ਬਾਹਰ ਜਾਣ ਵੇਲੇ ਅੰਬਰੇਲਾ, ਕੈਪ, ਹੈਟ, ਸਨਗਲਾਸ, ਸਨਸਕ੍ਰੀਨ ਲੋਸ਼ਨ ਲਗਾ ਕੇ ਆਪਣੀ ਚਮੜੀ ਅਤੇ ਅੱਖਾਂ ਦੀ ਰੱਖਿਆ ਕਰੋ।
* ਅੱਖਾਂ ਅੰਦਰ ਠੰਢਕ ਮਹਿਸੂਸ ਕਰਨ ਲਈ ਬਾਰ-ਬਾਰ ਅੱਖਾਂ 'ਤੇ ਠੰਢੇ ਪਾਣੀ ਦੇ ਛਿੱਟੇ ਮਾਰਦੇ ਰਹੋ।
* ਮਾਸਪੇਸ਼ੀਆਂ ਦੀ ਸਹੀ ਕ੍ਰਿਆ ਲਈ ਸਰੀਰ ਅੰਦਰ ਇਲੈਕਟਰੋਲਾਈਟ ਤੱਤਾਂ ਦੀ ਲੋੜ ਹੁੰਦੀ ਹੈ।
* ਹਾਈਡ੍ਰੇਸ਼ਨ ਦੇ ਉੱਚ ਪੱਧਰ ਨੂੰ ਬਣਾਈ ਰੱਖਣ ਲਈ ਠੰਢੇ ਪਾਣੀ 'ਚ ਕਾਲਾ ਨਮਕ, ਸ਼ੱਕਰ, ਨਿੰਬੂ ਰੱਸ ਮਿਲਾ ਕੇ ਪਿਆਸ ਨਾ ਹੋਣ ਦੇ ਬਾਵਜੂਦ ਵੀ ਦਿਨ ਭਰ ਇਹ ਪਾਣੀ ਪੀਂਦੇ ਰਹੋ।
* ਅਲਕੋਹਲਿਕ ਡ੍ਰਿੰਕਸ ਤੋਂ ਪ੍ਰਹੇਜ਼ ਕਰੋ ਕਿਉਂਕਿ ਅਲਕੋਹਲ ਡੀਹਾਈਡ੍ਰੇਸ਼ਨ ਨੂੰ ਹੋਰ ਬਦਤਰ ਬਣਾ ਸਕਦੀ ਹੈ।
* ਗਰਮ ਮੌਸਮ 'ਚ ਹਾਜ਼ਮੇ ਨੂੰ ਦਰੁਸਤ ਰੱਖਣ ਲਈ ਪ੍ਰੋਟੀਨਯੁਕਤ ਪਦਾਰਥ ਯੋਗਰਟ, ਦਹੀਂ ਦੀ ਲੱਸੀ, ਠੰਢਾ ਦੁੱਧ, ਕੱਚਾ ਪਨੀਰ, ਟੋਫੂ, ਦਾਲਾਂ, ਸੀਡਜ਼, ਫੱਲਾਂ ਦਾ ਰੱਸ, ਤਾਜ਼ੀ ਸਬਜ਼ੀਆਂ ਦਾ ਠੰਢਾ ਸੂਪ, ਮੈਂਗੋ ਸ਼ੇਕ, ਆਮਪਨਾ, ਨਿੰਬੂ-ਪਾਣੀ ਜਾਂ ਸਾਦਾ ਠੰਢਾ ਪਾਣੀ ਵਗੈਰਾ ਦੀ ਵਰਤੋਂ ਜ਼ਿਆਦਾ ਕਰੋ।
* ਗਰਮੀ ਦੀ ਲਹਿਰ ਦੌਰਾਨ ਘੱਟੋ-ਘੱਟ 8-10 ਗਿਲਾਸ ਪਾਣੀ ਪੀਓ।
* ਸਰੀਰ ਦੀ ਠੰਢਕ ਬਰਕਰਾਰ ਰੱਖਣ ਲਈ ਹਲਕੇ ਕੋਟਨ ਦੇ ਲਾਈਟ ਰੰਗ ਦੇ ਕੱਪੜੇ ਪਹਿਨ ਕੇ ਸਰੀਰ ਦੇ ਤਾਪਮਾਨ, ਪਸੀਨ 'ਤੇ ਹਵਾ ਦੇ ਅਵਾਗਮਨ ਦਾ ਆਉਣਾ ਬਰਾਬਰ ਰੱਖੋ।
* ਗਰਮ ਮੌਸਮ ਦੌਰਾਣ ਆਪਣੇ ਸਿਮਰਥਾ ਮੁਤਾਬਿਕ ਸੈਰ-ਕਸਰਤ ਜਰੂਰ ਕਰੋ। ਸਿੱਧੀ ਧੁੱਪ 'ਚ ਹੋਣ ਵਾਲੀ ਗਤੀਵਿਧੀ ਆਸਾਨੀ ਨਾਲ ਬਿਮਾਰ ਦਿੰਦੀ ਹੈ।
* ਆਪਣੇ ਪਾਲਤੂ ਜਾਨਵਰਾਂ ਨੂੰ ਖਾਣ ਲਈ ਬਰਫ ਦੇ ਟੁੱਕੜੇ ਦਿਨ ਭਰ ਦਿੰਦੇ ਰਹੋ। ਪੈਟਸ ਅਕਸਰ ਕਰੰਚੀ ਚੀਜਾਂ ਦਾ ਪੂਰਾ ਅਨੰਦ ਲੈਂਦੇ ਹਨ। ਇਹ ਤਰੀਕਾ ਤੁਹਾਡੇ ਪੈੱਟਸ ਨੂੰ ਗਰਮੀ 'ਚ ਠੰਢਕ ਮਹਿਸੂਸ ਕਰਾਉਂਦਾ ਹੈ।

**ਨੋਟ:** ਹੀਟ ਵੇਵ ਦੌਰਾਣ ਛੋਟੇ ਬੱਚੇ, ਬਜ਼ੁਰਗ, ਗਰਭਵਤੀ ਔਰਤਾਂ, ਰੋਗੀ, ਅਤੇ ਆਪਣੇ ਬੇ-ਜ਼ੁਬਾਨ ਪਾਲਤੂ ਪੈੱਟਸ ਦਾ ਪੂਰਾ ਧਿਆਣ ਰੱਖਣ ਦੀ ਲੋੜ ਹੁੰਦੀ ਹੈ। ਕੋਈ ਵੀ ਹੈਲਥ ਇਸ਼ੂ ਹੋਣ ਦੀ ਹਾਲਤ 'ਚ ਤੁਰੰਤ ਆਪਣੇ ਡਾਕਟਰ ਦੀ ਸਲਾਹ ਲਵੋ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

# ਬਿਨਾਂ ਜਿੰਮ ਤੇ ਡਾਈਟਿੰਗ ਤੋਂ ਘਟਾਉਣਾ ਚਾਹੁੰਦੇ ਹੋ ਭਾਰ ਤਾਂ ਅਪਣਾਓ ਜਾਪਾਨੀ ਜੀਵਨ ਸ਼ੈਲੀ ਦੇ ਇਹ 5 ਤਰੀਕੇ



ਅੱਜਕੱਲ੍ਹ ਦੀ ਭੱਜਦੌੜ ਭਰੀ ਜ਼ਿੰਦਗੀ ਵਿਚ ਲੋਕ ਆਪਣੀ ਸਿਹਤ ਦਾ ਸਹੀ ਤਰੀਕੇ ਨਾਲ ਧਿਆਨ ਨਹੀਂ ਰੱਖ ਪਾ ਰਹੇ ਹਨ। ਇਸ ਕਾਰਨ, ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਘੇਰ ਰਹੀਆਂ ਹਨ। ਅਣਹੈਲਥੀ ਲਾਈਫਸਟਾਈਲ ਅਤੇ ਖਰਾਬ ਖਾਣ-ਪੀਣ ਦੇ ਕਾਰਨ ਮੋਟਾਪੇ ਦੇ ਨਾਲ-ਨਾਲ ਡਾਇਬਟੀਜ਼ ਅਤੇ ਦਿਲ ਦੀ ਬਿਮਾਰੀ ਦਾ ਖ਼ਤਰਾ ਵੀ ਵਧ ਜਾਂਦਾ ਹੈ। ਜੇਕਰ ਅਸੀਂ ਵਜ਼ਨ ਦੀ ਗੱਲ ਕਰੀਏ, ਤਾਂ ਇਹ ਜਿੰਨਾ ਤੇਜ਼ੀ ਨਾਲ ਵਧਦਾ ਹੈ, ਇਸਨੂੰ ਘਟਾਉਣਾ ਉਨਾ ਹੀ ਮੁਸ਼ਕਲ ਹੁੰਦਾ ਹੈ।

ਵਜ਼ਨ ਘਟਾਉਣ ਲਈ ਲੋਕ ਨਾ ਜਾਣੇ ਕਿਹੜੇ-ਕਿਹੜੇ ਤਰੀਕੇ ਅਪਣਾਉਂਦੇ ਹਨ। ਕਈ ਲੋਕ ਘੰਟਿਆਂ ਜਿੰਮ ਵਿਚ ਪਸੀਨਾ ਵਹਾਉਂਦੇ ਹਨ, ਤੇ ਕੁਝ ਲੋਕ ਵੱਖ-ਵੱਖ ਡਾਈਟਾਂ ਦੀ ਪਾਲਣਾ ਕਰਦੇ ਹਨ। ਹਾਲਾਂਕਿ, ਇਸ ਸਮੇਂ ਜ਼ਿਆਦਾਤਰ ਲੋਕ ਵਜ਼ਨ ਘਟਾਉਣ ਲਈ ਜਾਪਾਨੀ ਤਕਨੀਕਾਂ ਨੂੰ ਅਪਣਾ ਰਹੇ ਹਨ। ਇਸ ਨਾਲ ਬਿਨਾਂ ਡਾਈਟਿੰਗ ਅਤੇ ਐਕਸਰਸਾਈਜ਼ ਦੇ ਵਜ਼ਨ ਘਟਾਉਣ ਵਿਚ ਮਦਦ ਮਿਲਦੀ ਹੈ। ਜੇਕਰ ਤੁਸੀਂ ਵੀ ਤੇਜ਼ੀ ਨਾਲ ਵਜ਼ਨ ਘਟਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਜਾਪਾਨੀਆਂ ਦੀ ਲਾਈਫਸਟਾਈਲ ਨਾਲ ਜੁੜੀਆਂ ਇਹ ਤਕਨੀਕਾਂ ਜ਼ਰੂਰ ਫਾਲੋ ਕਰਨੀਆਂ ਚਾਹੀਦੀਆਂ ਹਨ।

ਅੱਜ ਦਾ ਸਾਡਾ ਲੇਖ ਵੀ ਇਸੇ ਵਿਸ਼ੇ 'ਤੇ ਹੈ। ਅਸੀਂ ਤੁਹਾਨੂੰ ਜਾਪਾਨੀਆਂ ਦੀ ਲਾਈਫਸਟਾਈਲ ਬਾਰੇ ਦੱਸਣ ਜਾ ਰਹੇ ਹਾਂ ਜੋ ਵਜ਼ਨ ਘਟਾਉਣ ਲਈ ਫਾਇਦੇਮੰਦ ਮੰਨੀ ਜਾਂਦੀ ਹੈ। ਆਓ ਜਾਣਦੇ ਹਾਂ ਵਿਸਥਾਰ ਨਾਲ-

### ਚਬਾਕੇ ਖਾਓ ਖਾਣਾ

ਤੁਸੀਂ ਜੋ ਕੁਝ ਵੀ ਖਾਂਦੇ ਹੋ, ਉਸਨੂੰ ਚਬਾ ਕੇ ਖਾਓ। ਜਾਪਾਨੀ ਲੋਕ ਇਕ ਬਾਈਟ ਨੂੰ ਘੱਟੋ-ਘੱਟ 25 ਵਾਰੀ ਚਬਾਉਂਦੇ ਹਨ। ਇਸ ਨਾਲ ਪਚਾਉਣ ਦੀ ਪ੍ਰਕਿਰਿਆ ਵੀ ਬਿਹਤਰ ਹੁੰਦੀ ਹੈ ਅਤੇ ਵਜ਼ਨ ਘਟਾਉਣ ਵਿਚ ਵੀ ਆਸਾਨੀ ਹੁੰਦੀ ਹੈ।

### ਖਾਣੇ ਦੌਰਾਨ ਪਾਣੀ ਨਾ ਪੀਓ

ਜਾਪਾਨੀ ਲੋਕ ਖਾਣੇ ਦੌਰਾਨ ਪਾਣੀ ਨਹੀਂ ਪੀਂਦੇ। ਜੇਕਰ ਤੁਸੀਂ ਖਾਣੇ ਦੌਰਾਨ ਪਾਣੀ ਪੀਂਦੇ ਹੋ, ਤਾਂ ਇਸ ਨਾਲ ਤੁਹਾਡਾ ਪੇਟ ਭਾਰੀ ਹੋ ਸਕਦਾ ਹੈ ਅਤੇ ਤੁਸੀਂ ਆਲਸੀ ਮਹਿਸੂਸ ਕਰ ਸਕਦੇ ਹੋ। ਇਸ ਨਾਲ ਮੋਟਾਪਾ ਵੀ ਵਧ ਸਕਦਾ ਹੈ। ਇਸਨੂੰ ਟਾਲਣਾ ਚਾਹੀਦਾ ਹੈ।

### ਛੋਟੇ ਬਰਤਨਾਂ ਵਿਚ ਖਾਓ

ਜਾਪਾਨੀ ਲੋਕ ਖਾਣੇ ਨੂੰ ਛੋਟੇ-ਛੋਟੇ ਕਟੋਰੇ ਅਤੇ ਪਲੇਟਾਂ ਵਿਚ ਖਾਂਦੇ ਹਨ। ਇਸ ਨਾਲ ਖਾਣ ਦੀ ਮਾਤਰਾ ਵੀ ਘੱਟ ਹੁੰਦੀ ਹੈ। ਤੁਸੀਂ ਬਿਨਾਂ ਜ਼ਿਆਦਾ ਖਾਧੇ ਵੱਖ-ਵੱਖ ਪੋਸ਼ਕ ਤੱਤਾਂ ਨੂੰ ਖਾ ਸਕਦੇ ਹੋ। ਇਸਨੂੰ ਅਪਣਾਕੇ ਤੁਸੀਂ ਵੀ ਸੰਤੁਲਿਤ ਮਾਤਰਾ ਵਿਚ ਭੋਜਨ ਕਰ ਸਕਦੇ ਹੋ ਅਤੇ ਜ਼ਿਆਦਾ ਕੈਲੋਰੀ ਇੰਟੇਕ ਤੋਂ ਵੀ ਬਚ ਸਕਦੇ ਹੋ।

### ਸਬਜ਼ੀਆਂ ਜ਼ਿਆਦਾ ਖਾਓ

ਵਜ਼ਨ ਘਟਾਉਣ ਲਈ ਅਨਾਜ ਦੀ ਬਜਾਏ ਤੁਹਾਨੂੰ ਜ਼ਿਆਦਾ ਤੋਂ ਜ਼ਿਆਦਾ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਇਸ ਨਾਲ ਮੈਟਾਬੋਲਿਜ਼ਮ ਤਾਂ ਬੂਸਟ ਹੁੰਦਾ ਹੀ ਹੈ, ਨਾਲ ਹੀ ਤੁਹਾਡੇ ਸਰੀਰ ਨੂੰ ਜ਼ਰੂਰੀ ਪੋਸ਼ਣ ਵੀ ਮਿਲਦਾ ਹੈ। ਇਸ ਤਰ੍ਹਾਂ ਤੁਸੀਂ ਦਿਨ ਭਰ ਉਰਜਾਵਾਨ ਰਹਿੰਦੇ ਹੋ। ਇਸ ਨਾਲ ਵਜ਼ਨ ਘਟਾਉਣਾ ਆਸਾਨ ਹੋ ਜਾਵੇਗਾ।

### ਪੈਦਲ ਚੱਲੋ

ਜਾਪਾਨੀ ਲੋਕ ਜਦੋਂ ਵੀ ਕਿਤੇ ਨੇੜੇ ਜਾਂਦੇ ਹਨ, ਤਾਂ ਉਹ ਪੈਦਲ ਜਾਂ ਸਾਈਕਲ 'ਤੇ ਜਾਂਦੇ ਹਨ। ਇਹ ਵਜ਼ਨ ਘਟਾਉਣ ਦਾ ਸਭ ਤੋਂ ਆਸਾਨ ਅਤੇ ਸਧਾਰਨ ਤਰੀਕਾ ਹੈ।












# ਰਾਸ਼ੀਫਲ

**ਮੇਖ :** ਤਨਾਵ ਤੋਂ ਛੁੱਟਕਾਰਾ ਪਾਉਣ ਦੇ ਲਈ ਸੰਗੀਤ ਦਾ ਸਹਾਰਾ ਲਉ। ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੇ ਲਈ ਲੋੜ ਤੋਂ ਜ਼ਿਆਦਾ ਖਰਚ ਨਾ ਕਰੋ । ਤੁਹਾਡਾ ਗਿਆਨ ਅਤੇ ਵਧੀਆ ਹਾਸਾ ਤੁਹਾਡੇ ਚਾਰੋ ਤਰਫ ਦੇ ਲੋਕਾਂ ਨੂੰ ਪ੍ਰਭਾਵਿਤ ਕਰੇਗਾ। ਤੁਹਾਡਾ ਬੇਹਦ ਪਿਆਰ ਤੁਹਾਡੇ ਪਿਆਰ ਦੇ ਲਈ ਕਾਫੀ ਕੀਮਤੀ ਹੈ। ਉਦੋਂ ਤੱਕ ਕੋਈ ਵਾਧਾ ਨਾ ਕਰੋ ਜਦੋਂ ਤੱਕ ਤੁਸੀ ਪੂਰੀ ਤਰਾਂ ਉਸ ਨੂੰ ਪੂਰਾ ਕਰਨ ਵਿਚ ਸਮਰਥ ਨਾ ਹੋਵੋ। ਦਿਨ ਦੇ ਅੰਦ ਵਿਚ ਤੁਸੀ ਆਪਣੇ ਘਰ ਦੇ ਲੋਕਾਂ ਨੂੰ ਸਮਾਂ ਦੇਣਾ ਚਾਹੀਦਾ ਹੈ ਪਰੰਤੂ ਇਸ ਦੋਰਾਨ ਘਰ ਦੇ ਕਿਸੇ ਕਰੀਬੀ ਦੇ ਨਾਲ ਤੁਹਾਡੀ ਕਹਿਸੁਣੀ ਹੋ ਸਕਦੀ ਹੈ ਅਤੇ ਤੁਹਾਡਾ ਮੂਡ ਖਰਾਬ ਹੋ ਸਕਦਾ ਹੈ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡਾ ਜੀਵਨਸਾਥੀ ਇਸ ਤੋਂ ਪਹਿਲਾਂ ਖੂਬਸੂਰਤ ਕਦੇ ਨਹੀਂ ਹੋਇਆ।

**ਬ੍ਰਿਸ਼ਭ:** ਤੁਹਾਡਾ ਰੁੱਖਾ ਬਰਤਾਵ ਤੁਹਾਡੇ ਜੀਵਨਸਾਥੀ ਦਾ ਮੂਡ ਖਰਾਬ ਕਰ ਸਕਦੀ ਹੈ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਕਿਸੀ ਦਾ ਅਨਾਦਰ ਅਤੇ ਗੰਭੀਰਤਾ ਤੋਂ ਨਾ ਲੈਣਾ ਰਿਸ਼ਤੇ ਵਿਚ ਦਰਾਰ ਪਾ ਸਕਦਾ ਹੈ। ਜੋ ਲੋਕ ਲੰਬੇ ਸਮੇਂ ਤੋਂ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ ਅੱਜ ਉਨਾਂ ਨੂੰ ਕਿਸੇ ਤੋਂ ਧੰਨ ਪ੍ਰਪਾਤ ਹੋ ਸਕਦਾ ਹੈ ਜਿਸ ਨਾਲ ਜੀਵਨ ਦੀਆਂ ਮੁਸ਼ਕਿਲਾ ਦੂਰ ਹੋ ਸਕਦੀਆਂ ਹਨ। ਕਈਂ ਦੋਸਤ ਆਪਣੀ ਨਿੱਜੀ ਸਮੱਸਿਆ ਦੇ ਲਈ ਸਮਾਧਾਨ ਲਈ ਤੁਹਾਡੇ ਤੋਂ ਕੁਝ ਮੰਗ ਸਕਦਾ ਹੈ। ਅੱਜ ਤੁਸੀ ਇਕ ਦਿਲ ਟੁੱਟਣ ਤੋਂ ਰੋਕੋਂਗੇ। ਅੱਜ ਤੁਹਾਡੀ ਕਲਾਤਮਕ ਅਤੇ ਰਚਨਾਤਮਕ ਹੁੱਨਰ ਨੂੰ ਕਾਫੀ ਸਰਹਾਨਾ ਮਿਲੇਗੀ ਅਤੇ ਇਸਦੇ ਚਲਦੇ ਅਚਾਨਕ ਲਾਭ ਮਿਲਣ ਦੀ ਸੰਭਾਵਨਾ ਵੀ ਹੈ। ਘਰ ਵਿਚ ਮਿਲੇ ਕਿਸੇ ਪੁਰਾਣੇ ਸਮਾਨ ਨੂੰ ਦੇਖ ਕੇ ਤੁਸੀ ਅੱਜ ਖੁਸ਼ ਹੋ ਸਕਦੇ ਹੋ ਅਤੇ ਸਾਰਾ ਦਿਨ ਉਸ ਨੂੰ ਸਾਫ ਕਰਨ ਵਿਚ ਬਿਤਾ ਸਕਦੇ ਹੋ। ਇਕ ਵਿਆਹੁਤ ਜ਼ਿੰਦਗੀ ਵਿਚ ਨਿੱਜਤਾ ਦੀ ਵਿਸ਼ੇਸ਼ ਥਾਂ ਹੈ ਪਰ ਅੱਜ ਤੁਸੀ ਕੋਸ਼ਿਸ਼ ਕਰੋਂਗੇ ਕਿ ਦੂਜੇ ਤੁਹਾਡੇ ਕਰੀਬ ਆਉਣ। ਰੋਮਾਂਸ ਵਿਚ ਅੱਗ ਲੱਗ ਜਾਵੇਗੀ।

**ਮਿਥੁਨ :** ਇਕੱਲੇਪਣ ਅਤੇ ਤਨਹਾਈ ਦੀ ਭਾਵਨਾ ਤੋਂ ਬਾਹਰ ਆਉ ਅਤੇ ਪਰਿਵਾਰ ਨਾਲ ਕੁਝ ਪਲ ਬਿਤਾਉ। ਜਿਹੜੇ ਲੋਕ ਵਿਆਹੇ ਹੋਏ ਹਨ ਉਨਾਂ ਨੂੰ ਅੱਜ ਆਪਣੇ ਬੱਚਿਆਂ ਦੀ ਪੜ੍ਹਾਈ ਤੇ ਚੰਗਾ ਖਾਸਾ ਧੰਨ ਖਰਚ ਕਰਨਾ ਪੈ ਸਕਦਾ ਹੈ। ਦੋਸਤ ਸ਼ਾਮ ਦੇ ਲਈ ਕੋਈ ਵਧੀਆ ਯੋਜਨਾ ਬਣਾ ਕੇ ਤੁਹਾਡਾ ਦਿਨ ਖੁਸ਼ੀ ਭਰਿਆ ਬਣਾ ਦੇਣਗੇ। ਕੁਝ ਲੋਕਾਂ ਦੇ ਲਈ ਨਵਾਂ ਰੋਮਾਂਸ ਤਾਜ਼ਗੀ ਲਿਆਏਗਾ ਅਤੇ ਤੁਹਾਡੇ ਮੂਡ ਨੂੰ ਖੁਸ਼ਮਿਜਾਜ ਰੱਖੇਗਾ। ਆਪਣੀ ਕੰਮ ਦੀ ਕੁਸ਼ਲਤਾ ਵਧਾਉਣ ਦੇ ਲਈ ਨਵੀਂ ਤਕਨੀਕਾਂ ਦਾ ਸਹਾਰਾ ਲਉ। ਤੁਹਾਡੀ ਸ਼ੈਲੀ ਅਤੇ ਕੰਮ ਕਰਨ ਦਾ ਨਵਾਂ ਅੰਦਾਜ਼ ਉਨਾਂ ਲੋਕਾਂ ਵਿਚ ਦਿਲਚਸਪੀ ਪੈਦਾ ਕਰੇਗਾ। ਜੋ ਤੁਹਾਡੇ ਤੇ ਨੇੜੇ ਤੋਂ ਧਿਆਨ ਰੱਖਦੇ ਹਨ। ਲੰਬੇ ਸਮੇਂ ਤੋਂ ਲਟਕੀਆਂ ਮੁਸ਼ਕਿਲਾਂ ਨੂੰ ਜਲਦੀ ਹੀ ਹੱਲ ਕਰਨ ਦੀ ਲੋੜ ਹੈ ਅਤੇ ਤੁਸੀ ਜਾਣਦੇ ਹੋ ਕਿ ਤੁਹਾਨੂੰ ਕਿਤੋ ਨਾ ਕਿਤੋ ਸ਼ੁਰੂਆਤ ਕਰਨੀ ਹੋਵੇਗੀ ਸਾਕਾਰਤਮਕ ਰਹੋ ਅਤੇ ਅੱਜ ਤੋਂ ਪ੍ਰਯਾਸ ਸ਼ੁਰੂ ਕਰ ਦਿਉ। ਤੁਹਾਡੇ ਜੀਵਨਸਾਥੀ ਦੇ ਚਲਦੇ ਤੁਸੀ ਮਹਿਸੂਸ ਕਰੋਂਗੇ ਕਿ ਸਵਰਗ ਧਰਤੀ ਤੇ ਹੀ ਹੈ।

**ਕਰਕ :** ਅੱਜ ਦਾ ਦਿਨ ਉਹਨਾਂ ਦਿਨਾਂ ਦੀ ਤਰਾਂ ਨਹੀਂ ਹੈ ਜਦੋਂ ਤੁਸੀ ਕਿਸਮਤ ਵਾਲੇ ਸਾਬਿਤ ਹੁੰਦੇ ਹੋ ਇਸ ਲਈ ਅੱਜ ਜੋ ਕੁਝ ਵੀ ਬੋਲੋ ਸੋਚ ਸਮਝ ਕੇ ਬੋਲੋ ਕਿਉਂ ਕਿ ਥੋੜੀ ਜਿਹੀ ਬਾਤਚੀਤ ਦਿਨਭਰ ਖਿੱਚ ਕੇ ਵੱਡੇ ਵਿਵਾਦ ਦਾ ਰੂਪ ਲੈ ਸਕਦੀ ਹੈ ਅਤੇ ਤੁਹਾਨੂੰ ਤਨਾਵ ਦੇ ਪਲ ਵੀ ਦੇ ਸਕਦੀ ਹੈ। ਜੋ ਲੋਕ ਛੋਟੇ ਕਾਰੋਬਾਰ ਕਰਦੇ ਹਨ ਉਨਾਂ ਨੂੰ ਅੱਜ ਦੇ ਦਿਨ ਆਪਣੇ ਕਿਸੇ ਕਰੀਬੀ ਦੀ ਕੋਈ ਸਲਾਹ ਮਿਲ ਸਕਦੀ ਹੈ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗਾਹ ਵੀ ਦੇ ਸਕਦੇ ਹਨ। ਇਕ ਪਰਿਵਾਰਿਕ ਪਰਿਯੋਜਨਾ ਵਿਚ ਤੁਸੀ ਸਭ ਧਿਆਨ ਦਾ ਕੇਂਦਰ ਹੋਣਗੇ। ਤੁਹਾਨੂੰ ਜਾਣਨ ਦੀ ਲੋੜ ਹੈ ਕਿ ਤੁਹਾਨੂੰ ਆਪਣੇ ਪਿਆਰ ਦੇ ਨਾਲ ਸਮਾਂ ਬਿਤਾਉਣ ਦੀ ਲੋੜ ਹੈ ਅਤੇ ਤੁਸੀ ਦੂਜਿਆਂ ਨੂੰ ਚੰਗੀ ਤਰਾਂ ਸਮਝਦੇ ਹੋ। ਸੰਤੋਸ਼ਜਨਕ ਨਤੀਜਾ ਪਾਉਣ ਦੇ ਲਈ ਕੰਮ ਨੂੰ ਯੋਜਨਾਬੱਧ ਤਰੀਕੇ ਨਾਲ ਕਰੋ ਦਫਤਰ ਦੀਆਂ ਪਰੇਸ਼ਾਨੀਆਂ ਨੂੰ ਹੱਲ ਕਰਨ ਦੇ ਲਈ ਤੁਹਾਨੂੰ ਮਾਨਸਿਕ ਤਣਾਵ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਿਨ ਦੀ ਸ਼ੁਰੂਆਤ ਭਾਂਵੇ ਥੋੜੀ ਥਕਾਵਟ ਭਰੀ ਹੋਵੇ ਪਰੰਤੂ ਦਿਨ ਜਿਸ ਤਰਾਂ ਵਿਕਾਸ ਕਰੇਗਾ ਤੁਹਾਡੇ ਲਈ ਵਧੀਆ ਨਤੀਜੇ ਆਉਣਗੇ ਦਿਨ ਦੇ ਅੰਤ ਵਿਚ ਤੁਸੀ ਆਪਣੇ ਆਪ ਲਈ ਸਮੇਂ ਦੀ ਭਾਲ ਕਰੋਂਗੇ ਅਤੇ ਕੁਝ ਕਰੀਬੀਆਂ ਨੂੰ ਮਿਲਣ ਦੀ ਯੋਜਨਾ ਬਣਾਉਂਗੇ। ਤੁਸੀ ਸ਼ਾਇਦ ਆਪਣੇ ਜੀਵਨਸਾਥੀ ਦੀ ਇਮਾਨਦਾਰੀ ਤੇ ਸ਼ੱਕ ਕਰ ਸਕਦੇ ਹੋ ਜੋ ਆਉਂ ਵਾਲੇ ਦਿਨਾਂ ਵਿਚ ਤੁਹਾਡੀ ਵਿਆਹੁਤਾ ਜ਼ਿੰਦਗੀ ਦੀ ਸ਼ਾਨ ਵਿਗਾੜ ਦੇਵੇਗਾ।

**ਸਿੰਘ:** ਮਾ-ਪਿਉ ਨੂੰ ਅਣਦੇਖਾ ਕਰਨਾ ਤੁਹਾਡੀ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਸਕਦਾ ਹੈ ਚੰਗਾ ਸਮਾਂ ਬਹੁਤ ਜ਼ਿਆਦਾ ਦਿਨਾਂ ਤੱਕ ਨਹੀਂ ਰਹਿੰਦਾ ਇਨਸਾਨ ਦੇ ਕਰਮ ਤਰੰਗਾਂ ਦੀ ਤਰਾਂ ਹਨ ਜਿਹੜੇ ਨਾਲ ਮਿਲਕੇ ਸੰਗੀਤ ਬਣਾਉਂਦੇ ਹਨ ਅਤੇ ਆਪਸ ਵਿਚ ਟਕਰਾਕੇ ਖੜਖੜਾਹਟ। ਅਸੀ ਜੋ ਬੀਜਦੇ ਹਾਂ ਉਹ ਹੀ ਪਾਉਂਦੇ ਹਾਂ। ਅੱਜ ਤੁਸੀ ਆਪਣਾ ਧੰਨ ਧਾਰਮਿਕ ਕੰਮਾਂ ਵਿਚ ਲਗਾ ਸਕਦੇ ਹੋ ਅਤੇ ਜਿਸ ਨਾਲ ਤੁਹਾਨੂੰ ਮਾਨਸਿਕ ਸ਼ਾਤੀ ਅਤੇ ਸਮੱਰਥਾ ਮਿਲਣ ਦੀ ਸੰਭਾਵਨ ਹੈ। ਅਜਿਹੇ ਦੋਸਤਾਂ ਦੇ ਕੋਲ ਜਾਉ ਜਿਨਾਂ ਨੂੰ ਤੁਹਾਡੀ ਲੋੜ ਹੈ। ਤੁਸੀ ਪ੍ਰੇਮੀ ਦੀ ਗੈਰਮੌਜੂਦਗੀ ਵਿਚ ਆਪਣੇ ਆਪ ਨੂੰ ਖਾਲੀ ਮਹਿਸੂਸ ਕਰੋਂਗੇ। ਆਪਣੇ ਆਪ ਨੂੰ ਕਿਸੇ ਛੋਟੇ ਪ੍ਰੋਗਰਾਮ ਵਿਚ ਦਾਖਿਲ ਕਰੋ ਜੋ ਤੁਹਾਨੂੰ ਨਵੀਂ ਤਕਨਾਲੋਜੀ ਅਤੇ ਹੁਨਰ ਸਿੱਖਣ ਵਿਚ ਸਹਾਇਤਾ ਕਰੇਗਾ। ਤੁਹਾਨੂੰ ਅਜਿਹੇ ਲੋਕਾਂ ਦੀ ਸੰਗਤ ਨੂੰ ਛੱਡ ਦੇਣਾ ਚਾਹੀਦਾ ਹੈ ਜੋ ਤੁਸੀ ਸੋਚਦੇ ਹੋ ਕਿ ਤੁਹਾਡੇ ਲਈ ਸਹੀ ਨਹੀਂ ਹੈ ਅਤੇ ਤੁਹਾਡਾ ਸਮਾਂ ਖਰਾਬ ਵੀ ਕਰਦਾ ਹੈ। ਅੱਜ ਲੋੜ ਦੇ ਸਮੇਂ ਤੁਹਾਡਾ ਜੀਵਨ ਸਾਥੀ ਤੁਹਾਡੇ ਪਰਿਵਾਰ ਦੀ ਤਰਜੀਹ ਆਪਣੇ ਪਰਿਵਾਰ ਤੋਂ ਜ਼ਿਆਦਾ ਦੇਂਦਾ ਨਜ਼ਰ ਆ ਸਕਦਾ ਹੈ।

**ਕੰਨਿਆ:** ਆਪਣੀ ਸਿਹਤ ਨੂੰ ਲੈ ਕੇ ਜ਼ਿਆਦਾ ਚਿੰਤਾ ਨਾ ਕਰੋ ਕਿਉਂ ਕਿ ਇਸ ਨਾਲ ਤੁਹਾਡੀ ਬਿਮਾਰੀ ਹੋਰ ਵਿਗੜ ਸਕਦੀ ਹੈ। ਆਪਣੇ ਖਰਚਿਆਂ ਤੇ ਕਾਬੂ ਰੱਖੋ ਅਤੇ ਅੱਜ ਹੱਥ ਖੋਲ ਕੇ ਖਰਚਾ ਨਾ ਕਰੋ। ਤੁਹਾਡੇ ਪਰਿਵਾਰ ਵਾਲੇ ਕਿਸੀ ਛੋਟੀ ਜਿਹੀ ਗੱਲ ਨੂੰ ਲੈ ਕੇ ਰੋਈ ਦਾ ਪਹਾੜ ਬਣਾ ਸਕਦੇ ਹਨ। ਤੁਹਾਡੇ ਕਾਰਡਾਂ ਤੇ ਝੀਲ ਵਿਚ ਬਹੁਤ ਖੂਬਸੂਰਤ ਅਤੇ ਪਿਆਰੇ ਇਨਸਾਨ ਨੂੰ ਮਿਲਣ ਦੀ ਸੰਭਾਵਨਾ ਹੈ। ਅੱਜ ਦੇ ਦਿਨ ਤੁਸੀ ਸਭ ਦੇ ਧਿਆਨ ਦਾ ਕੇਂਦਰ ਹੋਵੋਂਗੇ ਅਤੇ ਸਫਲਤਾ ਤੁਹਾਡੀ ਪਹੁੰਚ ਵਿਚ ਹੋਵੇਗੀ। ਅੱਜ ਦੇ ਦਿਨ ਖਰੀਦਦਾਰੀ ਅਤੇ ਹੋਰ ਗਤੀਵਿਧੀਆਂ ਵਿਚ ਤੁਸੀ ਵਿਅਸਤ ਰਹੋਂਗੇ। ਤੁਹਾਡੇ ਜੀਵਨਸਾਥੀ ਦੇ ਚਲਦੇ ਤੁਸੀ ਮਹਿਸੂਸ ਕਰੋਂਗੇ ਕਿ ਸਵਰਗ ਧਰਤੀ ਤੇ ਹੀ ਹੈ।

**ਤੁਲਾ:** ਦੋੜ ਭੱਜਿਆ ਦਿਨ ਤੁਹਾਨੂੰ ਤੁਣਕ ਮਿਜ਼ਾਜ ਬਣਾ ਸਕਦਾ ਹੈ। ਪੈਸੇ ਕਮਾਉਣ ਦੇ ਲਈ ਨਵੇਂ ਮੋਕੇ ਲਾਭ ਦੇਣਗੇ। ਜੇਕਰ ਤੁਸੀ ਸਮਾਜਿਕ ਸਮਾਗਮਾਂ ਅਤੇ ਘਟਨਾ ਵਿਚ ਭਾਗ ਲਉਂਗੇ ਤਾਂ ਤੁਸੀ ਆਪਣੇ ਵਾਕਫ ਦੋਸਤਾਂ ਵਿਚ ਵਾਧਾ ਕਰੋਗੇ। ਜੇਕਰ ਤੁਸੀ ਡਿਕਟੇਟ ਕਰਨ ਦੀ ਕੋਸ਼ਿਸ਼ ਕਰੋਂਗੇ ਤਾਂ ਤੁਹਾਡੇ ਪਾਰਟਨਰ ਦੇ ਵਿਚ ਕਾਫੀ ਮੁਸ਼ਕਿਲ ਖੜੀ ਹੋ ਸਕਦੀ ਹੈ। ਆਪਣੀ ਕੰਮ ਦੀ ਕੁਸ਼ਲਤਾ ਵਧਾਉਣ ਦੇ ਲਈ ਨਵੀਂ ਤਕਨੀਕਾਂ ਦਾ ਸਹਾਰਾ ਲਉ। ਤੁਹਾਡੀ ਸ਼ੈਲੀ ਅਤੇ ਕੰਮ ਕਰਨ ਦਾ ਨਵਾਂ ਅੰਦਾਜ਼ ਉਨਾਂ ਲੋਕਾਂ ਵਿਚ ਦਿਲਚਸਪੀ ਪੈਦਾ ਕਰੇਗਾ। ਜੋ ਤੁਹਾਡੇ ਤੇ ਨੇੜੇ ਤੋਂ ਧਿਆਨ ਰੱਖਦੇ ਹਨ। ਤੁਹਾਨੂੰ ਅਜਿਹੇ ਲੋਕਾਂ ਦੀ ਸੰਗਤ ਨੂੰ ਛੱਡ ਦੇਣਾ ਚਾਹੀਦਾ ਹੈ ਜੋ ਤੁਸੀ ਸੋਚਦੇ ਹੋ ਕਿ ਤੁਹਾਡੇ ਲਈ ਸਹੀ ਨਹੀਂ ਹੈ ਅਤੇ ਤੁਹਾਡਾ ਸਮਾਂ ਖਰਾਬ ਵੀ ਕਰਦਾ ਹੈ। ਅੱਜ ਆਪਣੇ ਜੀਵਨ ਸਾਥੀ ਦੇ ਨਾਲ ਪਿਆਰ ਦੇ ਜ਼ਿਆਦਾ ਸਮਾਂ ਮਿਲੇਗਾ, ਪਰ ਸਿਹਤ ਵਿਚ ਗੜਬੜ ਹੋ ਸਕਦੀ ਹੈ।

**ਬ੍ਰਿਸ਼ਚਕ:** ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ। ਤਣਾਅ ਤੋਂ ਬਚਨ ਲਈ ਸੰਗੀਤ ਦਾ ਸਹਾਰਾ ਲਵੋ। ਅੱਜ ਤੁਹਾਡੇ ਕੋਲ ਕਾਫੀ ਧੰਨ ਹੋਵੇਗਾ ਅਤੇ ਇਸ ਨਾਲ ਮਨ ਵਿਚ ਸ਼ਾਤੀ ਰਹੇਗੀ। ਜਦੋਂ ਤੁਸੀ ਸਮੂਹ ਵਿਚ ਹੋਵੋ ਤਾਂ ਧਿਆਨ ਰੱਖੋ ਕਿ ਤੁਸੀ ਕੀ ਕਰ ਰਹੇ ਹੋ ਅਚਾਨਕ ਕਹੇ ਗਏ ਸ਼ਬਦਾਂ ਦੇ ਚਲਦੇ ਤੁਸੀ ਕੜੀ ਆਲੋਚਨਾ ਦਾ ਸ਼ਿਕਾਰ ਹੋ ਸਕਦੇ ਹੋ। ਤੁਹਾਡੇ ਜੀਵਨ ਸਾਥੀ ਦੀ ਖਰਾਬ ਸਿਹਤ ਦੇ ਚਲਦੇ ਅੱਜ ਰੋਮਾਂਸ ਤੋ ਪਾਸਾ ਹੋ ਸਕਦਾ ਹੈ। ਅੱਜ ਕੰਮਕਾਰ ਤੇ ਤੁਹਾਨੂੰ ਸਭ ਤੋਂ ਪਿਆਰ ਅਤੇ ਸਹਿਯੋਗ ਪ੍ਰਾਪਤ ਹੋਵੇਗਾ। ਅੱਜ ਟੀ ਵੀ ਜਾਂ ਮੋਬਾਇਲ ਤੇ ਕੋਈ ਫਿਲਮ ਦੇਖਣ ਵਿਚ ਤੁਸੀ ਇਨਾਂ ਵਿਅਸਤ ਹੋ ਸਕਦੇ ਹੋ ਜਿਸ ਵਿਚ ਤੁਸੀ ਕੋਈ ਜਰੂਰੀ ਕੰਮ ਕਰਨਾ ਵੀ ਭੁੱਲ ਜਾਉਂਗੇ। ਰੋਜ਼ਮਰਾਂ ਦੀਆਂ ਲੋੜਾਂ ਪੂਰੀਆਂ ਨਾ ਹੋਣ ਤੇ ਤੁਹਾਡੇ ਵਿਆਹੁਤ ਜਿੰਦਗੀ ਵਿਚ ਤਣਾਵ ਸੰਭਵ ਹੈ ਖਾਣਾ, ਸਾਫ ਸਫਾਈ ਜਾਂ ਕੋਈ ਘਰੇਲੂ ਕੰਮ ਇਸ ਦਾ ਕਾਰਨ ਹੋ ਸਕਦਾ ਹੈ।

**ਧਨੂੰ:** ਭਾਵਨਾ ਵਿਚ ਵਹਿ ਕੇਕੋਈ ਫੈਂਸਲਾ ਨਾ ਲਵੋ ਇਹ ਤੁਹਾਡੇ ਬੱਚਿਆਂ ਦੇ ਹਿੱਤਾਂ ਨੂੰ ਹਾਨੀ ਪਹੁੰਚਾ ਸਕਦਾ ਹੈ। ਅੱਜ ਅਦਾਲਤ ਦਾ ਫੈਂਸਲਾ ਤੁਹਾਡੇ ਹੱਕ ਵਿਚ ਆ ਸਕਦਾ ਹੈ ਜੇਕਰ ਤੁਸੀ ਪੈਸਿਆਂ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਿਲ ਹੁੰਦੇ ਹੋ ਇਸ ਨਾਲ ਤੁਹਾਨੂੰ ਆਰਥਿਕ ਲਾਭ ਹੋਵੇਗਾ। ਪਰਿਵਾਰ ਅਤੇ ਬੱਚਿਆਂ ਦੇ ਨਾਲ ਬਿਤਾਇਆ ਸਮਾਂ ਤੁਹਾਨੂੰ ਫਿਰ ਊਰਜਾ ਨਾਲ ਇਕਮਿਕ ਕਰ ਦੇਵੇਗਾ। ਜੇਕਰ ਤੁਸੀ ਸ਼ਾਮ ਨੂੰ ਦੋਸਤਾਂ ਨਾਲ ਘੁੰਮਣ ਜਾਂਦੇ ਹੋ ਤਾਂ ਰੁਮਾਂਸ ਤੁਰੰਤ ਤੁਹਾਡੇ ਰਾਹ ਵਿਚ ਆ ਸਕਦਾ ਹੈ। ਕੰਮਕਾਰ ਵਾਲੇ ਲੋਕਾਂ ਨੂੰ ਹਾਲ ਦੀ ਉਪਲਬਧੀਆਂ ਦੇ ਲਈ ਸਹਿਕਰਮੀ ਨੂੰ ਸਰਾਹਾਨਾ ਅਤੇ ਮਦਦ ਮਿਲੇਗੀ। ਤੁਹਾਡਾ ਤੇਜੀ ਨਾਲ ਪਰਖਣ ਤੁਹਾਨੂੰ ਦੂਜਿਆਂ ਤੋਂ ਅੱਗੇ ਰਹਿਣ ਵਿਚ ਸਹਾਇਤਾ ਕਰੇਗਾ। ਤੁਹਾਡਾ ਜੀਵਨਸਾਥੀ ਬਿਨਾਂ ਕੁਝ ਜਾਣੇ ਕੁਝ ਅਜਿਹਾ ਖਾਸ ਕੰਮ ਕਰ ਸਕਦਾ ਹੈ ਜਿਸ ਨੂੰ ਸੱਚਮੁਚ ਕਦੇ ਭੁੱਲ ਨਹੀਂ ਸਕੋਂਗੇ।

**ਮਕਰ:** ਮਾਤਾ ਪਿਤਾ ਦੀ ਸਿਹਤ ਚਿੰਤਾ ਦਾ ਕਾਰਨ ਬਣ ਸਕਦੀ ਹੈ। ਅੱਜ ਦੇ ਦਿਨ ਤੁਹਾਨੂੰ ਧੰਨ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ ਪਰੰਤੂ ਇਸ ਦੇ ਨਾਲ ਹੀ ਤੁਹਾਨੂੰ ਦਾਨ ਪੁੰਨ ਵੀ ਕਰਨਾ ਚਾਹੀਦਾ ਹੈ ਕਿਉਂ ਕਿ ਇਸ ਤੋਂ ਤੁਹਾਨੂੰ ਮਾਨਸਿਕ ਸ਼ਾਤੀ ਮਿਲੇਗੀ। ਜੇਕਰ ਤੁਸੀ ਪਾਰਟੀ ਕਰਨ ਦੀ ਸੋਚ ਰਹੇ ਹੋ ਤਾਂ ਆਪਣੇ ਚੰਗੇ ਦੋਸਤਾਂ ਨੂੰ ਬੁਲਾਉ। ਅਜਿਹੇ ਕਈਂ ਲੋਕ ਹੋਣਗੇ ਜੋ ਤੁਹਾਡਾ ਉਤਸ਼ਾਹ ਵਧਾਉਣਗੇ। ਆਪਣੇ ਪ੍ਰੇਮੀ ਦੇ ਲਈ ਬਦਲੇ ਦੀ ਭਾਵਨਾ ਨਾਲ ਕੁਝ ਹਾਸਿਲ ਨਹੀਂ ਹੋਣਾ ਬਜਾਇ ਇਸ ਦੇ ਕਿ ਤੁਹਾਨੂੰ ਦਿਮਾਗ ਠੰਡਾ ਰੱਖਣਾ ਚਾਹੀਦਾ ਹੈ ਅਤੇ ਆਪਣੇ ਪ੍ਰੇਮੀ ਨੂੰ ਆਪਣੇ ਸੱਚੇ ਜ਼ਜਬਾਤਾਂ ਨਾਲ ਇਕਮਿਕ ਕਰਨਾ ਚਾਹੀਦਾ ਹੈ। ਆਪਣੇ ਆਪ ਨੂੰ ਕਿਸੇ ਛੋਟੇ ਪ੍ਰੋਗਰਾਮ ਵਿਚ ਦਾਖਿਲ ਕਰੋ ਜੋ ਤੁਹਾਨੂੰ ਨਵੀਂ ਤਕਨਾਲੋਜੀ ਅਤੇ ਹੁਨਰ ਸਿੱਖਣ ਵਿਚ ਸਹਾਇਤਾ ਕਰੇਗਾ। ਅੱਜ ਤੁਸੀ ਆਪਣੇ ਆਪ ਨੂੰ ਸੁਰੱਖਿਆ ਵਿਚ ਪਾਉਂਗੇ ਜਦੋਂ ਤੁਸੀ ਕਿਸੇ ਹੋਰ ਵਿਅਕਤੀ ਨੂੰ ਦਿੱਤੀ ਸਹਾਇਤਾ ਦਾ ਇਨਾਮ ਜਾਂ ਸਹਿਯੋਗ ਪਾਉਂਗੇ। ਅੱਜ ਲੋੜ ਦੇ ਸਮੇਂ ਤੁਹਾਡਾ ਜੀਵਨ ਸਾਥੀ ਤੁਹਾਡੇ ਪਰਿਵਾਰ ਦੀ ਤਰਜੀਹ ਆਪਣੇ ਪਰਿਵਾਰ ਤੋਂ ਜ਼ਿਆਦਾ ਦੇਂਦਾ ਨਜ਼ਰ ਆ ਸਕਦਾ ਹੈ।

**ਕੁੰਭ:** ਨਿੱਤ ਦੀਆਂ ਗਤੀਵਿਧੀਆਂ ਵਿਚ ਗਰਭਵਤੀ ਔਰਤਾਂ ਨੂੰ ਸਾਵਧਾਨੀ ਵਰਤਣ ਦੀ ਲੋੜ ਹੈ। ਬੋਲਦੇ ਸਮੇਂ ਅਤੇ ਆਰਥਿਕ ਲੈਣ ਦੇਣ ਸਮੇਂ ਸਾਵਧਾਨੀ ਵਰਤਣ ਦੀ ਲੋੜ ਹੈ। ਦੂਸਰਿਆਂ ਨੂੰ ਪ੍ਰਭਾਵਿਤ ਕਰਨ ਲਈ ਤੁਹਾਡੀ ਸ਼ਮਤਾ ਤੁਹਨੂੰ ਕਈਂ ਸਾਕਾਰਤਮਕ ਚੀਜਾ ਦਵਾਉਗੀ। ਤੁਹਾਡਾ ਰੂਹ ਦਾ ਦੋਸਤ ਸਾਰਾ ਦਿਨ ਤੁਹਾਡੇ ਬਾਰੇ ਸੋਚਦਾ ਰਹੇਗਾ। ਕੰਮ ਕਾਰ ਵਿਚ ਜਿਸਦੇ ਨਾਲ ਤੁਹਾਡੀ ਸਭ ਤੋਂ ਘੱਟ ਬਣਦੀ ਹੈ ਉਸ ਨਾਲ ਚੰਗੀ ਗੱਲਬਾਤ ਹੋ ਸਕਦੀ ਹੈ। ਤੁਸੀ ਆਪਣੇ ਖਾਲੀ ਸਮੇਂ ਵਿਚ ਆਪਣਾ ਪਸੰਦੀਦਾ ਕੰਮ ਕਰਨਾ ਪਸੰਦਾ ਕਰਦੇ ਹੋ ਅੱਜ ਵੀ ਤੁਸੀ ਅਜਿਹਾ ਹੀ ਕੁਝ ਕਰਨ ਦੀ ਸੋਚੋਂਗੇ ਪਰੰਤੂ ਕਿਸੇ ਸਖਸ਼ ਦੇ ਘਰ ਵਿਚ ਆਉਣ ਦੀ ਵਜਾਹ ਨਾਲ ਤੁਹਾਡੀ ਇਹ ਯੋਜਨਾ ਰੱਦ ਹੋ ਸਕਦੀ ਹੈ। ਅੱਜ ਜੀਵਨਸਾਥੀ ਦੀ ਮਾਸੂਮੀਅਤ ਤੁਹਾਡੇ ਦਿਨ ਨੂੰ ਖਾਸ ਬਣਾ ਸਕਦੀ ਹੈ।

**ਮੀਨ:** ਖੁਦ ਹੀ ਆਪਣਾ ਇਲਾਜ ਕਰਨਾ ਘਾਤਕ ਸਿੱਧ ਹੋ ਸਕਦਾ ਹੈ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਉ ਨਹੀਂ ਤਾ ਲੈਣੇ ਦੇ ਦੈਣੇ ਪੈ ਸਕਦੇ ਹਨ। ਨਾਉਮੀਦ ਲਾਭ ਅਤੇ ਸੱਟੇਬਾਜ਼ੀ ਦੀ ਜ਼ਰੀਏ ਆਰਥਿਕ ਹਾਲਾਤ ਵਧਣਗੇ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਪਿਆਰ ਅਤੇ ਰੋਮਾਂਸ ਤੁਹਾਡੇ ਮੂਡ ਨੂੰ ਖੁਸ਼ੀ ਭਰਿਆ ਰੱਖਣਗੇ। ਅੱਜ ਕੰਮ ਕਾਰ ਵਿਚ ਤੁਹਾਡੀ ਸਖਤ ਮਿਹਨਤ ਜਰੂਰ ਰੰਗ ਲਿਆਵੇਗੀ। ਦਿਨ ਬਹੁਤ ਵਧੀਆ ਹੈ ਆਪਣੇ ਆਪ ਲਈ ਵਧੀਆ ਸਮਾਂ ਅਤੇ ਕਮੀਆਂ ਤੇ ਧਿਆਨ ਦੇਵੋ ਇਸ ਨਾਲ ਤੁਹਾਡੇ ਵਿਅਕਤਿਤਵ ਵਿਚ ਸਾਕਾਰਤਮਕ ਪਰਿਵਰਤਨ ਆਵੇਗਾ। ਤੁਸੀ ਆਪਣੀ ਸ਼ੋਕੀਨ ਵਿਆਹੁਤ ਜ਼ਿੰਦਗੀ ਵਿਚ ਇਕ ਸੁੰਦਰ ਬਦਲਾਅ ਦਾ ਅਨੁਭਵ ਕਰ ਸਕਦੇ ਹੋ।


# ਮੀਰਦਾਦ ਦੀ ਪੁਸਤਕ: ਰੂਹਾਨੀ ਅਨੁਭਵ ਦੀ ਕਥਾ

'ਮੀਰਦਾਦ ਦੀ ਪੁਸਤਕ' ਨਾਲ ਮੇਰੀ ਯਾਦ ਸਿਰਫ਼ ਇੱਕ ਪਾਠਕ ਵਾਲੀ ਨਹੀਂ, ਇਸ ਕਿਤਾਬ ਨੂੰ ਮੈਂ ਅਨੁਭਵ ਕੀਤਾ ਸੀ।

ਲਗਭਗ ਤਿੰਨ ਦਹਾਕੇ ਪਹਿਲਾਂ ਦੀ ਗੱਲ ਹੈ। ਮੈਂ ਮੋਹਾਲੀ ਦੇ ਰਾਧਾ ਸੁਆਮੀ ਡੇਰੇ ਦੀ ਬੁਕ ਸਟਾਲ ਤੋਂ ਇਹ ਕਿਤਾਬ ਖ਼ਰੀਦੀ ਸੀ। ਬਹੁਤ ਘੱਟ ਕੀਮਤ 'ਤੇ।

ਉਹਨਾਂ ਸਮਿਆਂ 'ਚ ਕੁੱਝ ਖ਼ਾਸ ਦੋਸਤਾਂ ਵਿਚਾਲੇ ਇਸ ਕਿਤਾਬ ਦੀ ਚਰਚਾ ਛਿੜੀ ਹੋਈ ਸੀ। ਚਰਚਾ ਦੇ ਕਾਰਨ ਹੀ ਇਸ ਕਿਤਾਬ ਨੂੰ ਪੜ੍ਹਨ ਲਈ ਮੇਰੇ ਜ਼ਿਹਨ 'ਚ ਉਤਸੁਕਤਾ ਜਾਗੀ ਸੀ। ਕਿਤਾਬ ਪੜ੍ਹੀ ਤੇ ਮੈਂ ਵੀ ਚਰਚਾ ਦਾ ਹਿੱਸਾ ਲੈਣ ਲਈ ਤਿਆਰ ਹੋ ਗਿਆ। ਇਕ ਸਮਾਂ ਸੀ ਜਦੋਂ ਪੜ੍ਹੀਆਂ ਗਈਆਂ ਖ਼ਾਸ ਕਿਤਾਬਾਂ 'ਤੇ ਚਰਚਾ ਹੁੰਦੀ ਸੀ ਤੇ ਚਰਚਾ ਸ਼ਾਮਲ ਜਿਹੜੇ ਮਿੱਤਰ ਨੇ ਚਰਚਾ ਵਾਲੀ ਕਿਤਾਬ ਨਹੀਂ ਸੀ ਪੜ੍ਹੀ ਹੁੰਦੀ ਉਸ ਨੂੰ ਸ਼ਰਮਸਾਰ ਹੋਣਾ ਪੈਂਦਾ ਸੀ।

ਕਿਉਂਕਿ ਇਹਨਾਂ ਸਮਿਆਂ ਵਿੱਚ ਪੜ੍ਹੀ ਗਈ ਚੰਗੀ ਕਿਤਾਬ 'ਤੇ ਮਿੱਤਰ ਮੰਡਲੀਆਂ ਵਿਚ ਚਰਚਾ ਨਹੀਂ ਹੁੰਦੀ ਹੁਣ ਕਿਤਾਬ ਪੜ੍ਹ ਕੇ ਜਿਹੜੀ ਚੰਗੀ ਲੱਗਦੀ ਹੈ, ਉਸ ਬਾਰੇ ਲਿਖ ਕੇ ਮਿੱਤਰਾਂ ਨਾਲ ਸਾਂਝ ਪਾਉਣ ਨੂੰ ਚਿਤ ਕਰ ਆਉਂਦਾ ਹੈ, ਸੋ ਪਿਛਲੇ ਦਿਨਾਂ ਦੌਰਾਨ ਇਹ ਕਿਤਾਬ ਦੁਬਾਰਾ ਪੜ੍ਹਣ ਦੀ ਇੱਛਾ ਹੋਈ, ਅਤੇ ਜਦੋਂ ਪੜ੍ਹੀ ਤਾਂ ਸੋਚਿਆ ਕਿ ਇਸ ਕਿਤਾਬ ਬਾਰੇ ਆਪਣਾ ਤਾਜ਼ਾ ਅਨੁਭਵ ਤੁਹਾਡੇ ਨਾਲ ਸਾਂਝਾ ਕਰਾਂ ਕਿਉਂਕਿ ਮਿਖਾਇਲ ਨਈਮੀ ਦੀ ਇਹ ਰਚਨਾ ਕਿਸੇ ਸਾਧਾਰਣ ਕਿਤਾਬ ਤੋਂ ਵੱਧ ਇੱਕ ਅਨੁਭਵ ਹੈ। ਇਹ ਕਿਤਾਬ ਆਪਣੇ ਪਾਠਕ ਨੂੰ 'ਸੱਚ' ਨਾਲ ਮੇਲ ਕਰਾਉਂਦੀ ਹੈ।



Mikhail Naimy

The first edition of The book of Mirdad

ਮੀਰਦਾਦ ਦੀ ਪੁਸਤਕ ਵਿਚਲੀ ਕਹਾਣੀ ਇੱਕ ਪੁਰਾਤਨ ਮੱਠ ਵਿੱਚ ਵੱਸਦੇ ਨੌਂ ਸਾਧੂਆਂ ਦੀ ਹੈ, ਜੋ ਆਪਣੇ ਹੀ ਭਰਮਾਂ, ਡਰਾਂ ਅਤੇ ਅਣਜਾਣੀ ਅਸਮਝ ਵਿੱਚ ਫਸੇ ਹੋਏ ਹਨ। ਉਨ੍ਹਾਂ ਦੀ ਇਹ ਅੰਦਰੂਨੀ ਕੈਦ ਉਸ ਵੇਲੇ ਹੌਲੇ-ਹੌਲੇ ਖੁਲ੍ਹਣ ਲੱਗਦੀ ਹੈ, ਜਦ ਮੀਰਦਾਦ ਨਾਂ ਦਾ ਇੱਕ ਅਣਪਛਾਤਾ ਗੁਰੂ ਉਨ੍ਹਾਂ ਦੀ ਜ਼ਿੰਦਗੀ ਵਿੱਚ ਕਦਮ ਰੱਖਦਾ ਹੈ। ਇਸ ਗੁਰੂ ਦਾ ਨਾਂ ਹੈ ਮੀਰਦਾਦ। ਇਹਨਾਂ ਸਾਧੂਆਂ ਉੱਤੇ ਹੌਲੀ ਹੌਲੀ ਮੀਰਦਾਦ ਦੀ ਹਾਜ਼ਰੀ ਦਾ ਅਸਰ ਹੋਣ ਲੱਗਦਾ ਹੈ।

ਉਹ ਸਾਧੂਆਂ ਨੂੰ ਇਹ ਸਮਝਾਉਂਦਾ ਹੈ ਕਿ ਅਸੀਂ ਜਿਸ 'ਮੈਂ' ਨੂੰ ਮੰਨ ਲੈਂਦੇ ਹਾਂ ਬਣਾਵਟੀ ਭਾਵਨਾ ਹੈ। ਇਹ "ਮੈਂ" ਮਨ ਦੀ ਰਚੀ ਹੋਈ ਹੈ, ਜੋ ਹੰਕਾਰ, ਡਰ ਅਤੇ ਇੱਛਾਵਾਂ ਦੇ ਮੋਹ-ਜਾਲ 'ਚ ਘਿਰੀ ਰਹਿੰਦੀ ਹੈ। ਜਦ "ਮੈਂ" ਢਹਿ ਜਾਂਦੀ ਹੈ, ਤਾਂ ਮਨੁੱਖ ਦੇ ਅੰਦਰ ਇਕ ਅਜਿਹੀ ਅਵਸਥਾ ਜਨਮ ਲੈਂਦੀ ਹੈ ਜਿੱਥੇ ਉਸਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਹ ਕਦੇ ਵੀ ਵੱਖਰਾ ਨਹੀਂ ਸੀ। ਉਹ ਸਾਰੀ ਸ੍ਰਿਸ਼ਟੀ ਵਿੱਚ ਰਮਿਆ ਹੋਇਆ ਹੈ ਅਤੇ ਸਾਰੀ ਸ੍ਰਿਸ਼ਟੀ ਉਸ ਵਿੱਚ ਹੀ ਵੱਸਦੀ ਹੈ।

ਮੀਰਦਾਦ ਸਾਧੂਆਂ ਨੂੰ ਇੱਕ ਕਹਾਣੀ ਸੁਣਾਉਂਦਾ ਹੈ:

ਇੱਕ ਆਦਮੀ ਇੱਕ ਘੜਾ ਲੈ ਕੇ ਚੱਲ ਰਿਹਾ ਸੀ। ਉਹ ਉਸ ਘੜੇ ਵਿੱਚ ਪਾਣੀ ਭਰਦਾ ਸੀ। ਹਮੇਸ਼ਾ ਉਸੇ ਨੂੰ ਆਪਣੇ ਸਿਰ ਉੱਤੇ ਰੱਖ ਕੇ ਚੱਲਦਾ ਸੀ। ਘੜਾ ਉਸ ਲਈ ਸਿਰਫ ਇਕ ਭਾਂਡਾ ਨਹੀਂ ਸੀ, ਉਹ ਉਸਦੀ ਜੀਵਨ ਰੇਖਾ ਸੀ। ਉਹ ਸੋਚਦਾ ਸੀ, 'ਜੇ ਇਹ ਘੜਾ ਨਾ ਹੋਵੇ, ਤਾਂ ਮੈਂ ਪਾਣੀ ਬਿਨਾਂ ਪਿਆਸਾ ਮਰ ਜਾਵਾਂਗਾ। ਘੜਾ ਉਸਦੀ ਉਮੀਦ, ਉਸਦੀ ਇਜ਼ਤ, ਉਸਦੀ ਸ਼ਨਾਖਤ ਬਣ ਗਿਆ।

ਇਕ ਦਿਨ ਉਹ ਘੜਾ ਹੇਠਾਂ ਡਿੱਗਿਆ ਤੇ ਟੁੱਟ ਗਿਆ।

ਉਹ ਰੋਇਆ ਤੇ ਬਹੁਤ ਰੋਇਆ, ਕਿਉਂਕਿ ਉਸ ਨੇ ਸੋਚਿਆ ਕਿ ਹੁਣ ਉਹ ਪਾਣੀ ਨਹੀਂ ਪੀ ਸਕੇਗਾ ਅਤੇ ਪਿਆਸਾ ਮਰ ਜਾਵੇਗਾ। ਰੋਂਦਾ ਰੋਂਦਾ ਹੰਭ ਗਿਆ, ਤੇ ਖਾਮੋਸ਼ ਹੋ ਗਿਆ, ਇੱਕ ਪਲ ਲਈ ਜਿਵੇਂ ਮਰ ਗਿਆ ਹੋਵੇ, ਇਨਾ ਸੁੰਨ ਹੋ ਗਿਆ ਕਿ ਸ਼ੁੱਧ ਬੁੱਧ ਖੋਹ ਬੈਠਾ, ਠੰਢਾ ਠਾਰ ਹੋ ਗਿਆ। ਉਸਦੇ ਜਿਹਨ 'ਚ ਜਿਵੇਂ ਇੱਕ ਨਦੀ ਵਹਿ ਤੁਰੀ ਹੋਵੇ। ਉਸ ਦੀ ਪਿਆਸ ਬੁਝ ਚੁੱਕੀ ਸੀ।

ਕੁੱਝ ਪਲਾਂ ਮਗਰੋਂ ਉਸ ਨੂੰ ਸੁਰਤ ਜਿਹੀ ਆਈ ਤੇ ਉਹ ਸਮਝ ਗਿਆ ਕਿ ਘੜਾ ਕਦੇ ਵੀ ਜੀਵਨ ਨਹੀਂ ਸੀ। ਘੜਾ ਤਾਂ ਕੇਵਲ ਇੱਕ ਭ੍ਰਮ ਸੀ ਜਿਸ ਨਾਲ ਉਸਨੇ ਆਪਣੇ ਜੀਵਨ ਨੂੰ ਬੰਨ੍ਹ ਦਿੱਤਾ ਸੀ।

ਕਹਾਣੀ ਦੇ ਇੱਕ ਹੋਰ ਮਹੱਤਵਪੂਰਨ ਪਲ ਵਿੱਚ, ਸਾਰੇ ਸਾਧੂ ਆਪਣੇ ਡੂੰਘੇ ਡਰਾਂ ਨੂੰ ਸਾਂਝਾ ਕਰਦੇ ਹਨ , ਕੋਈ ਇਕੱਲਾਪੇ ਤੋਂ ਡਰਦਾ ਹੈ, ਕੋਈ ਮਰ ਜਾਣ ਦੇ ਭੈ 'ਚ ਹੈ। ਮੀਰਦਾਦ ਉਹਨਾਂ ਨੂੰ ਦੱਸਦਾ ਹੈ ਕਿ ਇਹ ਸਾਰੇ ਡਰ ਸਿਰਫ਼ ਇਸ ਲਈ ਮੌਜੂਦ ਹਨ ਕਿਉਂਕਿ ਅਸੀਂ ਆਪਣੇ ਆਪ ਨੂੰ ਅਲੱਗ ਅਤੇ ਨਾਸ਼ਵਾਨ ਇਕਾਈ ਸਮਝਦੇ ਹਾਂ। ਜਦੋਂ ਅਸੀਂ ਇਸ ਭਰਮ ਨੂੰ ਤੋੜ ਦਿੰਦੇ ਹਾਂ, ਤਾਂ ਡਰ ਦਾ ਕੋਈ ਅਧਾਰ ਨਹੀਂ ਰਹਿੰਦਾ।

ਕਹਾਣੀ ਦੇ ਅੰਤ ਵਿੱਚ, ਮੀਰਦਾਦ ਮੱਠ ਨੂੰ ਛੱਡਣ ਦਾ ਆਦੇਸ਼ ਦਿੰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਕੋਈ ਵੀ ਬਾਹਰੀ ਢਾਂਚਾ, ਭਾਵੇਂ ਉਹ ਕਿੰਨਾ ਹੀ ਪਵਿੱਤਰ ਕਿਉਂ ਨਾ ਹੋਵੇ, ਅਸਲੀ ਸੱਚਾਈ ਨੂੰ ਸੀਮਿਤ ਕਰਦਾ ਹੈ। ਇਸ ਦਾ ਭਾਵ ਇਹ ਹੈ ਕਿ ਅਸਲੀ ਰੂਹਾਨੀਅਤ ਕਿਸੇ ਵੀ ਧਾਰਮਕ ਸੰਸਥਾ ਜਾਂ ਰੀਤੀ ਰਿਵਾਜ਼ ਵਿੱਚ ਨਹੀਂ, ਸਗੋਂ ਆਪਣੀ ਅੰਦਰਲੀ ਖਾਲੀ ਜਗ੍ਹਾ ਨੂੰ ਪਛਾਣਨ ਵਿੱਚ ਹੈ।

ਇਹ ਕਿਤਾਬ ਪਾਠਕ ਤੋਂ ਸਿਰਫ਼ ਪੜ੍ਹਨ ਦੀ ਮੰਗ ਨਹੀਂ ਕਰਦੀ, ਪੜ੍ਹਨ ਮੌਕੇ ਪਾਠ ਨਾਲ ਡੂੰਘਾ ਜੁੜਨ ਦੀ ਮੰਗ ਕਰਦੀ ਹੈ। ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਜੋ ਕੁਝ ਵੀ ਅਸੀਂ ਲੱਭ ਰਹੇ ਹਾਂ, ਉਹ ਪਹਿਲਾਂ ਹੀ ਸਾਡੇ 'ਚ ਮੌਜੂਦ ਹੈ। ਮੀਰਦਾਦ ਦਾ ਸਾਰ ਹੈ, "ਤੂੰ ਜਿਸਨੂੰ ਲੱਭ ਰਿਹਾ ਹੈਂ, ਉਹ ਤੂੰ ਆਪ ਹੀ ਹੈਂ।" ਇਹ ਕੋਈ ਨਵਾਂ ਗਿਆਨ ਨਹੀਂ, ਸਗੋਂ ਭੁੱਲੀ ਹੋਈ ਸੱਚਾਈ ਨੂੰ ਯਾਦ ਕਰਨ ਦੀ ਪ੍ਰਕਿਰਿਆ ਹੈ।

ਇਹ ਰਚਨਾ ਉਨ੍ਹਾਂ ਲੋਕਾਂ ਲਈ ਇੱਕ ਚਾਨਣ ਦਾ ਉਹ ਸ੍ਰੋਤ ਹੈ ਜੋ ਆਪਣੇ ਅੰਦਰਲੇ ਸੱਚ ਨੂੰ ਸਮਝਣ ਦੀ ਖੋਜ ਵਿੱਚ ਲੱਗੇ ਹਨ। ਇਹ ਨਾ ਤਾਂ ਕਿਸੇ ਧਰਮ ਦੀ ਵਕਾਲਤ ਕਰਦੀ ਹੈ ਅਤੇ ਨਾ ਹੀ ਕਿਸੇ ਸੰਪਰਦਾ ਦੀ, ਸਗੋਂ ਉਸ ਸਾਰਥਕ ਚੁੱਪ ਦੀ ਗੱਲ ਕਰਦੀ ਹੈ ਜੋ ਸਾਰੇ ਭੇਦ-ਭਾਵਾਂ ਤੋਂ ਪਰੇ ਹੈ। ਜਦੋਂ ਅਸੀਂ ਇਸ ਨੂੰ ਪੂਰੇ ਮਨ ਨਾਲ ਪੜ੍ਹਦੇ ਹਾਂ, ਤਾਂ ਇਹ ਕਿਤਾਬ ਪਾਠਕ ਨੂੰ ਉਸ ਰਾਹ ਤੇ ਤੋਰ ਦਿੰਦੀ ਹੈ ਜੋ ਰਾਹ ਹਕੀਕੀ ਸਵਰੂਪ ਵੱਲ ਜਾਂਦਾ ਹੈ।

ਮੈਂ ਇਸ ਕਿਤਾਬ ਨੂੰ ਸਿਰਫ਼ ਇੱਕ ਰਚਨਾ ਹੀ ਨਹੀਂ ਸਮਝਦਾ, ਇਹ ਆਤਮਿਕ ਸੰਕੇਤਕੋਸ਼ ਹੈ। ਦਰਵੇਸ਼ ਮਿਰਦਾਦ ਦੀ ਬੋਧਕ ਯਾਤਰਾ ਹੈ, ਜੋ ਮੱਠ' ਵਿੱਚ ਆਪਣੇ ਸਿੱਖਿਆਰਥੀਆਂ ਦੀਆਂ ਮੈਲੀਆਂ ਆਤਮਾਵਾਂ ਤੋਂ ਗਰਦ ਝਾੜ ਰਿਹਾ ਹੈ। ਚੇਤਨਾ ਦੀ ਪਰਤ ਦਰ ਪਰਤ ਖੋਲ੍ਹ ਕੇ ਉਨ੍ਹਾਂ ਅੰਦਲ ਅਨੁਭੂਤੀ ਦੀ ਅਲਖ ਜਗਾ ਰਿਹਾ ਹੈ।

ਮੀਰਦਾਦ ਮਨੁੱਖੀ ਹਉਮੈ, ਮੋਹ, ਲਾਲਚ, ਅਤੇ ਭੇਖੀ ਧਰਮਾਂ ਦੀ ਆਲੋਚਨਾ ਕਰਦਾ ਹੈ। ਉਹ ਕਹਿੰਦਾ ਹੈ ਕਿ ਅਸਲ ਧਰਮ ਕਿਸੇ ਸੰਸਥਾ ਦੀ ਕੈਦ ਨਹੀਂ, ਸਗੋਂ ਅੰਦਰੂਨੀ ਅਨੁਭਵ ਹੈ। ਰੱਬ ਮੰਦਰਾਂ, ਮਸਜਿਦਾਂ ਜਾਂ ਕਲਿਸਿਆਂ ਵਿੱਚ ਨਹੀਂ, ਸਗੋਂ ਸਾਫ਼ ਹੋਏ ਹਿਰਦੇ ਵਿੱਚ ਵੱਸਦਾ ਹੈ।

ਮੀਰਦਾਦ ਕਹਿੰਦਾ ਹੈ ਕਿ ਭਾਸ਼ਾ ਰੁਕਾਵਟ ਦਾ ਕਾਰਨ ਵੀ ਹੋ ਸਕਦੀ ਹੈ। ਉਹ ਮੌਨ ਨੂੰ ਸਾਰਥਕਤਾ ਦੇ ਵੱਧ ਨੇੜੇ ਮੰਨਦਾ ਹੈ। ਜਿਸ ਤਰ੍ਹਾਂ ਇੱਕ ਸ਼ਬਦ ਹਜ਼ਾਰ ਗੱਲਾਂ ਨੂੰ ਢੱਕ ਸਕਦਾ ਹੈ, ਮੌਨ ਹਜ਼ਾਰ ਸੱਚਾਈਆਂ ਨੂੰ ਜਗਾ ਸਕਦਾ ਹੈ। ਇਹ ਮੌਨ ਉਸ ਰੂਹਾਨੀ ਚੁੱਪ ਦੀ ਗੱਲ ਕਰਦਾ ਹੈ ਜਿੱਥੇ 'ਮੈਂ' ਮਿਟ ਜਾਂਦੀ ਹੈ ਤੇ ਸਿਰਫ਼ 'ਅਸਲ' ਹੀ ਬਚਦਾ ਹੈ।

ਮੀਰਦਾਦ ਦੀ ਸਿੱਖਿਆ ਰਿਸ਼ਤਿਆਂ ਤੋਂ ਲੈ ਕੇ ਮੌਤ ਤਕ ਪਹੁੰਚਦੀ ਹੈ। ਉਹ ਕਹਿੰਦਾ ਹੈ ਕਿ ਮੌਤ ਕੋਈ ਅੰਤ ਨਹੀਂ, ਸਗੋਂ ਬਦਲਾਅ ਹੈ, ਜਿਵੇਂ ਚਾਨਣ ਦੀ ਲਕੀਰ ਹਨੇਰੇ ਦੀ ਕੰਧ ਨੂੰ ਚੀਰ ਜਾਂਦੀ ਹੈ। ਜੀਵਨ ਤੇ ਮੌਤ ਇਕੋ ਹੀ ਚੱਕਰ ਦੇ ਦੋ ਪੱਖ ਹਨ, ਜੋ ਜੀਵਨ ਨੂੰ ਡਰ ਨਾਲ ਜੀਉਂਦਾ ਹੈ, ਉਹ ਮੌਤ ਨੂੰ ਵੀ ਡਰ ਦੇ ਨਾਲ ਹੀ ਮਿਲਦਾ ਹੈ। ਮਿਰਦਾਦ ਇਹ ਵੀ ਦੱਸਦਾ ਹੈ ਕਿ ਸੱਚ ਦੀ ਤਲਾਸ਼ ਅੰਦਰੋਂ ਹੁੰਦੀ ਹੈ, ਕਿਤਾਬਾਂ, ਧਰਮ-ਗ੍ਰੰਥਾਂ ਜਾਂ ਸਿੱਖਿਆਵਾਂ ਰਾਹੀਂ ਨਹੀਂ।

ਇਸ ਪੁਸਤਕ ਵਿੱਚ ਵਿਸ਼ਵਾਸ ਨੂੰ ਸਚਾਈ ਤੇ ਆਧਾਰਤ ਕਰਨ ਦੀ ਗੱਲ ਕੀਤੀ ਗਈ ਹੈ, ਨਾ ਕਿ ਅੰਧ ਤਾਬੇਦਾਰੀ 'ਤੇ। ਮਿਰਦਾਦ ਆਪਣੇ ਚੇਲੇਆਂ ਨੂੰ ਕਹਿੰਦਾ ਹੈ ਕਿ ਤੁਸੀਂ ਹੀ ਰਸਤੇ ਹੋ, ਤੇ ਮੰਜਿਲ ਵੀ ਤੁਸੀਂ ਹੋ। ਕੋਈ ਹੋਰ ਤੁਹਾਨੂੰ ਅੰਤਰ ਚਾਨਣ ਤੱਕ ਨਹੀਂ ਲੈ ਜਾ ਸਕਦਾ।

ਕਿਤਾਬ ਦੇ ਅੰਤ ਵਿੱਚ, ਮੀਰਦਾਦ ਆਪਣਾ ਕੰਮ ਮੁਕੰਮਲ ਕਰਕੇ ਮੌਨ ਹੋ ਜਾਂਦਾ ਹੈ। ਪਰ ਇਹ ਮੌਨ ਚੁੱਪ ਨਹੀਂ। ਇਹ ਉਹ ਰੂਹਾਨੀਅਤ ਧੁਨੀ ਹੈ ਜੋ ਪੜ੍ਹਨ ਵਾਲੇ ਦੇ ਅੰਦਰ ਵੱਜਣ ਲੱਗਦੀ ਹੈ। ਇਹ ਕਿਤਾਬ ਇੱਕ ਅਜਿਹਾ ਦਰਪਣ ਬਣ ਜਾਂਦੀ ਹੈ, ਜਿਸ ਵਿੱਚ ਪਾਠਕ ਆਪਣਾ ਅਸਲ ਚਿਹਰਾ ਵੇਖ ਸਕਦਾ ਹੈ, ਬਿਨਾਂ ਕਿਸੇ ਭੂਮਿਕਾ ਦੇ।

ਇਹ ਕਿਤਾਬ ਮਨੁੱਖੀ ਆਤਮਾ ਦੀ ਤਲਾਸ਼ ਹੈ, ਰੱਬ ਦੇ ਨਾਂਅ ਵਿਚ ਲੁਕਿਆ ਹੋਇਆ ਮਨੁੱਖਤਾ ਦਾ ਉਤਸਵ। ਇਹ ਉਹ ਗੱਲ ਕਰਦੀ ਹੈ ਜੋ ਕਈ ਵਾਰ ਸ਼ਬਦਾਂ ਵਿੱਚ ਆਉਂਦੀ ਨਹੀਂ, ਸਗੋਂ ਅੰਦਰਲੀ ਸੁੰਨ ਵਿਚ ਉਤਰੀ ਜਾਂਦੀ ਹੈ।

*ਪੀੜਾ ਤੋਂ ਮੁਕਤੀ*

ਕਿਤਾਬ ਦੀ ਕਹਾਣੀ ਵਿੱਚ ਹਰੇਕ ਪਾਤਰ ਅਤੇ ਘਟਨਾ ਰਾਹੀਂ ਮਨੁੱਖੀ ਚੇਤਨਾ ਦੀ ਅੰਦਰੂਨੀ ਯਾਤਰਾ ਦਰਸ਼ਨ ਹਨ। ਇਕ ਕਥਾ ਵਿੱਚ ਅਜਿਹਾ ਦ੍ਰਿਸ਼ ਵੀ ਆਉਂਦਾ ਹੈ ਜਿੱਥੇ ਬੇਹੱਦ ਮੁਸ਼ਕਲ ਪਹਾੜੀ 'ਤੇ ਚੜ੍ਹਦਿਆਂ ਇਕ ਕਿਰਦਾਰ ਦੇ ਸਰੀਰ ਤੋਂ ਹੌਲੀ ਹੌਲੀ ਕੱਪੜੇ ਝੜਦੇ ਜਾਂਦੇ ਹਨ ਤੇ ਅਖੀਰ ਜਦੋਂ ਉਹ ਪਹਾੜੀ ਦੀ ਟੀਸੀ ਤੇ ਚੜ੍ਹ ਜਾਂਦਾ ਹੈ ਤਾਂ ਉਸ ਦੇ ਸਾਰੇ ਕੱਪੜੇ ਝੜ ਕੇ ਜ਼ਮੀਨ ਤੇ ਡਿੱਗ ਚੁੱਕੇ ਹੁੰਦੇ ਹਨ। ਇਹ ਦ੍ਰਿਸ਼ ਸਧਾਰਣ ਜਿਹੀ ਘਟਨਾ ਨਹੀਂ, ਸਗੋਂ ਬਹੁਤ ਹੀ ਗੂੜ੍ਹੀ ਪ੍ਰਤੀਕਾਤਮਕਤਾ ਨੂੰ ਪ੍ਰਗਟ ਕਰਦੀ ਹੈ। ਜਿਸ ਕਿਰਦਾਰ ਉੱਤੇ ਇਹ ਘਟਨਾ ਵਾਪਰਦੀ ਹੈ, ਉਹ ਪਹਿਲਾਂ ਆਮ ਸੰਸਾਰੀ ਇਨਸਾਨ ਵਜੋਂ ਵਿਖਾਇਆ ਗਿਆ ਹੈ। ਉਹ ਸੰਦੇਹ, ਭਰਮ ਅਤੇ ਮਾਇਆ ਵਿੱਚ ਫਸਿਆ ਹੋਇਆ ਹੁੰਦਾ ਹੈ। ਪਰ ਮੀਰਦਾਦ ਦੇ ਉਪਦੇਸ਼ਾਂ ਅਤੇ ਰੂਹਾਨੀ ਸਾਥ ਨਾਲ ਉਹ ਅੰਦਰ ਦੇ ਅਹੰਕਾਰ, ਡਰ ਅਤੇ ਲਾਲਚ ਨੂੰ ਛੱਡਣ ਲੱਗ ਪੈਂਦਾ ਹੈ।

ਜਦ ਮੀਰਦਾਦ ਦੀ ਰੂਹਾਨੀ ਬਾਣੀ ਉਸ ਦੇ ਮਨ ਵਿੱਚ ਉਤਰੀ ਹੈ, ਤਾਂ ਉਸ ਵਿਚ ਇਕ ਜਾਗਰੂਕਤਾ ਆਉਂਦੀ ਹੈ। ਇਹ ਜਾਗਰੂਕਤਾ ਸਿਰਫ ਬੋਧਕ ਨਹੀਂ ਹੁੰਦੀ,ਹੱਡੀਆਂ ਤੱਕ ਜਗਦੀ ਹੈ। ਇਸੇ ਅੰਦਰੂਨੀ ਰੋਸ਼ਨੀ ਦੇ ਕਾਰਨ ਉਸਦੇ ਸਰੀਰ ਤੋਂ ਕੱਪੜੇ ਹੌਲੀ ਹੌਲੀ ਝੜਣ ਲੱਗ ਪੈਂਦੇ ਹਨ, ਤਾਂ ਇਹ ਸਿਰਫ ਸਰੀਰ ਦੇ ਕੱਪੜੇ ਨਹੀਂ ਹੁੰਦੇ। ਇਹ ਉਹਨਾਂ ਸਾਰਿਆਂ ਭਰਮਾਂ, ਡਰਾਂ ਅਤੇ ਹਉਮੈ ਦੇ ਲਿਬਾਸਾਂ ਦੀ ਗਰਦ ਹੈ ਜਿਸ ਨੇ ਮਨੁੱਖ ਨੂੰ ਜਕੜਿਆ ਹੋਇਆ ਹੈ। ਇਹ ਕੱਪੜੇ ਜਿਵੇਂ ਉਸਦੀ ਝੂਠੀ ਪਛਾਣ, ਲਾਲਚ, ਅਤੇ ਸੰਸਾਰੀ ਆਸਰਿਆਂ ਦਾ ਚੋਲਾ ਹੁੰਦੇ ਹਨ। ਜਦ ਇਹ ਝੜਦੇ ਹਨ, ਤਾਂ ਇਹ ਇਸ ਗੱਲ ਦਾ ਸੰਕੇਤ ਹੁੰਦਾ ਹੈ ਕਿ ਉਹ ਹੁਣ ਆਪਣੇ ਅਸਲ ਅਤੇ ਸਾਫ਼ ਸਵਰੂਪ ਵੱਲ ਵਧ ਰਿਹਾ ਹੈ, ਜਿੱਥੇ ਕਿਸੇ ਭਰਮ ਦਾ ਲਿਬਾਸ ਨਹੀਂ ਬਚਦਾ।

ਇਹ ਦ੍ਰਿਸ਼ ਅੰਦਰਲੀ ਪਵਿਤਰਤਾ ਦੀ ਘੜੀ ਬਣ ਜਾਂਦਾ ਹੈ। ਉਸ ਨੂੰ ਹੁਣ ਕਿਸੇ ਵੀ ਨਕਲੀ ਪਹਿਰਾਵੇ ਦੀ ਲੋੜ ਨਹੀਂ। ਉਸਦਾ ਚੇਤਨ ਰੂਹਾਨੀ ਤੌਰ 'ਤੇ ਨੰਗਾ ਹੋ ਚੁੱਕਾ ਹੈ। ਪਰ ਇਹ ਨੰਗਾਪਣ ਸ਼ਰਮ ਦਾ ਨਹੀਂ, ਸਗੋਂ ਸੱਚਾਈ, ਪ੍ਰੇਮ ਅਤੇ ਚਾਨਣ ਦਾ ਨੰਗਾਪਣ ਹੈ। ਇਹ ਦੱਸਦਾ ਹੈ ਕਿ ਜੋ ਕਦੇ ਆਪਣੇ ਆਪ ਨੂੰ ਦੁਨੀਆ ਦੇ ਡਰਾਂ ਅਤੇ ਭਰਮਾਂ ਦੇ ਚੋਲੇ 'ਚ ਲਪੇਟ ਕੇ ਰੱਖਦਾ ਸੀ, ਹੁਣ ਉਹ ਨਿਰਭੈ ਹੈ। ਉਹ ਉਸਦੇ ਸਾਹਮਣੇ ਨੰਗਾ ਖੜਾ ਹੈ ਜਿਸ ਤੋਂ ਕੁਝ ਵੀ ਲੁਕਾਇਆ ਨਹੀਂ ਜਾ ਸਕਦਾ।

ਇਹ ਦ੍ਰਿਸ਼ ਮੀਰਦਾਦ ਦੀ ਕਥਾ ਵਿਚਲਾ ਇੱਕ ਰੂਹਾਨੀ ਮੁਕਾਮ ਹੈ। ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਅਸਲ ਆਤਮਿਕ ਯਾਤਰਾ ਜਦੋਂ ਸ਼ੁਰੂ ਹੁੰਦੀ ਹੈ ਜਦੋਂ ਮਨੁੱਖ ਆਪਣੇ ਆਪ 'ਚੋਂ ਆਪਣੇ ਆਪ ਨੂੰ ਹਟਾਉਂਦਾ ਹੈ, ਇਹ ਆਤਮਿਕ ਜਨਮ ਦੀ ਘੜੀ ਹੁੰਦੀ ਹੈ, ਜਿਸ ਵਿੱਚ ਮਨੁੱਖ ਝੂਠੀ ਪਛਾਣ ਦੇ ਕੱਪੜੇ ਲਾਹ ਕੇ, ਨਿਰਲੇਪ, ਨਿਰਮਲ ਅਤੇ ਪ੍ਰਕਾਸ਼ਮਈ ਰੂਪ ਵਿਚ ਪਰਗਟ ਹੁੰਦਾ ਹੈ। ਇਹ ਘਟਨਾ ਪੂਰੇ ਗ੍ਰੰਥ ਦੀ ਰੂਹ ਨੂੰ ਸਮਝਣ ਲਈ ਕੇਂਦਰੀ ਘਟਨਾ ਹੈ, ਕਿਉਂਕਿ ਇਹ ਦੱਸਦੀ ਹੈ ਕਿ ਹਉਮੈ ਦੇ ਖੰਡਤ ਹੋਣ ਤੋਂ ਬਿਨਾਂ ਮੁਕਤੀ ਸੰਭਵ ਨਹੀਂ।

ਇਸ ਤਰ੍ਹਾਂ ਕਪੜਿਆਂ ਦੇ ਝੜਨ ਦੀ ਇਹ ਰੂਪਕ-ਘਟਨਾ ਮਨੁੱਖੀ ਅੰਦਰੂਨੀ ਵਿਘਟਨ ਅਤੇ ਆਤਮਿਕ ਉਥਾਨ ਦੀ ਸੰਕੇਤਕ ਕਲਾ ਵਿਚੋਂ ਇੱਕ ਉੱਚਾ ਸਿਖਰ ਬਣ ਜਾਂਦੀ ਹੈ।

*ਨੂਹ ਦੀ ਬੇੜੀ*

ਕਿਤਾਬ ਵਿੱਚ 'ਨੂਹ ਦੀ ਬੇੜੀ' ਦੀ ਘਟਨਾ ਨੂੰ ਖ਼ਾਸ ਦਾਰਸ਼ਨਿਕ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। ਬੇੜੀ ਵਿੱਚ ਸਾਰਿਆਂ ਨੂੰ ਬਿਠਾ ਲਿਆ ਜਾਂਦਾ ਹੈ! ਨਾ ਸਿਰਫ਼ ਇਨਸਾਨਾਂ ਨੂੰ, ਸਗੋਂ ਹਰ ਪ੍ਰਕਾਰ ਦੇ ਜੀਵ-ਜੰਤੂਆਂ, ਪੌਦਿਆਂ ਅਤੇ ਪਦਾਰਥਾਂ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਇਹ ਵਿਲੱਖਣ ਪੇਸ਼ਕਾਰੀ ਕਿਤਾਬ ਦੇ ਮੁੱਖ ਸੰਦੇਸ਼ ਨੂੰ ਉਜਾਗਰ ਕਰਦੀ ਹੈ।

ਇਸ ਦਾ ਮੂਲ ਕਾਰਨ ਇਹ ਹੈ ਕਿ ਲੇਖਕ ਮਿਖਾਇਲ ਨਈਮੀ ਬੇੜੀ ਨੂੰ 'ਸਾਰੇ ਅਸਤਿੱਤਵ ਦੀ ਇਕਾਈ' ਦੇ ਰੂਪ ਵਿੱਚ ਪੇਸ਼ ਕਰਦਾ ਹੈ। ਬੇੜੀ ਵਿੱਚ ਸਭ ਕੁਝ ਸ਼ਾਮਲ ਕਰਨ ਦਾ ਭਾਵ ਇਹ ਦੱਸਣਾ ਹੈ ਕਿ 'ਸਾਰੀ ਸ੍ਰਿਸ਼ਟੀ ਇੱਕ ਦੂਜੇ ਨਾਲ ਜੁੜੀ ਹੋਈ ਹੈ' ਅਤੇ ਮੁਕਤੀ ਕਦੇ ਵੀ ਅਲੱਗ ਥਲੱਗ ਨਹੀਂ ਹੋ ਸਕਦੀ। ਇਹ ਕੁਆਂਟਮ ਇਨਟੈਂਗਲਮੈਂਟ ਸਿਧਾਂਤ ਦਾ ਪ੍ਰਤੱਖ ਨਜ਼ਾਰਾ ਹੈ। ( ਕੁਆਂਟਮ ਇਨਟੈਂਗਲਮੈਂਟ ਇੱਕ ਅਜੀਬ ਅਤੇ ਦਿਲਚਸਪ ਕੁਆਂਟਮ ਮਕੈਨੀਕਲ ਵਰਤਾਰਾ ਹੈ, ਜਿਸ ਵਿੱਚ ਦੋ ਜਾਂ ਵਧੇਰੇ ਕੁਆਂਟਮ ਕਣ, ਜਿਵੇਂ ਇਲੈਕਟ੍ਰੌਨ, ਫੋਟੌਨ, ਆਦਿ, ਇੱਕ-ਦੂਜੇ ਨਾਲ ਇਸ ਤਰ੍ਹਾਂ ਜੁੜੇ ਹੁੰਦੇ ਹਨ ਕਿ ਉਹਨਾਂ ਵਿੱਚੋਂ ਇੱਕ ਕਣ ਦੀ ਸਥਿਤੀ ਜਾਂ ਸਪਿੱਨ ਦੂਜੇ ਕਣ ਦੀ ਸਥਿਤੀ ਨੂੰ ਤੁਰੰਤ ਪ੍ਰਭਾਵਿਤ ਕਰਦੀ ਹੈ, ਭਾਵੇਂ ਉਹ ਕਿੰਨੀ ਵੀ ਦੂਰੀ ਤੇ ਹੋਣ।) ਇਹ ਵਿਚਾਰ ਪੁਸਤਕ ਦੇ ਕੇਂਦਰੀ ਸਿਧਾਂਤ "ਸਭ ਵਿੱਚ ਇੱਕ ਅਤੇ ਇੱਕ ਵਿੱਚ ਸਭ" ਨੂੰ ਪ੍ਰਗਟ ਕਰਦਾ ਹੈ।

ਪੁਸਤਕ ਵਿੱਚ ਇਸ ਘਟਨਾ ਨੂੰ ਇਉਂ ਲਿਖਿਆ ਗਿਆ ਹੈ:

"ਬੇੜੀ ਨੇ ਨਾ ਸਿਰਫ਼ ਜੀਵਾਂ, ਸਗੋਂ ਸਮੇਂ, ਸਥਾਨ, ਵਿਚਾਰਾਂ ਅਤੇ ਸੰਭਾਵਨਾਵਾਂ ਨੂੰ ਵੀ ਆਪਣੇ ਅੰਦਰ ਸਮੋ ਲਿਆ.. ਕਿਉਂਕਿ ਪ੍ਰਲੈ ਸਿਰਫ਼ ਇੱਕ ਸਥਾਨਕ ਘਟਨਾ ਨਹੀਂ ਸੀ, ਸਗੋਂ ਸਾਰੇ ਤੱਤਾਂ ਦੀ ਪੁਨਰ-ਸਥਾਪਨਾ ਸੀ।"

ਇਸ ਦਾ ਗੂੜ੍ਹਾ ਕਾਰਨ ਇਹ ਹੈ ਕਿ ਲੇਖਕ 'ਸਾਰੇ ਅਸਤਿੱਤਵ ਦੀ ਆਪਸੀ ਨਿਰਭਰਤਾ' ਨੂੰ ਦਰਸਾਉਣਾ ਚਾਹੁੰਦਾ ਸੀ। ਜਿਵੇਂ ਬੇੜੀ ਵਿੱਚ ਹਰ ਚੀਜ਼ ਦੀ ਇੱਕ ਜੋੜੀ ਸ਼ਾਮਲ ਸੀ, ਉਸੇ ਤਰ੍ਹਾਂ ਮੀਰਦਾਦ ਦੱਸਣਾ ਚਾਹੁੰਦਾ ਹੈ ਕਿ 'ਕੋਈ ਵੀ ਚੀਜ਼ ਜਾਂ ਪ੍ਰਾਣੀ ਫਾਲਤੂ ਨਹੀਂ ਹੈ' ਸਾਰੇ ਕਿਸੇ ਨਾ ਕਿਸੇ ਰੂਪ ਵਿੱਚ ਬ੍ਰਹਿਮੰਡੀ ਸੰਤੁਲਨ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਇਹ ਪ੍ਰਸਤੁਤੀ ਪੁਸਤਕ ਦੇ ਰਹੱਸਵਾਦੀ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਦੀ ਹੈ, ਜੋ ਸਾਰੀ ਸ੍ਰਿਸ਼ਟੀ ਨੂੰ ਇੱਕ ਅਟੁੱਟ ਸਮਗਰੀ ਦੇ ਰੂਪ ਵਿੱਚ ਦੇਖਦੀ ਹੈ।

'ਨੂਹ' ਨੂੰ ਰਚਨਾ 'ਚ ਮਿਖਾਇਲ ਨੇ ਡੂੰਘੇ ਰੂਹਾਨੀ ਅਰਥਾਂ ਵਾਲਾ ਪ੍ਰਤੀਕ ਸਿਰਜਿਆ ਹੈ। ਇੱਥੇ ਨੂਹ ਸਿਰਫ਼ ਧਰਮ ਦਾ ਪਾਤਰ ਨਹੀਂ, ਸਗੋਂ ਮਨੁੱਖੀ ਚੇਤਨਾ ਦੇ ਉਸ ਪੜਾਅ ਦੀ ਨਿਸ਼ਾਨੀ ਹੈ ਜੋ ਭੌਤਿਕ ਦੁਨੀਆ ਦੇ ਤੂਫ਼ਾਨਾਂ ਤੋਂ ਪਾਰ ਜਾਣ ਦੀ ਸਮਰੱਥਾ ਰੱਖਦਾ ਹੈ। ਇਸ ਪੁਸਤਕ ਅਨੁਸਾਰ ਨੂਹ ਦੀ ਬੇੜੀ ਸਿਰਫ਼ ਲੱਕੜ ਦਾ ਬਣਿਆ ਜਹਾਜ਼ ਨਹੀਂ, ਸਗੋਂ ਆਤਮ ਜਾਗ੍ਰਿਤੀ ਦਾ ਰੂਪਕ ਹੈ, ਜੋ ਮਨੁੱਖ ਨੂੰ ਆਜ਼ਾਦੀ ਦਿਵਾਉਂਦਾ ਹੈ।

ਨੂਹ ਇਸ ਕਿਤਾਬ ਵਿੱਚ 'ਆਦਰਸ਼ ਰਹੱਸ' ਦੀ ਤਸਵੀਰ ਪੇਸ਼ ਕਰਦਾ ਹੈ, ਜਿਸ ਨੇ ਆਪਣੇ ਸਮੇਂ ਦੀਆਂ ਭਟਕਣਾਂ ਅਤੇ ਅੰਧਵਿਸ਼ਵਾਸਾਂ ਦੇ ਵਿਰੁੱਧ ਸੱਚ ਦੀ ਖੋਜ ਕੀਤੀ। ਇਹ ਪਾਤਰ 'ਅੰਦਰੂਨੀ ਸ਼ਕਤੀ' ਅਤੇ ਧੀਰਜ ਦਾ ਪ੍ਰਤੀਕ ਹੈ, ਜੋ ਸੱਚੇ ਰਾਹ 'ਤੇ ਚੱਲਣ ਵਾਸਤੇ ਜ਼ਰੂਰੀ ਹੈ। ਲੇਖਕ ਮਿਖਾਇਲ ਨਈਮੀ ਨੇ ਨੂਹ ਨੂੰ ਇਸ ਲਈ ਚੁਣਿਆ ਕਿਉਂਕਿ ਇਹ ਆਤਮਿਕ ਬਚਾਅ, ਸੱਚ ਦੀ ਖੋਜ ਅਤੇ ਰੂਹਾਨੀ ਮੁਕਤੀ ਦਾ ਪ੍ਰਤੀਕ ਹੈ। ਇਹ ਪਾਤਰ ਦੱਸਦਾ ਹੈ ਕਿ ਅਸਲੀ ਤੂਫ਼ਾਨ ਬਾਹਰ ਨਹੀਂ, ਸਗੋਂ ਮਨੁੱਖ ਦੇ ਅੰਦਰ ਹੁੰਦਾ ਹੈ, ਅਤੇ ਇਸ ਤੋਂ ਪਾਰ ਜਾਣ ਦਾ ਇੱਕੋ ਇੱਕ ਰਸਤਾ ਆਤਮ-ਬੋਧ ਹੈ।



ਮਦਨਦੀਪ ਸਿੰਘ

# ਔਲਾਦ ਉਸ ਹਿਸਾਬ ਦੀ ਨਹੀਂ ਨਿੱਕਲੀ...



ਨਾਲ ਪੜ੍ਹਾਉਂਦਾ ਰੇਸ਼ਮ ਸਿੰਘ ਅਕਸਰ ਦਿਲ ਫਰੋਲਣ ਬੈਠ ਜਾਂਦਾ..ਅਖ਼ੇ ਔਲਾਦ ਉਸ ਹਿਸਾਬ ਦੀ ਨਹੀਂ ਨਿੱਕਲੀ ਜਿਹੜਾ ਹਿਸਾਬ ਕਿਤਾਬ ਸਾਰੀ ਜ਼ਿੰਦਗੀ ਮੈਂ ਪੜ੍ਹਾਉਂਦਾ ਰਿਹਾ..!

ਨਾਲਦੀ ਨਸੀਬ ਕੌਰ ਢਿੱਲੀ ਮੱਠੀ ਰਹਿੰਦੀ..ਉਸਤੋਂ ਬਗੈਰ ਕਿਸੇ ਹੋਰ ਕੋਲ ਪੂਣੀਂ ਕਰਾਉਣ ਜੋਗੀ ਵੀ ਵੇਹਲ ਹੈਨੀ ਸੀ..ਸਾਰਾ ਦਿਨ ਬੱਸ ਆਪਣੀ ਹੀ ਦੁਨੀਆ ਵਿਚ ਮਸਤ..ਜਦੋਂ ਟਾਹਰਾਂ ਦੇ ਦੇ ਥੱਕ ਜਾਂਦਾ ਤਾਂ ਡਿੱਗਦੀ ਢਹਿੰਦੀ ਮੰਜੇ ਤੋਂ ਉੱਤਰ ਪੱਗ ਦਾ ਇੱਕ ਪਾਸਾ ਫੜ ਹੀ ਲੈਂਦੀ..!

ਸੁੱਤੀ ਹੋਈ ਨੂੰ ਉਠਾਉਣ ਦਾ ਜੀ ਨਾ ਕਰਦਾ..ਫੇਰ ਉਂਝ ਹੀ ਬੰਨ੍ਹ ਆਉਂਦਾ..ਬਿਨਾ ਪੂਣੀ ਤੋਂ ਕੱਸ ਪਾ ਕੇ ਬੰਨੀ ਦੁਪਹਿਰ ਤੀਕਰ ਸਿਰ ਪੀੜ ਲਾ ਦਿੰਦੀ..ਸ਼ਾਮੀਂ ਘਰੇ ਅੱਪੜ ਸਿਰੋਂ ਲਹੁੰਦਾ ਤਾਂ ਕੰਨ ਲਾਲ ਹੋਏ ਪਏ ਹੁੰਦੇ..!

ਮੈਂ ਸਾਰੀ ਗੱਲ ਸੁਣ ਸਲਾਹ ਦਿੱਤੀ..ਇੱਕ ਸਿਰਾ ਕੁੰਡੀ ਨਾਲ ਬੰਨ ਲਿਆ ਕਰ..ਅੱਗੋਂ ਆਖਦਾ ਇੰਝ ਕਰਾਂ ਤਾਂ ਨਸੀਬ ਕੌਰ ਗੁੱਸੇ ਹੋ ਜਾਂਦੀ..ਆਖਦੀ ਜਿੱਦਣ ਮੈਂ ਮੁੱਕ ਗਈ ਜਿੱਦਾਂ ਮਰਜੀ ਕਰੀ ਜਾਈਂ..!

ਫੇਰ ਇੱਕ ਦਿਨ ਸੁਨੇਹਾ ਮਿਲਿਆ..ਨਸੀਬ ਕੌਰ ਵਾਕਿਆ ਹੀ ਚਲੀ ਗਈ ਸੀ..ਜਾਣਾ ਹੀ ਸੀ ਇੱਕ ਦਿਨ..ਦਿਲ ਨੂੰ ਲੱਗੀ ਕਿਥੇ ਛੱਡਦੀ!

ਭੋਗ ਤੇ ਵੇਖਿਆ ਬੁਰੀ ਤਰਾਂ ਟੁੱਟਿਆ ਭੱਜਿਆ ਸਿਰ ਸੁੱਟ ਨੁੱਕਰੇ ਬੈਠਾ ਹੋਇਆ ਸੀ..ਸਾਰੇ ਸਟਾਫ ਨੂੰ ਵੇਖਦਿਆਂ ਹੀ ਅੰਦਰ ਡੱਕਿਆ ਕਿੰਨਾ ਸਾਰਾ ਗੁਬਾਰ ਬਾਹਰ ਆ ਗਿਆ..ਸਾਰਿਆਂ ਹੌਂਸਲਾ ਦਿੱਤਾ..ਤੇਰੇ ਨਾਲ ਹਾਂ ਕਦੇ ਘਬਰਾਵੀਂ ਨਾ..!

ਹੋਰ ਜਜਬਾਤੀ ਹੋ ਗਿਆ..ਅਖ਼ੇ ਨਾਲਦਾ ਚਲਿਆ ਜਾਵੇ ਤਾਂ ਅੱਖੀਆਂ ਹੁੰਦੇ ਹੋਏ ਵੀ ਬੰਦੇ ਨੂੰ ਦਿਸਣੋ ਹਟ ਜਾਂਦਾ..ਮੈਨੂੰ ਵੀ ਹਟ ਗਿਆ..ਦੋ ਜੁਆਨ ਔਲਾਦਾਂ..ਪਰ ਉਹ ਗੱਲ ਨਹੀਂ ਬਣਦੀ..ਧੀ ਹੋਣੀ ਵੀ ਬੜੀ ਜਰੂਰੀ!

ਮਹੀਨੇ ਦੀ ਛੁੱਟੀ ਮਗਰੋਂ ਸਕੂਲੇ ਆਇਆ ਤਾਂ ਦੁਪਹਿਰੇ ਸਟਾਫ ਰੂਮ ਬੈਂਚ ਤੇ ਲੰਮਾ ਪੈ ਗਿਆ..ਕਹਿੰਦਾ ਸਿਰ ਦੁਖੀ ਜਾਂਦਾ..!

ਮੈਂ ਬੀਕਾਸੋਲ ਦਾ ਕੈਪਸੂਲ ਦਿੱਤਾ..ਨਾਲ ਹੀ ਆਖਿਆ ਦਸਤਾਰ ਲਾਹ ਕੇ ਪਾਸੇ ਰੱਖ ਦੇ..ਦੋ ਘੜੀਆਂ ਘੜੀ ਅਰਾਮ ਕਰ ਲੈ..ਗਹੁ ਨਾਲ ਵੇਖਿਆ ਤਾਂ ਮੱਥੇ ਤੇ ਇਕ ਡੂੰਗਾ ਨਿਸ਼ਾਨ ਉੱਕਰਿਆ ਹੋਇਆ ਸੀ..ਆਖਣ ਲੱਗਾ ਪੂਰੇ ਚਾਰ ਦਿਨ ਹੋ ਗਏ ਕੋਈ ਪੂਣੀ ਕਰਾਉਣ ਵਾਲਾ ਵੀ ਹੈਨੀ ਮਿਲਿਆ..ਬੱਸ ਇੱਕੋ ਪਾਸਾ ਹੀ ਵਾਰ-ਵਾਰ ਬੰਨੀ ਜਾਂਦਾ ਹਾਂ..!

ਫੇਰ ਲੰਮਾ ਪਿਆ ਇੱਕ ਦਮ ਉੱਠ ਖਲੋਤਾ..ਏਧਰ ਓਧਰ ਵੇਖ ਥੋੜਾ ਕੋਲ ਹੁੰਦਾ ਆਖਣ ਲੱਗਾ..ਮੱਥੇ ਦਾ ਨਿਸ਼ਾਨ ਵੇਖ ਕੇ ਹੈਰਾਨ ਨਾ ਹੋ ਮਹਿੰਦਰ ਸਿਹਾਂ..ਇੱਕ ਨਿਸ਼ਾਨ ਜਾਂਦੀ ਜਾਂਦੀ ਨਸੀਬ ਕੌਰ ਦਿਲ ਤੇ ਵੀ ਪਾ ਗਈ ਏ..ਉਹ ਇਸਤੋਂ ਵੀ ਕਿਧਰੇ ਵੱਧ ਡੂੰਗਾ..!

ਹਰਪ੍ਰੀਤ ਸਿੰਘ ਜਵੰਦਾ







ਪੰਜਾਬ ਸਟਾਰ
www.punjabstar.com

# 84 ਸਾਲ ਦੀ ਉਮਰ 'ਚ ਡਾਕਟਰ ਬਣੇ ਮਸ਼ਹੂਰ ਅਦਾਕਾਰ

### ਹਾਸਲ ਕੀਤੀ ਡਿਗਰੀ



ਕਿਹਾ ਜਾਂਦਾ ਹੈ ਕਿ ਕੁਝ ਕਰ ਦਿਖਾਉਣ ਦੀ ਕੋਈ ਉਮਰ ਨਹੀਂ ਹੁੰਦੀ। ਪੜ੍ਹਾਈ ਕਿਸੇ ਵੀ ਉਮਰ ਵਿੱਚ ਪੂਰੀ ਕੀਤੀ ਜਾ ਸਕਦੀ ਹੈ, ਪ੍ਰਤਿਭਾ ਨਾਲ ਨਾਮ ਕਮਾਇਆ ਜਾ ਸਕਦਾ ਹੈ। ਹੁਣ ਹਾਲ ਹੀ ਵਿੱਚ ਕਾਮੇਡੀ ਦੇ ਬਾਦਸ਼ਾਹ ਅਸਰਾਨੀ ਨੇ ਵੀ ਇਹ ਸਾਬਤ ਕਰ ਦਿੱਤਾ ਹੈ। ਅਦਾਕਾਰ ਅਤੇ ਨਿਰਦੇਸ਼ਕ ਨੇ 84 ਸਾਲ ਦੀ ਉਮਰ ਵਿੱਚ ਡਾਕਟਰ ਦੀ ਡਿਗਰੀ ਪ੍ਰਾਪਤ ਕੀਤੀ ਹੈ। ਇਹ ਖੁਲਾਸਾ ਉਦੋਂ ਹੋਇਆ ਜਦੋਂ ਡਿਗਰੀ ਦੇ ਨਾਲ ਉਨ੍ਹਾਂ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ। ਪ੍ਰਸ਼ੰਸਕ ਇਸ ਉਮਰ ਵਿੱਚ ਉਨ੍ਹਾਂ ਦੀ ਪ੍ਰਾਪਤੀ ਤੋਂ ਬਹੁਤ ਪ੍ਰੇਰਨਾ ਲੈ ਰਹੇ ਹਨ ਅਤੇ ਲਗਾਤਾਰ ਉਨ੍ਹਾਂ ਨੂੰ ਵਧਾਈਆਂ ਦੇ ਰਹੇ ਹਨ। ਅਸਰਾਨੀ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ 'ਡਾਕਟਰ ਆਫ਼ ਆਰਟਸ' ਦੀ ਡਿਗਰੀ ਵਾਲੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਅਤੇ ਲਿਖਿਆ ਹੈ, 'ਧੰਨਵਾਦ।' ਇਸ ਦੌਰਾਨ ਉਹ ਬਹੁਤ ਖੁਸ਼ ਦਿਖਾਈ ਦੇ ਰਹੇ ਹਨ। ਜੇਕਰ ਤੁਸੀਂ ਸੋਚ ਰਹੇ ਹੋ ਕਿ ਅਸਰਾਨੀ ਨੇ ਇਲਾਜ ਕਰਨ ਦੀ ਡਿਗਰੀ ਪ੍ਰਾਪਤ ਕੀਤੀ ਹੈ ਤਾਂ ਅਸੀਂ ਤੁਹਾਨੂੰ ਦੱਸ ਦੇਈਏ, ਇਹ ਡਾਕਟਰੀ ਇਲਾਜ ਦੀ ਡਿਗਰੀ ਨਹੀਂ ਸਗੋਂ ਡਾਕਟਰ ਆਫ਼ ਆਰਟਸ ਦੀ ਡਿਗਰੀ ਹੈ। ਪ੍ਰਸ਼ੰਸਕ ਇਸ ਪ੍ਰਾਪਤੀ 'ਤੇ ਅਸਰਾਨੀ 'ਤੇ ਬਹੁਤ ਮਾਣ ਕਰ ਰਹੇ ਹਨ ਅਤੇ ਕੁਮੈਂਟ ਕਰਕੇ ਉਨ੍ਹਾਂ ਨੂੰ ਵਧਾਈ ਦੇ ਰਹੇ ਹਨ।

# ਦਿਲਜੀਤ ਦੋਸਾਂਝ ਦੀ ਫ਼ਿਲਮ 'ਸਰਦਾਰ ਜੀ 3' ਦਾ ਵਿਰੋਧ!

## ਹੱਕ 'ਚ ਆਏ ਪੰਜਾਬੀ ਕਲਾਕਾਰ



ਪੰਜਾਬੀ ਅਦਾਕਾਰ ਦਿਲਜੀਤ ਦੋਸਾਂਝ ਅਦਾਕਾਰ ਆਪਣੀ ਫਿਲਮ 'ਸਰਦਾਰ ਜੀ 3' ਲਈ ਖ਼ਬਰਾਂ ਵਿੱਚ ਹੈ। ਫਿਲਮ ਦਾ ਟ੍ਰੇਲਰ ਹਾਲ ਹੀ ਵਿੱਚ ਰਿਲੀਜ਼ ਹੋਇਆ ਸੀ ਜਿਸ ਵਿੱਚ ਪਾਕਿਸਤਾਨੀ ਅਦਾਕਾਰਾ ਹਨੀਆ ਆਮਿਰ ਵੀ ਨਜ਼ਰ ਆ ਰਹੀ ਹੈ। ਉਦੋਂ ਤੋਂ ਹੀ ਇਸ ਫਿਲਮ ਦਾ ਵਿਰੋਧ ਹੋ ਰਿਹਾ ਹੈ। ਹੁਣ FWICE ਨੇ ਫਿਲਮ ਵਿੱਚ ਹਨੀਆ ਨੂੰ ਕਾਸਟ ਕਰਨ 'ਤੇ ਸਖ਼ਤ ਰੁਖ਼ ਅਪਣਾਇਆ ਹੈ ਅਤੇ ਸੁਪਰਸਟਾਰ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ।

ਦਰਅਸਲ, ਪਹਿਲਗਾਮ ਹਮਲੇ ਤੋਂ ਬਾਅਦ, ਪਾਕਿਸਤਾਨ 'ਤੇ ਭਾਰਤ ਦਾ ਰੁਖ਼ ਬਹੁਤ ਸਖ਼ਤ ਹੈ ਅਤੇ ਭਾਰਤ ਨੇ ਪਾਕਿਸਤਾਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਦੋਵਾਂ ਦੇਸ਼ਾਂ ਦੇ ਸਬੰਧ ਠੀਕ ਨਹੀਂ ਚੱਲ ਰਹੇ ਹਨ। ਇਸ ਦੌਰਾਨ ਦਿਲਜੀਤ ਦੋਸਾਂਝ ਦੀ ਫਿਲਮ ਦੇ ਟ੍ਰੇਲਰ ਵਿੱਚ ਹਨੀਆ ਦੇ ਦਿਖਾਈ ਦੇਣ ਤੋਂ ਬਾਅਦ, ਦੇਸ਼ ਭਰ ਵਿੱਚ ਹੰਗਾਮਾ ਹੋਇਆ ਹੈ ਅਤੇ ਭਾਰੀ ਵਿਰੋਧ ਦੇਖਿਆ ਜਾ ਰਿਹਾ ਹੈ। FWICE ਨੇ ਗ੍ਰਹਿ ਮੰਤਰਾਲੇ ਨੂੰ ਇੱਕ ਪੱਤਰ ਲਿਖ ਕੇ ਦਿਲਜੀਤ ਦੋਸਾਂਝ, ਗੁਣਬੀਰ ਸਿੰਘ ਸਿੱਧੂ, ਮਨਮੋਰਡ ਸਿੱਧੂ ਅਤੇ ਫਿਲਮ ਦੇ ਨਿਰਦੇਸ਼ਕ ਅਮਰ ਹੁੰਦਲ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ।

FWICE ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ, ਵਿਦੇਸ਼ ਮੰਤਰੀ ਅਤੇ ਦੂਰਸੰਚਾਰ ਮੰਤਰਾਲੇ ਨੂੰ ਇੱਕ ਪੱਤਰ ਲਿਖਿਆ ਹੈ। ਇਸ ਵਿੱਚ FWICE ਨੇ ਦਿਲਜੀਤ ਦੋਸਾਂਝ, ਗੁਣਬੀਰ ਸਿੰਘ ਸਿੱਧੂ ਅਤੇ ਨਿਰਦੇਸ਼ਕ ਅਮਰ ਹੁੰਦਲ ਵਿਰੁੱਧ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। FWICE ਨੇ ਬੇਨਤੀ ਕੀਤੀ ਹੈ ਕਿ ਇਨ੍ਹਾਂ ਸਾਰੇ ਲੋਕਾਂ ਦੇ ਪਾਸਪੋਰਟ ਬਿਨਾਂ ਕਿਸੇ ਦੇਰੀ ਦੇ ਰੱਦ ਕੀਤੇ ਜਾਣ ਅਤੇ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਨਾਲ ਜੁੜੇ ਸਾਰੇ ਵਿਸ਼ੇਸ਼ ਅਧਿਕਾਰਾਂ ਤੋਂ ਵੀ ਵਾਂਝਾ ਕੀਤਾ ਜਾਵੇ।

ਇਸ ਦੌਰਾਨ, ਦਿਲਜੀਤ ਦੋਸਾਂਝ ਨੇ ਸੋਸ਼ਲ ਮੀਡੀਆ 'ਤੇ ਹਾਨੀਆ ਆਮਿਰ ਨਾਲ ਇੱਕ ਫੋਟੋ ਸਾਂਝੀ ਕੀਤੀ ਅਤੇ ਆਪਣੇ ਬਚਾਅ ਵਿੱਚ ਕਿਹਾ ਕਿ ਦੇਸ਼ ਵਿੱਚ ਇੱਕ ਜੰਗ ਚੱਲ ਰਹੀ ਹੈ ਪਰ ਸਾਡਾ ਇਨ੍ਹਾਂ ਚੀਜ਼ਾਂ 'ਤੇ ਕੋਈ ਕੰਟਰੋਲ ਨਹੀਂ ਹੈ। ਪਰ ਮੇਰਾ ਮੰਨਣਾ ਹੈ ਕਿ ਸੰਗੀਤ ਇੱਕ ਅਜਿਹੀ ਚੀਜ਼ ਹੈ ਜੋ ਦੇਸ਼ ਨੂੰ ਜੋੜਦੀ ਹੈ। ਮੈਨੂੰ ਦੇਸ਼ ਭਰ ਵਿੱਚ ਪਿਆਰ ਫੈਲਾਉਣ ਵਾਲੀ ਕਿਸੇ ਚੀਜ਼ ਨਾਲ ਜੁੜ ਕੇ ਖੁਸ਼ੀ ਮਹਿਸੂਸ ਹੁੰਦੀ ਹੈ। ਮੈਨੂੰ ਲੱਗਦਾ ਹੈ ਕਿ ਸਾਨੂੰ ਦੇਸ਼ ਤੋਂ ਉੱਪਰ ਉੱਠ ਕੇ ਵਿਸ਼ਵ ਏਕਤਾ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸਾਰੀਆਂ ਸਰਹੱਦਾਂ ਇਸ ਧਰਤੀ ਮਾਂ ਦਾ ਹਿੱਸਾ ਹਨ ਅਤੇ ਮੈਂ ਵੀ ਧਰਤੀ ਮਾਂ ਨਾਲ ਸਬੰਧਤ ਹਾਂ।

FWICE ਦੇ ਪ੍ਰਧਾਨ ਮਨੀਸ਼ ਤਿਵਾੜੀ ਨੇ ਇੱਕ ਨਿਊਜ਼ ਏਜੰਸੀ ਨਾਲ ਗੱਲ ਕਰਦਿਆਂ ਕਿਹਾ ਕਿ 'ਅਸੀਂ ਪਹਿਲਾਂ ਹੀ ਸੈਂਸਰ ਬੋਰਡ ਨੂੰ ਇੱਕ ਪੱਤਰ ਲਿਖਿਆ ਸੀ ਕਿ ਇਸ ਫਿਲਮ ਨੂੰ ਸੈਂਸਰ ਨਹੀਂ ਕੀਤਾ ਜਾਣਾ ਚਾਹੀਦਾ। ਕਿਉਂਕਿ ਇਸ ਵਿੱਚ ਸਿਰਫ਼ ਹਾਨਿਆ ਆਮਿਰ ਹੀ ਨਹੀਂ ਹੈ, ਫਿਲਮ ਵਿੱਚ ਤਿੰਨ-ਚਾਰ ਹੋਰ ਕਲਾਕਾਰ ਵੀ ਹਨ, ਜਿਸ ਕਾਰਨ ਇਹ ਇੱਕ ਵੱਡਾ ਮੁੱਦਾ ਬਣ ਗਿਆ ਹੈ। ਪਰ ਅਸੀਂ ਸੁਣਿਆ ਹੈ ਕਿ ਉਹ ਫਿਲਮ ਨੂੰ ਭਾਰਤ ਤੋਂ ਬਾਹਰ ਕਿਤੇ ਹੋਰ ਰਿਲੀਜ਼ ਕਰ ਰਹੇ ਹਨ। ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਅਸੀਂ ਉਨ੍ਹਾਂ 'ਤੇ ਅਤੇ ਉਨ੍ਹਾਂ ਦੇ ਨਿਰਮਾਤਾ 'ਤੇ ਹਮੇਸ਼ਾ ਲਈ ਪਾਬੰਦੀ ਲਗਾ ਦੇਵਾਂਗੇ।'

ਫਿਲਮ ਦੇ ਵਿਰੋਧ ਵਿਚਾਲੇ ਪੰਜਾਬੀ ਅਦਾਕਾਰ ਦਿਲਜੀਤ ਦੇ ਹੱਕ ਵਿਚ ਆਏ ਹਨ। ਅਦਾਕਾਰਾ ਨਿਰਮਲ ਰਿਸ਼ੀ ਨੇ ਕਿਹਾ ਕਿ ਇਹ ਫਿਲਮ ਕਿਹੜਾ ਅੱਜ ਜਾਂ ਪਹਿਲਗਾਮ ਹਮਲੇ ਮਗਰੋਂ ਬਣਾਈ ਆ। ਜਿਹੜੀਆਂ ਫਿਲਮਾਂ ਪਹਿਲਾਂ ਹੀ ਬਣ ਚੁੱਕੀਆਂ ਨੇ ਉਨ੍ਹਾਂ ਨੂੰ ਰਿਲੀਜ਼ ਕਰਵਾ ਦੇਣਾ ਚਾਹੀਦਾ ਹੈ। ਨਾਲੇ ਲੋਕ ਫ਼ਿਲਮਾਂ ਦੇਖਦੇ ਆ ਨਾਲੇ ਨਿੰਦਣ ਲੱਗ ਜਾਂਦੇ ਆ। ਜਿਸਨੇ ਸਾਰੀ ਦੁਨੀਆ 'ਚ ਦੇਸ਼ ਦਾ ਨਾਂਅ ਰੌਸ਼ਨ ਕੀਤਾ ਲੋਕ ਉਸ ਨੂੰ ਹੀ ਗੱਦਾਰ ਕਹਿ ਰਹੇ ਨੇ ਦੱਸ ਦੇਈਏ ਕਿ ਤਿਵਾੜੀ ਨੇ ਕਿਹਾ ਸੀ ਕਿ 'ਜੇਕਰ ਉਹ ਇਸ ਗੱਲ ਨੂੰ ਲੈ ਤਿਆਰ ਹਨ ਕਿ ਮੈਂ ਪਾਕਿਸਤਾਨ ਵਿੱਚ ਰਿਲੀਜ਼ ਕਰਨ ਦਿਆਂਗਾ, ਵਿਦੇਸ਼ਾਂ ਵਿੱਚ ਰਿਲੀਜ਼ ਕਰ ਦਿਆਂਗਾ, ਤਾਂ ਉਹ ਸਾਡੇ ਲਈ ਗੱਦਾਰਾਂ ਤੋਂ ਘੱਟ ਨਹੀਂ ਹਨ। ਸਿਰਫ਼ ਫੈਡਰੇਸ਼ਨ ਹੀ ਨਹੀਂ, ਪੂਰਾ ਭਾਰਤ ਅਜਿਹੇ ਲੋਕਾਂ ਦੇ ਵਿਰੁੱਧ ਹੋਣਾ ਚਾਹੀਦਾ ਹੈ ਅਤੇ ਮੈਂ ਇਸ ਲਈ ਗ੍ਰਹਿ ਮੰਤਰਾਲੇ ਤੋਂ ਆਈਬੀ ਮੰਤਰਾਲੇ ਨੂੰ ਇੱਕ ਪੱਤਰ ਭੇਜਾਂਗਾ। ਇਹ ਪੱਤਰ ਪ੍ਰਧਾਨ ਮੰਤਰੀ ਹਾਊਸ ਨੂੰ ਜਾਵੇਗਾ ਕਿ ਅਜਿਹੇ ਨਿਰਮਾਤਾ ਜੋ ਸਿਰਫ਼ ਪੈਸੇ ਲਈ ਦੇਸ਼ ਨਾਲ ਖੇਡਦੇ ਹਨ, ਉਨ੍ਹਾਂ ਦਾ ਭਾਰਤ ਵਿੱਚ ਬਿਲਕੁਲ ਵੀ ਸਵਾਗਤ ਨਹੀਂ ਕੀਤਾ ਜਾਵੇਗਾ।'

# 'ਸਰਕਲ ਛੋਟਾ ਗੱਲਬਾਤ ਵੱਡੀ ਹੈ' ਦਿਲਜੀਤ ਦੌਸਾਂਝ ਨੂੰ PM ਮੋਦੀ ਨੇ ਐਕਸ 'ਤੇ ਕੀਤਾ Follow



ਜਿਸ ਤਰ੍ਹਾਂ ਦਿਲਜੀਤ ਦੌਸਾਂਝ ਨੇ ਆਪਣੇ ਗੀਤ 'ਬੋਰਨ ਟੂ ਸ਼ਾਈਨ' 'ਚ ਕਿਹਾ ਸੀ 'ਸਰਕਲ ਛੋਟਾ ਗੱਲਬਾਤ ਵੱਡੀ ਹੈ' ਠੀਕ ਉਸੇ ਤਰ੍ਹਾਂ ਦਿਲਜੀਤ ਦੌਸਾਂਝ ਦੀ ਪ੍ਰਸਿੱਧੀ ਤੇ ਰੁਤਬਾ ਲਗਾਤਾਰ ਵੱਧ ਰਿਹਾ ਹੈ ਕਿਉਂਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਨ੍ਹਾਂ ਨੂੰ ਸੋਸ਼ਲ ਮੀਡੀਆ ਦੇ ਪਲੇਟਫ਼ਾਰਮ 'ਐਕਸ' (ਟਵੀਟਰ) ਉਤੇ ਫ਼ਾਲੋ ਕਰ ਲਿਆ ਹੈ।

ਦਸ ਦਈਏ ਕਿ ਦਿਲਜੀਤ ਦੌਸਾਂਝ ਨੇ ਪੀਐਮ ਮੋਦੀ ਨਾਲ ਸਾਲ ਦੀ ਸ਼ੁਰੂਆਤ ਦੌਰਾਨ 1 ਜਨਵਰੀ ਨੂੰ ਮੁਲਾਕਾਤ ਕੀਤੀ ਸੀ। ਉਹ ਫੁੱਲਾਂ ਦਾ ਗੁਲਦਸਤਾ ਲੈ ਕੇ ਐਂਟਰੀ ਕਰਦੇ ਨਜ਼ਰ ਆਏ ਸਨ। ਇਸ ਮੁਲਾਕਾਤ ਦੌਰਾਨ ਪੀਐਮ ਮੋਦੀ ਨੂੰ ਦੇਖਦੇ ਹੀ ਉਨ੍ਹਾਂ ਨੇ ਸਿਰ ਝੁਕਾ ਕੇ ਫ਼ਤਿਹ ਬੁਲਾਈ ਤੇ ਦੋਸਾਂਝ ਨੇ ਪੀਐਮ ਮੋਦੀ ਨੂੰ ਬਾਬੇ ਨਾਨਕ ਦਾ ਸ਼ਬਦ ਵੀ ਸੁਣਾਇਆ ਸੀ। ਇਸ ਮੁਲਾਕਾਤ ਤੋਂ ਬਾਅਦ ਦੋਸਾਂਝ ਨੇ ਸੋਸ਼ਲ ਮੀਡੀਆ ਪੋਸਟ 'ਤੇ ਲਿਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਸ ਮੁਲਾਕਾਤ ਦੀ ਸ਼ਲਾਘਾ ਕਰਦਿਆਂ 2025 ਦੀ ਸ਼ਾਨਦਾਰ ਸ਼ੁਰੂਆਤ ਦਸਿਆ ਸੀ।

ਜ਼ਿਕਰਯੋਗ ਹੈ ਕਿ ਦਿਲਜੀਤ ਦੌਸਾਂਝ ਦਾ ਨਾਂ ਭਾਰਤ ਦੇ ਸੱਭ ਤੋਂ ਅਮੀਰ ਗਾਇਕਾਂ 'ਚ ਸ਼ਾਮਲ ਹੈ। ਕਈ ਮੀਡੀਆ ਰਿਪੋਰਟਾਂ ਮੁਤਾਬਕ ਦਿਲਜੀਤ 172 ਕਰੋੜ ਰੁਪਏ ਦੀ ਜਾਇਦਾਦ ਦੇ ਮਾਲਕ ਹਨ।

# ਸੋਨਮ ਬਾਜਵਾ ਨੇ ਕੀਤੀ ਹੌਟ ਫਿਗਰ ਫਲਾਂਟ

### ਸੈਕਸੀ ਤਸਵੀਰਾਂ ਨੇ ਖਿੱਚਿਆ ਪ੍ਰਸ਼ੰਸਕਾਂ ਦਾ ਧਿਆਨ



ਬਾਲੀਵੁੱਡ ਅਦਾਕਾਰਾ ਸੋਨਮ ਬਾਜਵਾ ਇਨ੍ਹੀਂ ਦਿਨੀਂ ਅਕਸ਼ੈ ਕੁਮਾਰ ਦੀ ਫਿਲਮ 'ਹਾਊਸਫੁੱਲ 5' ਨੂੰ ਲੈ ਕੇ ਸੁਰਖੀਆਂ ਵਿੱਚ ਹੈ। ਇਸ ਦੌਰਾਨ ਅਦਾਕਾਰਾ ਨੇ ਆਪਣਾ ਬਹੁਤ ਹੀ ਸਿਜ਼ਲਿੰਗ ਲੁੱਕ ਪ੍ਰਸ਼ੰਸਕਾਂ ਨਾਲ ਸਾਂਝਾ ਕੀਤਾ ਹੈ, ਜਿਸ ਕਾਰਨ ਅੱਖਾਂ ਹਟਾਉਣਾ ਮੁਸ਼ਕਲ ਹੋ ਗਿਆ ਹੈ।

ਸੋਨਮ ਗ੍ਰੇਅ ਰੰਗ ਦੇ ਬ੍ਰਾਲੇਟ ਦੇ ਨਾਲ ਮਰਮੇਡ ਸਕਰਟ ਪਹਿਨ ਕੇ ਬਹੁਤ ਗਲੈਮਰਸ ਲੱਗ ਰਹੀ ਹੈ। ਉਨ੍ਹਾਂ ਨੇ ਇਸ ਦੇ ਨਾਲ ਇੱਕ ਜੈਕੇਟ ਕੈਰੀ ਹੋਈ ਸੀ। ਸੋਨਮ ਨੇ ਜੈਕੇਟ ਉਤਾਰ ਕੇ ਆਪਣੇ ਟੋਨਡ ਫਿਗਰ ਨੂੰ ਫਲਾਂਟ ਕੀਤਾ।

ਉਹ ਖੁੱਲ੍ਹੇ ਵਾਲਾਂ ਨਾਲ ਬਹੁਤ ਸੁੰਦਰ ਲੱਗ ਰਹੀ ਸੀ। ਕਦੇ ਅੱਗੇ ਤੋਂ ਤਾਂ ਕਦੇ ਪਿੱਛੇ ਤੋਂ ਸੋਨਮ ਨੇ ਕਈ ਤਸਵੀਰਾਂ ਕਲਿੱਕ ਕਰਵਾਈਆਂ। ਇਸ ਦੌਰਾਨ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਉਨ੍ਹਾਂ ਦੇ ਫਿਗਰ ਅਤੇ ਐਬਸ 'ਤੇ ਟਿਕੀਆਂ ਰਹੀਆਂ। ਹਰ ਕੋਈ ਉਨ੍ਹਾਂ ਦੇ ਐਬਸ ਦੀ ਪ੍ਰਸ਼ੰਸਾ ਕਰਨ ਲੱਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕੈਪਸ਼ਨ ਵਿੱਚ ਲਿਖਿਆ-'ਤੁਹਾਡਾ ਮੂਡਬੋਰਡ।'

ਕੰਮ ਦੀ ਗੱਲ ਕਰੀਏ ਤਾਂ ਸੋਨਮ ਬਾਜਵਾ ਹਾਊਸਫੁੱਲ 5 ਤੋਂ ਬਾਅਦ ਫਿਲਮ 'ਏਕ ਦੀਵਾਨੇ ਕੀ ਦੀਵਾਨੀਅਤ' ਵਿੱਚ ਨਜ਼ਰ ਆਵੇਗੀ। ਅਦਾਕਾਰਾ ਨੇ ਫਿਲਮ ਦੀ ਸ਼ੂਟਿੰਗ ਪੂਰੀ ਕਰ ਲਈ ਹੈ। ਇਸ ਵਿੱਚ ਹਰਸ਼ਵਰਧਨ ਰਾਣੇ ਉਨ੍ਹਾਂ ਦੇ ਨਾਲ ਹਨ। ਪਹਿਲਾਂ ਫਿਲਮ ਦਾ ਨਾਮ ਸਿਰਫ਼ 'ਦੀਵਾਨੀਅਤ' ਸੀ, ਬਾਅਦ ਵਿੱਚ ਇਸਨੂੰ ਬਦਲ ਕੇ 'ਏਕ ਦੀਵਾਨੇ ਕੀ ਦੀਵਾਨੀਅਤ' ਕਰ ਦਿੱਤਾ ਗਿਆ।

ਇਸਦੇ ਪਿੱਛੇ ਨਿਰਮਾਤਾਵਾਂ ਨੇ ਕਾਰਨ ਦੱਸਿਆ ਕਿ ਪੁਰਾਣਾ ਸਿਰਲੇਖ ਫਿਲਮ ਦੀ ਕਹਾਣੀ ਅਤੇ ਇਸਦੇ ਨਵੇਂ ਅੰਦਾਜ਼ ਨਾਲ ਮੇਲ ਨਹੀਂ ਖਾਂਦਾ ਸੀ, ਇਸ ਲਈ ਫਿਲਮ ਦਾ ਨਾਮ ਬਦਲ ਦਿੱਤਾ ਗਿਆ। ਇਸ ਫਿਲਮ ਦਾ ਨਿਰਦੇਸ਼ਨ ਮਿਲਾਪ ਜ਼ਾਵੇਰੀ ਨੇ ਕੀਤਾ ਹੈ ਅਤੇ ਰਾਘਵ ਸ਼ਰਮਾ ਇਸਦੇ ਸਹਿ-ਨਿਰਮਾਤਾ ਹਨ। ਇਹ ਫਿਲਮ 2 ਅਕਤੂਬਰ 2025 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

# ਮੀਨਾ ਕੁਮਾਰੀ ਦੀ ਬਾਇਓਪਿਕ 'ਚ ਨਜ਼ਰ ਆ ਸਕਦੀ ਹੈ ਕਿਆਰਾ ਅਡਵਾਨੀ

ਮੁੰਬਈ : ਬਾਲੀਵੁੱਡ ਅਦਾਕਾਰਾ ਕਿਆਰਾ ਅਡਵਾਨੀ ਟ੍ਰੈਜਡੀ ਕੁਈਨ ਮੀਨਾ ਕੁਮਾਰੀ ਦੀ ਬਾਇਓਪਿਕ ਵਿੱਚ ਕੰਮ ਕਰਦੀ ਨਜ਼ਰ ਆ ਸਕਦੀ ਹੈ। ਮੀਨਾ ਕੁਮਾਰੀ ਦੀ ਬਾਇਓਪਿਕ ਦੇ ਐਲਾਨ ਤੋਂ ਬਾਅਦ, ਕਈ ਵੱਡੀਆਂ ਅਭਿਨੇਤਰੀਆਂ ਇਸ ਫਿਲਮ ਦਾ ਹਿੱਸਾ ਬਣਨ ਦੀ ਦੌੜ ਵਿੱਚ ਹਨ। ਹੁਣ ਖ਼ਬਰ ਇਹ ਹੈ ਕਿ ਨਿਰਮਾਤਾਵਾਂ ਨੇ ਇਸ ਆਈਕੋਨਿਕ ਭੂਮਿਕਾ ਲਈ ਕਿਆਰਾ ਅਡਵਾਨੀ ਨਾਲ ਸੰਪਰਕ ਕੀਤਾ ਹੈ। ਇਸ ਮੈਗਾ-ਬਜਟ ਫਿਲਮ ਦੇ ਰਾਈਸਟ ਸਿਧਾਰਥ ਪੀ. ਮਲਹੋਤਰਾ ਨੇ ਸਾਰੇਗਾਮਾ ਅਤੇ ਅਮਰੋਹੀ ਪਰਿਵਾਰ ਨਾਲ ਮਿਲ ਕੇ ਖਰੀਦੇ ਹਨ। ਇਸ ਫਿਲਮ ਦੇ ਵੱਡੇ ਪੱਧਰ 'ਤੇ ਬਣਨ ਬਾਰੇ ਪਹਿਲਾਂ ਹੀ ਜ਼ਬਰਦਸਤ ਚਰਚਾ ਹੈ।

ਸੂਤਰਾਂ ਅਨੁਸਾਰ, ਫਿਲਮ ਟੀਮ ਦਾ ਮੰਨਣਾ ਹੈ ਕਿ ਕਿਆਰਾ ਮੀਨਾ ਕੁਮਾਰੀ ਵਰਗੀ ਮਹਾਨ ਅਦਾਕਾਰਾ ਦਾ ਕਿਰਦਾਰ ਨਿਭਾਉਣ ਲਈ ਇੱਕ ਵਧੀਆ ਵਿਕਲਪ ਹੈ। ਕਿਆਰਾ ਨੂੰ ਸਕ੍ਰਿਪਟ ਸੁਣਾਈ ਗਈ ਹੈ ਅਤੇ ਉਸਨੂੰ ਕਹਾਣੀ ਵੀ ਬਹੁਤ ਪਸੰਦ ਆਈ ਹੈ। ਹਾਲਾਂਕਿ, ਉਸਨੇ ਅਜੇ ਅਧਿਕਾਰਤ ਤੌਰ 'ਤੇ ਸਹਿਮਤੀ ਨਹੀਂ ਦਿੱਤੀ ਹੈ। ਜੇਕਰ ਕਿਆਰਾ ਇਸ ਪ੍ਰੋਜੈਕਟ ਲਈ ਹਾਂ ਕਹਿੰਦੀ ਹੈ, ਤਾਂ ਇਹ ਉਸਦੀ ਗਰਭ ਅਵਸਥਾ ਤੋਂ ਬਾਅਦ ਸ਼ੂਟ ਹੋਣ ਵਾਲੀ ਪਹਿਲੀ ਫਿਲਮ ਹੋ ਸਕਦੀ ਹੈ, ਜੋ ਇਸ ਪ੍ਰੋਜੈਕਟ ਨੂੰ ਹੋਰ ਵੀ ਖਾਸ ਬਣਾਉਂਦੀ ਹੈ। ਹੁਣ ਇੱਕ ਵੱਡਾ ਸਵਾਲ ਇਹ ਹੈ ਕਿ ਫਿਲਮ ਵਿੱਚ ਕਮਾਲ ਅਮਰੋਹੀ ਦੀ ਭੂਮਿਕਾ ਕੌਣ ਨਿਭਾਏਗਾ? ਕਿਉਂਕਿ ਮੀਨਾ ਕੁਮਾਰੀ ਅਤੇ ਉਨ੍ਹਾਂ ਦੇ ਪਤੀ ਅਤੇ ਫਿਲਮ ਨਿਰਮਾਤਾ ਕਮਾਲ ਅਮਰੋਹੀ ਦੀ ਕਹਾਣੀ ਵਿੱਚ ਉਨ੍ਹਾਂ ਦੀ ਕੈਮਿਸਟਰੀ ਫਿਲਮ ਦੀ ਜਾਨ ਹੋਵੇਗੀ।

# ਪੰਜਾਬੀ ਮੁਟਿਆਰ ਬਣ ਸਹਿਨਾਜ਼ ਗਿੱਲ ਨੇ ਦਿਖਾਏ ਹੁਸਨ ਦੇ ਜਲਵੇ



'ਬਿੱਗ ਬੌਸ 13' ਦੀ ਸ਼ਹਿਨਾਜ਼ ਗਿੱਲ ਹੁਣ ਇੰਡਸਟਰੀ ਦੀ ਇੱਕ ਵੱਡੀ ਸਟਾਰ ਹੈ। ਉਨ੍ਹਾਂ ਨੇ ਇਸ ਸਮੇਂ 2 ਬਾਲੀਵੁੱਡ ਫਿਲਮਾਂ ਵਿੱਚ ਕੰਮ ਕੀਤਾ ਹੈ ਪਰ ਉਨ੍ਹਾਂ ਦੀ ਫੈਨ ਫਾਲੋਇੰਗ ਬਹੁਤ ਜ਼ਿਆਦਾ ਹੈ। ਕੁਝ ਦਿਨ ਪਹਿਲਾਂ, ਸ਼ਹਿਨਾਜ਼ ਨੇ ਆਪਣੇ ਸਵਿਮਸੂਟ ਵਿੱਚ ਕੁਝ ਤਸਵੀਰਾਂ ਸ਼ੇਅਰ ਕੀਤੀਆਂ ਸਨ ਜਿਨ੍ਹਾਂ ਨੇ ਇੰਟਰਨੈੱਟ 'ਤੇ ਹਲਚਲ ਮਚਾ ਦਿੱਤੀ ਸੀ।

ਹੁਣ ਸ਼ਹਿਨਾਜ਼ ਨੇ ਫਿਰ ਤੋਂ ਇੰਸਟਾਗ੍ਰਾਮ 'ਤੇ ਆਪਣੀਆਂ ਬਹੁਤ ਸਾਰੀਆਂ ਸ਼ਾਨਦਾਰ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਸ ਵਾਰ ਉਹ ਦੇਸੀ ਅੰਦਾਜ਼ ਵਿੱਚ ਦਿਖਾਈ ਦੇ ਰਹੀ ਹੈ। ਸੂਟ ਵਿੱਚ ਪਟੋਲਾ ਬਣ ਸ਼ਹਿਨਾਜ਼ ਕੈਮਰੇ ਦੇ ਸਾਹਮਣੇ ਪੋਜ਼ ਦੇ ਰਹੀ ਹੈ।

ਲੁੱਕ ਦੀ ਗੱਲ ਕਰੀਏ ਤਾਂ ਸ਼ਹਿਨਾਜ਼ ਨੀਲੇ ਸੂਟ ਵਿੱਚ ਬਹੁਤ ਸੁੰਦਰ ਲੱਗ ਰਹੀ ਹੈ। ਉਨ੍ਹਾਂ ਨੇ ਇਸ ਸੂਟ ਨਾਲ ਗੁਲਾਬੀ ਦੁਪੱਟਾ ਪੇਅਰ ਕੀਤਾ ਹੈ। ਸ਼ਹਿਨਾਜ਼ ਨੇ ਘੱਟੋ-ਘੱਟ ਮੇਕਅਪ ਨਾਲ ਲੁੱਕ ਨੂੰ ਪੂਰਾ ਕੀਤਾ। ਪ੍ਰਸ਼ੰਸਕ ਸ਼ਹਿਨਾਜ਼ ਦੀਆਂ ਇਨ੍ਹਾਂ ਤਸਵੀਰਾਂ ਨੂੰ ਬਹੁਤ ਪਸੰਦ ਕਰ ਰਹੇ ਹਨ।

ਤਸਵੀਰਾਂ ਦੇ ਨਾਲ ਸ਼ਹਿਨਾਜ਼ ਗਿੱਲ ਨੇ ਇੱਕ ਰੀਲ ਵੀ ਪੋਸਟ ਕੀਤੀ ਹੈ ਜਿਸ ਵਿੱਚ ਉਨ੍ਹਾਂ ਦੇ ਨਾਲ ਪੰਜਾਬ ਦੇ ਮਸ਼ਹੂਰ ਅਦਾਕਾਰ ਗਿੱਪੀ ਗਰੇਵਾਲ ਹਨ। ਦੋਵੇਂ ਜਲਦੀ ਹੀ ਇੱਕ ਫਿਲਮ ਵਿੱਚ ਇਕੱਠੇ ਦਿਖਾਈ ਦੇਣਗੇ। ਦੋਵਾਂ ਨੇ ਸਿੰਘ ਵਰਸੇਜ ਕੌਰ 2 ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ।






# ਪੇਂਡੂ ਲੋਕ-ਖੇਡਾਂ ਦਾ ਭੰਡਾਰਾ ਭਰਪੂਰ

'ਲੋਕ ਖੇਡ' ਦਾ ਅਰਥ ਹੈ: 'ਲੋਕਾਂ ਦੀ ਖੇਡ'। ਇਸ ਤਰ੍ਹਾਂ 'ਖੇਡ' ਸ਼ਬਦ ਦਾ ਭਾਵ 'ਮਨ ਪਰਚਾਉਣਾ' ਹੈ। ਲੋਕ ਖੇਡਾਂ ਦਾ ਮਨੁੱਖੀ ਜੀਵਨ ਨਾਲ ਡੂੰਘਾ ਸੰਬੰਧ ਹੈ, ਲੋਕ-ਖੇਡਾਂ ਦੀ ਸਖਤ ਨਿਯਮਾਂ ਅਧੀਨ ਨਹੀਂ ਖੇਡੀਆਂ ਜਾਂਦੀਆਂ, ਇਹ ਸਮਾਂ-ਸਥਾਨ ਅਨੁਸਾਰ ਖੇਡੀਆਂ ਜਾਂਦੀਆਂ ਹਨ। ਜਿਆਦਾਤਰ ਲੋਕ-ਖੇਡਾਂ ਖੇਡਣ ਲਈ ਸਮਾਨ ਖ਼ਰੀਦਣ ਦੀ ਵੀ ਲੋੜ ਨਹੀਂ ਪੈਂਦੀ, ਇਹਨਾਂ ਦੀ ਉਪਜ ਸਥਾਨਕ ਉਪਲਬਧ ਸਮਗਰੀ ਤੋਂ ਹੀ ਹੁੰਦੀ ਹੈ।

ਪੰਜਾਬੀ ਲੋਕ-ਖੇਡਾਂ ਦਾ ਭੰਡਾਰਾ ਭਰਪੂਰ ਹੈ। ਪੰਜਾਬ ਦੇ ਪਿੰਡਾਂ ਵਿੱਚ ਖੇਡੀਆਂ ਜਾਣ ਵਾਲੀਆਂ ਅਣਗਿਣਤ ਖੇਡਾਂ ਹਨ ਜਿਨ੍ਹਾਂ ਵਿੱਚ ਬਹੁਤ ਵੰਨ-ਸੁਵੰਨਤਾ ਮਿਲਦੀ ਹੈ। ਇਹ ਲੋਕ-ਖੇਡਾਂ ਸਰੀਰਕ ਬਲ ਵਾਲੀਆਂ ਵੀ ਹਨ ਅਤੇ ਮਾਨਸਿਕ ਖੇਡਾਂ, ਬੁੱਧੀ ਨੂੰ ਤੇਜ਼ ਕਰਨ ਵਾਲੀਆਂ ਵੀ ਹਨ। ਪੰਜਾਬ ਵਿੱਚ ਹਰ ਉਮਰ ਦੇ ਵਰਗ ਲਈ ਉਨ੍ਹਾਂ ਦੇ ਬਲ, ਸੋਚ, ਪੱਧਰ ਅਤੇ ਸਮਰੱਥਾ ਅਨੁਸਾਰ ਖੇਡਾਂ ਮੌਜੂਦ ਹਨ। ਜਿੱਥੇ ਛੋਟੇ ਬੱਚੇ ਕੋਟਲਾ ਛਪਾਕੀ, ਪਿੱਠੂ, ਗੁੱਲੀ-ਡੰਡਾ ਆਦਿ ਖੇਡਾਂ ਨਾਲ ਮਨ ਪ੍ਰਸੰਨ ਕਰਦੇ ਹਨ ਉੱਥੇ ਜਵਾਨ ਗੱਭਰੂ, ਕਬੱਡੀ, ਕੁਸ਼ਤੀ, ਮੁਗਦਰ ਚੁੱਕਣਾ, ਮੁੰਗਲੀਆਂ ਫੇਰਨੀਆਂ ਆਦਿ ਖੇਡਾਂ ਨਾਲ ਆਪਣਾ ਸਰੀਰ ਬਲਵਾਨ ਅਤੇ ਚੁਸਤ ਰੱਖਦੇ ਹਨ। ਕੁੜੀਆਂ ਵੀ ਆਪਣੇ ਮਨੋਰੰਜਨ ਲਈ ਟਾਹਣਾ, ਖਿੱਦੋ, ਗੀਟੇ, ਸਟਾਪੂ, ਰੰਗ ਮੱਲਣ, ਛੂਹਣ-ਛੁਪਾਈ ਆਦਿ ਖੇਡਾਂ ਖੇਡਦੀਆਂ ਹਨ। ਵਡੇਰੀ ਉਮਰ ਵਾਲੇ ਲੋਕਾਂ ਲਈ ਬਾਰਾਂ ਟਾਹਣੀ, ਪਾਸਾ, ਚੌਪੜ ਅਤੇ ਸ਼ਤਰੰਜ ਆਦਿ ਖੇਡਾਂ ਜੀਅ ਪਰਚਾਵੇ ਦਾ ਸਾਧਨ ਹਨ।

ਪੰਜਾਬੀ ਲੋਕ-ਖੇਡਾਂ ਦੇ ਘੇਰੇ ਵਿੱਚ ਉਹੋ ਖੇਡਾਂ ਆਉਂਦੀਆਂ ਹਨ ਜਿਹੜੀਆਂ ਪੇਂਡੂ ਮਾਹੌਲ ਵਿੱਚ ਆਸਾਨੀ ਨਾਲ ਖੇਡੀਆਂ ਜਾ ਸਕਦੀਆਂ ਹੋਣ। ਅਜਿਹੀਆਂ ਲੋਕ ਖੇਡਾਂ ਦੀ ਗਿਣਤੀ ਕਾਫ਼ੀ ਹੈ। ਇਹਨਾਂ ਲੋਕ-ਖੇਡਾਂ ਦੇ ਨਿਯਮ ਪੱਕੇ ਨਹੀਂ ਹੁੰਦੇ ਅਤੇ ਲੋੜ ਅਨੁਸਾਰ ਢਾਲੇ ਜਾਂਦੇ ਰਹਿੰਦੇ ਹਨ

**ਖੇਡਾਂ ਅਤੇ ਜੀਵਨ :** ਖੇਡਾਂ ਮਨੁੱਖੀ ਸਰੀਰ ਨੂੰ ਤਾਕਤ ਅਤੇ ਰੂਹ ਨੂੰ ਖੇੜਾ ਦਿੰਦੀਆਂ ਹਨ। ਖੇਡਣਾ ਮਨੁੱਖ ਦੀ ਆਰੰਭਕ ਰੁੱਚੀ ਹੈ। ਖੇਡਾਂ ਪੰਜਾਬੀ ਜੀਵਨ ਦਾ ਇਕ ਅਨਿੱਖੜਵਾਂ ਅੰਗ ਹਨ। ਪੰਜਾਬ ਦੀਆਂ ਖੇਡਾਂ ਬੱਚਿਆਂ ਅਤੇ ਬੁੱਢਿਆਂ ਦੋਹਾਂ ਲਈ ਹੁੰਦੀਆਂ ਹਨ। ਬੱਚਿਆਂ ਦੀ ਲੁਕਣ-ਮੀਚੀ ਤੋਂ ਸ਼ੁਰੂ ਹੋ ਕੇ ਗੱਭਰੂਆਂ ਦੀ ਸੌਂਚੀ ਪੱਕੀ ਅਤੇ ਕਬੱਡੀ ਤੱਕ ਅਨੇਕਾਂ ਖੇਡਾਂ ਪੰਜਾਬ ਦੇ ਪਿੰਡਾਂ ਵਿਚ ਖੇਡੀਆਂ ਜਾਂਦੀਆਂ ਹਨ। ਬੁੱਢੇ-ਠੇਰੇ ਬਾਰਾਂ-ਠੀਕਰੀ, ਬਾਰਾਂ ਟਾਹਣੀ, ਸ਼ਤਰੰਜ਼, ਤਾਸ਼, ਚੌਪਟ, ਥੋੜਾ ਖੂਹ ਅਤੇ ਅੱਡਾ ਖੱਡਾ ਤੋਂ ਆਨੰਦ ਪ੍ਰਾਪਤ ਕਰਦੇ ਹਨ।

**ਕਬੱਡੀ :** ਕਬੱਡੀ ਪੰਜਾਬ ਦੀ ਸਭ ਤੋਂ ਮਹੱਤਵਪੂਰਨ ਲੋਕ-ਖੇਡ ਹੈ। ਪੰਜਾਬ ਦਾ ਕੋਈ ਅਜਿਹਾ ਵਿਅਕਤੀ ਨਹੀਂ, ਜਿਸ ਨੇ ਆਪਣੇ ਜੀਵਨ ਵਿਚ ਕਦੇ ਕਬੱਡੀ ਨਾ ਖੇਡੀ ਹੋਵੇ। ਇਹ ਖੇਡ ਪੰਜਾਬੀ ਸੱਭਿਆਚਾਰ ਦਾ ਅੰਗ ਹੈ। ਇਸ ਵਿਚ ਦੋ ਟੀਮਾਂ ਇਕ ਦਾਇਰਾ ਬਣਾ ਕੇ ਖੇਡਦੀਆਂ ਹਨ। ਇਕ ਟੀਮ ਦਾ ਇਕ ਖਿਡਾਰੀ 'ਕਬੱਡੀ-ਕਬੱਡੀ' ਕਰਦਾ ਦੂਜੀ ਧਿਰ ਉੱਪਰ ਧਾਵਾ ਬੋਲ ਕੇ ਕਿਸੇ ਇਕ ਖਿਡਾਰੀ ਨੂੰ ਹੱਥ ਲਾ ਕੇ ਇਕੋ ਦਮ ਵਿਚ ਵਾਪਸ ਮੁੜ ਕੇ ਨੰਬਰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਸ ਯਤਨ ਵਿਚ ਜੇਕਰ ਉਸਨੂੰ ਦੂਜੀ ਧਿਰ ਦਾ ਕੋਈ ਖਿਡਾਰੀ ਫੜ ਕੇ ਆਪਣੀ ਧਿਰ ਵੱਲ ਵਾਪਸ ਨਾ ਪਰਤਣ ਦੇਵੇ ਅਤੇ ਉਹਦਾ ਦਮ ਟੁੱਟ ਜਾਵੇ ਤਾਂ ਉਹ ਨੰਬਰ ਦੂਜੀ ਧਿਰ ਨੂੰ ਮਿਲ ਜਾਂਦਾ ਹੈ। ਇਸ ਖੇਡ ਵਿਚ ਦਮ ਦੀਪਕਿਆਈ, ਕੁਸ਼ਤੀ, ਦੌੜ, ਪਕੜਾਂ ਆਦਿ ਸਭ ਕੁਝ ਸ਼ਾਮਿਲ ਹਨ। ਇਸ ਨੂੰ ਤੱਕੜੇ ਜੁੱਸਿਆਂ ਵਾਲੇ ਪੰਜਾਬੀ ਹੀ ਖੇਡ ਸਕਦੇ ਹਨ।

**ਸੌਂਚੀ ਪੱਕੀ :** ਇਹ ਮਾਲਵੇ ਦੀ ਖੇਡ ਹੈ। ਇਸ ਵਿਚ ਇਕ ਪਾਸੇ ਦਾ ਖਿਡਾਰੀ ਦੂਜੇ ਪਾਸੇ ਵਿਚ ਜਾ ਕੇ ਖਿਡਾਰੀ ਦੀ ਛਾਤੀ ਵਿਚ ਧੱਫੇ ਮਾਰਦਾ ਹੋਇਆ ਉਸ ਨੂੰ ਪਿਛਾਂਹ ਧੱਕਦਾ ਹੈ ਅਤੇ ਦੂਜਾ ਉਸਦੀ ਬਾਂਹ ਫੜਦਾ ਹੈ। ਜਾਣ ਵਾਲਾ ਆਪਣੀ ਬਾਂਹ ਛੁਡਾਉਂਦਾ ਹੈ। ਇਸ ਤਰਾਂ ਇਸ ਵਿਚ ਖਿਡਾਰੀ ਦੀ ਤਾਕਤ ਦੀ ਪ੍ਰੀਖਿਆ ਹੁੰਦੀ ਹੈ।

**ਲੂਣ ਅਤੇ ਲੱਲੇ :** ਇਸ ਖੇਡ ਵਿਚ ਖਿਡਾਰੀ ਜ਼ਮੀਨ ਵਿਚ ਖੱਤੀਆਂ ਕੱਢ ਕੇ ਆਪਣੇ ਮੁੰਡਿਆਂ ਸਮੇਤ ਉਹਨਾਂ ਕੋਲ ਖੜੇ ਹੋ ਜਾਂਦੇ ਹਨ। ਇਕ ਖਿਡਾਰੀ ਖਿੱਦੋ ਨੂੰ ਖੁੱਡਾ ਮਾਰਦਾ ਹੈ। ਵਾਰੀ ਜਾਂ ਮੀਟੀ ਵਾਲਾ ਉਸ ਨੂੰ ਨੱਸ ਕੇ ਫੜਦਾ ਹੈ ਅਤੇ ਨੇੜੇ ਦੇ ਖਿਡਾਰੀ ਦੇ ਮਾਰਦਾ ਹੈ। ਜੇਕਰ ਖਿੱਦੋ ਖਿਡਾਰੀ ਦੇ ਲੱਗ ਜਾਵੇ, ਤਾਂ ਦਾਈ ਉਸ ਦੇ ਸਿਰ ਆ ਜਾਂਦੀ ਹੈ ਅਤੇ ਪਹਿਲਾ ਦਾਈ ਵਾਲਾ ਮੁੰਡਾ ਲੈ ਕੇ ਖੁੱਤੀ ਦੀ ਰੱਖਿਆ ਕਰਦਾ ਹੈ। ਜੇਕਰ ਦਾਈ ਵਾਲਾ ਕਿਸੇ ਖਿਡਾਰੀ ਦਾ ਲੱਲਾ ਮੱਲ ਲਵੇ, ਤਾਂ ਵੀ ਦਾਈ ਅਗਲੇ ਦੇ ਸਿਰ ਆ ਜਾਂਦੀ ਹੈ। ਇਸੇ ਪ੍ਰਕਾਰ ਹੀ 'ਖਿੱਦੋਖੂੰਡੀ ਹਾਕੀ ਵਰਗੀ ਇਕ ਰੌਚਕ ਖੇਡ ਹੈ।

**ਡੰਡ ਪਲਾਂਡੜਾ :** ਇਹ ਗਰਮੀਆਂ ਦੇ ਮੌਸਮ ਵਿਚ ਦੁਪਹਿਰ ਦੇ ਸਮੇਂ ਛੱਪੜਾਂ ਦੇ ਕੰਢੇ ਬੋਹੜ ਦੇ ਰੁੱਖਾਂ ਉੱਤੇ ਖੇਡੀ ਜਾਂਦੀ ਹੈ। ਖਿਡਾਰੀ ਇਕ ਵੱਡੇ ਦਰੱਖਤ ਉੱਤੇ ਚੜ੍ਹ ਜਾਂਦੇ ਹਨ। ਇਸ ਦਰੱਖਤ ਹੇਠਾਂ ਇਕ ਗੋਲ ਦਾਇਰਾ ਵਾਹ ਕੇ ਉਸ ਵਿਚ ਇਕ ਡੰਡਾ ਰੱਖ ਦਿੱਤਾ ਜਾਂਦਾ ਹੈ। ਇਕ ਖਿਡਾਰੀ ਡੰਡਾ ਲੱਤ ਹੇਠਾਂ ਘੁਮਾ ਕੇ ਦੂਰ ਸੁੱਟਦਾ ਹੈ ਤੇ ਫਿਰ ਉਹ ਦਰੱਖਤ ਉੱਪਰ ਚੜ੍ਹ ਜਾਂਦਾ ਹੈ। ਵਾਰੀ ਵਾਲਾ ਖਿਡਾਰੀ ਡੰਡਾ ਚੁੱਕ ਕੇ ਦਾਇਰੇ ਵਿਚ ਲਿਆ ਕੇ ਰੱਖਦਾ ਹੈ ਤੇ ਫਿਰ ਰੁੱਖ ਉੱਤੇ ਕਿਸੀ ਖਿਡਾਰੀ ਨੂੰ ਛੂਹਣ ਲਈ ਚੜਦਾ ਹੈ। ਖਿਡਾਰੀ ਰੁੱਖ ਦੀਆਂ ਟਾਹਣਾਂ ਤੋਂ ਲਮਕ ਕੇ ਹੇਠਾਂ ਛਾਲਾਂ ਮਾਰਦੇ ਹਨ ਤੇ ਨੱਸ ਕੇ ਡੰਡਾ ਚੁੱਕ ਕੇ ਚੁੰਮਦੇ ਹਨ। ਜਿਸ ਖਿਡਾਰੀ ਨੂੰ ਵਾਰੀ ਵਾਲਾ ਹੱਥ ਲਾ ਦੇਵੇ, ਵਾਰੀ ਮੁੜ ਕੇ ਉਸ ਦੇ ਸਿਰ ਆ ਜਾਂਦੀ ਹੈ।



**ਲੂਣ ਮਿਆਣੀ :** ਇਹ ਗੱਭਰੂਆਂ ਦੀ ਇਕ ਹੋਰ ਮਜ਼ੇਦਾਰ ਖੇਡ ਹੈ। ਇਸ ਲਈ ਬੱਚੇ ਛੋਟਾ, ਪਰ ਗੱਭਰੂ ਵੱਡਾ ਮੈਦਾਨ ਤਿਆਰ ਕਰਦੇ ਹਨ। ਜ਼ਮੀਨ ਉੱਤੇ ਇਕ ਸੋਟੀ ਨਾਲ ਲੀਕ ਵਾਹ ਕੇ ਦੱਸ ਬਾਰਾਂ ਕਦਮਾਂ ਦੀ ਇਕ ਵਰਗਾਕਾਰ ਸ਼ਕਲ ਬਣਾ ਲਈ ਜਾਂਦੀ ਹੈ। ਇਸ ਦੇ ਅੰਦਰ ਚਾਰੇ ਪਾਸੇ ਦੋ ਕਦਮ ਚੌੜੀ ਸੜਕ ਬਣਾ ਲਈ ਜਾਂਦੀ ਹੈ ਅਤੇ ਫਿਰ ਮੈਦਾਨ ਨੂੰ ਦੋ ਕੁ ਕਦਮ ਚੌੜੀਆਂ ਸੜਕਾਂ ਨਾਲ ਵੰਡ ਦਿੱਤਾ ਜਾਂਦਾ ਹੈ। ਇਸ ਸੜਕ ਦੇ ਚੁਰੱਸਤੇ ਵਿਚ ਮਿੱਟੀ ਦੀ ਢੇਰੀ ਲਾ ਦਿੰਦੇ ਹਨ, ਜਿਸ ਨੂੰ ਲੂਣ ਦੀ ਢੇਰੀ ਕਿਹਾ ਜਾਂਦਾ ਹੈ। ਪੁੱਗਣ ਮਗਰੋਂ, ਜਿਸ ਖਿਡਾਰੀ ਸਿਰ ਵਾਰੀ ਆ ਜਾਵੇ, ਉਹ ਲੂਣ ਦੀ ਰੱਖਿਆ ਕਰਦਾ ਹੈ। ਇਕ ਖਿਡਾਰੀ ਉਸ ਦੇ ਹੱਥ ਉੱਤੇ ਹੱਥ ਮਾਰ ਕੇ ਭੱਜਦਾ ਹੈ ਤੇ ਉਹ ਸੜਕਾਂ ਵਿਚ ਖਿੰਡੇ ਖਿਡਾਰੀਆਂ ਨੂੰ ਛੂਹਣ ਲਈ ਨੱਸਦਾ ਹੈ ਅਤੇ ਖਿਡਾਰੀ ਲੂਣ ਚੁੱਕ ਕੇ ਸੜਕ ਪਾਰ ਬਣੇ ਸੰਦੂਕ ਨੂੰ ਛੜੱਪਾ ਮਾਰ ਕੇ ਟੱਪਦੇ ਹਨ। ਜਿਹੜਾ ਖਿਡਾਰੀ ਸੜਕ ਦੇ ਅੰਦਰ ਬਣੇ ਵਰਗਾਕਾਰ ਹਿੱਸੇ ਵਿਚ ਆਪਣਾ ਪੈਰ ਰੱਖ ਦੇਵੇ, ਉਸ ਨੂੰ ਮਰਿਆ' ਕਿਹਾ ਜਾਂਦਾ ਹੈ। ਇਸ ਮਰੇ ਖਿਡਾਰੀ ਨੂੰ 'ਮਦੀਨ' ਕਹਿੰਦੇ ਹਨ। ਜਿਹੜੇ ਸੰਦੂਕ ਪਾਰ ਕਰ ਜਾਂਦੇ ਹਨ, ਉਹਨਾਂ ਨੂੰ ਨਰ' ਕਿਹਾ ਜਾਂਦਾ ਹੈ। ਜਦੋਂ ਸਾਰੇ ਖਿਡਾਰੀ ਮੁੱਕ ਜਾਂਦੇ ਹਨ, ਤਾਂ 'ਨਰ ਬਣੇ ਖਿਡਾਰੀ ਕੁਝ ਦੂਰ ਖੜੇ 'ਮਦੀਨ' ਖਿਡਾਰੀਆਂ ਨੂੰ ਪੁੱਛਦੇ ਹਨ, "ਬਿੱਲੀ ਬੱਚਿਆਂ ਦੀ ਮਾਂ, ਰੋਟੀ ਪੱਕੀ ਕਿ ਨਾ ?' ਦੋ ਤਿੰਨ ਵਾਰੀ ਮਦੀਨ ਖਿਡਾਰੀ 'ਨਾਂਹ' ਕਰਦੇ ਹਨ, ਪਰ ਜਦੋਂ ਜਵਾਬ 'ਹਾਂ' ਵਿਚ ਆਉਂਦਾ ਹੈ, ਤਾਂ ਨਰ ਖਿਡਾਰੀ ਮਦੀਨਖਿਡਾਰੀਆਂ ਵੱਲ ਤੇ ਮਦੀਨ ਖਿਡਾਰੀ ਮੈਦਾਨ ਵੱਲ ਦੌੜਦੇ ਹਨ। ਜਿਹੜੇ ਮਦੀਰ 6 ਰਸਤੇ ਵਿਚ ਛੂਹੇ ਜਾਂਦੇ ਹਨ, ਉਹ ਛੂਹਣ ਵਾਲੇ ਖਿਡਾਰੀ ਦੀ ਘੋੜੀ ਬਣ ਕੇ ਉਹਨਾਂ ਨੇ ਖੇਤ ਦੇ ਮੈਦਾਨ ਤੱਕ ਝੂਟਾ ਦਿੰਦੇ ਹਨ। ਇਸ ਤੋਂ ਮਗਰੋਂ ਖੇਡ ਫਿਰ ਸ਼ੁਰੂ ਹੋ ਜਾਂਦੀ ਹੈ ਅਤੇ ਵਾਰੀ ਉਹੋ ਖਿਡਾਰੀ ਦਿੰਦਾ ਹੈ, ਜਿਹੜਾ ਸਭ ਤੋਂ ਪਹਿਲਾਂ ਮਦੀਨ ਬਣਿਆ ਹੋਵੇ।

**ਅਖ਼ਰੋਟ :** ਅਖ਼ਰੋਟ ਵੀ ਬੱਚਿਆਂ ਅਤੇ ਗੱਭਰੂਆਂ ਦੀ ਇਕ ਲੋਕਪ੍ਰਿਯ ਖੇਡ ਹੈ। ਇਸ ਵਿਚ ਨਿਸ਼ਾਨਾ ਲਾਉਣ ਦਾ ਅਭਿਆਸ ਕੀਤਾ ਜਾਂਦਾ ਹੈ। ਇਸ ਵਿਚ ਇਕ ਖੱਤੀ ਕੱਢਾ ਹੈ ਕੁਝ ਫ਼ਰਕ ਤੇ ਵਾਹੀ ਲਕੀਰ ਤੋਂ ਖਲੋ ਕੇ ਅਖ਼ਰੋਟ ਸੁੱਟੇ ਜਾਂਦੇ ਹਨ। ਵਾਰੀ ਮਿੱਥਣ ਲਈ ਇੱਚਿਆ ਜਾਂਦਾ ਹੈ। ਸਾਰੇ ਖਿਡਾਰੀ ਵਾਰੀ-ਵਾਰੀ ਆਪਣਾ ਅਖ਼ਰੋਟ ਖੁੱਤੀ ਵੱਲ ਸੁੱਟਦੇ ਹਨ। ਜਿਸ ਦਾ ਅਖ਼ਰੋਟ ਖੁੱਤੀ ਵਿਚ ਚਲਾ ਜਾਵੇ, ਉਹ ਮੀਤੀ ਅਖਵਾਉਂਦਾ ਹੈ ਤੇ ਆਪਣੀ ਵਾਰੀ ਲੈਂਦਾ ਹੈ। ਖੁੱਤੀ ਦੇ ਸਭ ਤੋਂ ਨੇੜੇ ਅਖ਼ਰੋਟ ਸੁੱਟਣ ਵਾਲਾ ਦੋਗੀ, ਉਸ ਤੋਂ ਦੂਰ ਵਾਲਾ ਤੇਗੀ ਅਤੇ ਉਸ ਤੋਂ ਦੂਰ ਵਾਲਾ ਚੌਗੀ ਕਹਾਉਂਦਾ ਹੈ। ਮੀਡੀ ਵਾਲਾ ਖਿਡਾਰੀ ਸਭ ਤੋਂ ਇਕ-ਇਕ ਅਖ਼ਰੋਟ ਲੈ ਕੇ ਲਕੀਰ ਤੋਂ ਖੁੱਤੀ ਵੱਲ ਸੁੱਟਦਾ ਹੈ। ਜਿੰਨੇ ਅਖ਼ਰੋਟ ਖੁੱਤੀ ਵਿਚ ਪੈ ਜਾਣ, ਉਹ ਉਸ ਦੇ ਹੋ ਜਾਂਦੇ ਹਨ। ਫਿਰ ਉਸ ਨੂੰ ਬਾਹਰਲੇ ਕਿਸੇ ਅਖ਼ਰੋਟ ਉੱਤੇ ਨਿਸ਼ਾਨਾ ਲਾਉਣ ਲਈ ਕਿਹਾ ਜਾਂਦਾ ਹੈ। ਜੇਕਰ ਉਹ ਨਿਸ਼ਾਨਾ ਲਾ ਲਵੇ, ਤਾਂ ਸਾਰੇ ਅਖ਼ਰੋਟ ਉਸ ਦੇ ਹੋ ਜਾਂਦੇ ਹਨ, ਨਹੀਂ ਤਾਂ ਖੁੱਤੀ ਤੋਂ ਬਾਹਰ ਪਏ ਅਖ਼ਰੋਟ ਚੁੱਕ ਕੇ ਦੋਸ਼ੀ ਖਿਡਾਰੀ ਆਪਣੀ ਵਾਰੀ ਲੈਂਦਾ ਹੈ।

**ਕੂਕਾਂ-ਕਾਂਗੜੇ :** ਇਹ ਪੰਜਾਬੀਆਂ ਦੀ ਲੋਕਪ੍ਰਿਯ ਖੇਡ ਹੈ। ਇਸ ਵਿਚ ਲਕਾਉਣ ਅਤੇ ਖੇਡਣ ਦੀ ਰੁਚੀ ਜਗਾਉਣ ਦੇ ਨਾਲ ਹੀ ਗਿਣਤੀ ਦਾ ਅਭਿਆਸ ਵੀ ਹੁੰਦਾ ਹੈ। ਇਹ ਖੇਡ ਘਰਾਂ ਅਤੇ ਗਲੀਆਂ ਵਿਚ ਖੇਡੀ ਜਾਂਦੀ ਹੈ। ਖਿਡਾਰੀ ਦੋ ਟੋਲੀਆਂ ਬਣਾ ਕੇ ਗਲੀ ਨੂੰ ਦੋ ਹਿੱਸਿਆਂ ਵਿਚ ਵੰਡ ਲੈਂਦੇ ਹਨ ਅਤੇ ਦੋਵੇਂ ਟੋਲੀਆਂ ਇਕ-ਇਕ ਹਿੱਸਾ ਮੱਲ ਲੈਂਦੀਆਂ ਹਨ। ਇਕ ਜਣਾ 'ਕੂਕਾਂ-ਕਾਂਗੜੇ, ਪੱਟ ਪਟੀਲੋ ਆਖਦਾ ਹੈ ਤੇ ਦੋਵੇਂ ਟੋਲੀਆਂ ਆਪਣੇ-ਆਪਣੇ ਪਾਸੇ ਜਾ ਕੇ ਕੋਲਿਆਂ ਜਾਂ ਸਲੇਟੀਆਂ ਨਾਲ ਲੁਕਵੀਆਂ ਥਾਵਾਂ ਤੇ ਜ਼ਿਆਦਾ ਤੋਂ ਜ਼ਿਆਦਾ ਲੀਕਾਂ ਮਾਰਦੀਆਂ ਹਨ। ਜਿਹੜੀ ਟੋਲੀ ਲੀਕ ਵਾਹੁਣ ਦਾ ਕੰਮ ਮੁਕਾ ਲੈਂਦੀ ਹੈ, ਉਸ ਦਾ ਖਿਡਾਰੀ ਵੰਡ ਵਾਲੀ ਥਾਂ ਤੇ ਆ ਕੇ 'ਕੂਕਾਂ-ਕਾਂਗੜੇ ਜਾਂ 'ਪੱਟ ਪਟੀਲੋਂ ਦੀ ਆਵਾਜ਼ ਦਿੰਦਾ ਹੈ। ਇਹ ਆਵਾਜ਼ ਸੁਣ ਕੇ ਦੂਜੀ ਟੋਲੀ ਦੇ ਖਿਡਾਰੀ ਵੀ ਉੱਥੇ ਪਹੁੰਚ ਜਾਂਦੇ ਹਨ। ਫਿਰ ਹਰ ਟੋਲੀ ਇਕ ਦੂਜੇ ਦੇ ਪਾਸੇ ਵੱਲ ਜਾ ਕੇ ਦੂਜਿਆਂ ਦੀਆਂ ਵਾਹੀਆਂ ਲਕੀਰਾਂ ਲੱਭ ਕੇ ਕਾਂਟੇ ਮਾਰਦੀ ਹੈ। ਕਾਂਟੇ ਮਾਰਨ ਦਾ ਕੰਮ ਖਤਮ ਕਰਕੇ ਤੇ ਫਿਰ ਦੋਹਾਂ ਟੋਲੀਆਂ ਦੀਆਂ ਬਚੀਆਂ ਲਾਈਨਾਂ ਦੀ ਗਿਣਤੀ ਹੁੰਦੀ ਹੈ। ਜਿਸ ਟੋਲੀ ਦੀਆਂ ਬਹੁਤੀਆਂ ਲਾਈਨਾਂ ਬੱਚ ਗਈਆਂ ਹੋਣ, ਉਹ ਜਿੱਤੀ ਸਮਝੀ ਜਾਂਦੀ ਹੈ।

**ਭੰਡਾ ਭੰਡਾਰੀਆ**

ਇਹ ਕੁੜੀਆਂ ਅਤੇ ਬੱਚਿਆਂ ਦੀ ਖੇਡ ਹੈ, ਇਸ ਖੇਡ ਵਿੱਚ ਘੱਟ ਤੋਂ ਘੱਟ ਪੰਜ ਖਿਡਾਰੀ ਹੋਣੇ ਲਾਜ਼ਮੀ ਹਨ ਬਾਕੀ ਖੇਡਾਂ ਦੀ ਤਰ੍ਹਾਂ ਪਹਿਲਾਂ ਪੁੱਗਿਆ ਜਾਂਦਾ ਹੈ ਫਿਰ ਨਾ ਪੁੱਗਣ ਵਾਲੀ ਕੁੜੀ ਜਾ ਬੱਚੇ ਨੇ ਨੀਚੇ ਜ਼ਮੀਨ 'ਤੇ ਲੱਤਾ ਨਿਸਾਰ ਕੇ ਭੁੰਜੇ ਬੈਠਣਾ ਹੁੰਦਾ ਹੈ। ਪਹਿਲਾਂ ਇੱਕ ਕੁੜੀ ਜੋ ਉਸ ਦੇ ਕੋਲ ਹੀ ਖੜੀ ਹੁੰਦੀ ਹੈ ਆਪਣੀਆਂ ਹੱਥਾਂ ਦੀਆਂ ਮੁੱਠੀਆਂ ਇੱਕ ਇਕ ਕਰਕੇ ਉਸ ਦੇ ਸਿਰ ਦੀਆਂ ਮੁੱਠੀਆਂ ਇੱਕ ਇਕ ਕਰਕੇ ਉਸ ਦੇ ਸਿਰ ਉੱਤੇ ਰੱਖਦੀ ਹੈ ਤੇ ਆਖਦੀ ਹੈ

"ਭੰਡਾ ਭੰਡਾਰੀਆ ਕਿੰਨਾ ਕੁ ਭਾਰ'

ਦਾਈ ਦੇ ਰਹੀ ਕੁੜੀ ਕਹਿੰਦੀ ਹੈ:

"ਇਕ ਮੁੱਠ ਚੁੱਕ ਲੈ ਦੂਜੀ ਤਿਆਰ"

ਚਿੜੀ ਉੱਡ ਕਾਂ ਉੱਡ

ਇਹ ਕੁੜੀਆਂ ਦੀ ਬਹੁਤ ਹਰਮਨ ਪਿਆਰੀ ਖੇਡ ਹੈ।

ਇਸ ਵਿੱਚ ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ। ਇਸ ਵਿੱਚ ਕਿਸੇ ਵੀ ਸਮਾਨ ਦੀ ਲੋੜ ਨਹੀਂ ਅਤੇ ਖਿਡਾਰੀ ਕੁੰਡਲ ਵਿੱਚ ਬੈਠ ਜਾਂਦੇ ਹਨ ਤੇ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਜ਼ਮੀਨ ਉਪਰ ਰੱਖ ਲੈਂਦੇ ਹਨ। ਪਹਿਲਾ ਖਿਡਾਰੀ ਕਾਂ 'ਉੱਡ' ਬੋਲਦਾ ਹੈ ਅਤੇ ਬਾਕੀ ਸਾਰੇ ਖਿਡਾਰੀ ਆਪਣੇ ਹੱਥ ਉੱਪਰ ਨੂੰ ਕਰਦੇ ਹਨ। ਇਸ ਤਰ੍ਹਾਂ ਵਾਰ ਵਾਰ ਅੱਲਗ ਪੰਛੀ ਅਤੇ ਜਾਨਵਰਾਂ ਦੇ ਨਾਮ ਲਏ ਜਾਂਦੇ ਹਨ ਅਤੇ ਅਖੀਰ ਵਿੱਚ ਜੋ ਖਿਡਾਰੀ ਦਾ ਹੱਥ ਗਲਤ ਉੱਠ ਜਾਂਦਾ ਹੈ ਜਾਂ ਰਹਿ ਜਾਂਦਾ ਹੈ, ਉਹ ਹਾਰ ਜਾਂਦਾ ਹੈ। ਇਹ ਦਿਮਾਗੀ ਚੇਤੰਨਤਾ ਵਾਲੀ ਖੇਡ ਹੈ।

**ਬੱਚਿਆਂ ਦੀਆਂ ਖੇਡਾਂ :** ਇਹਨਾਂ ਤੋਂ ਬਿਨਾਂ ਪੰਜਾਬ ਵਿਚ ਬੱਚਿਆਂ ਦੁਆਰਾ ਲੁਕਣਮੀਟੀ, ਛੂਹਣ-ਛੁਹਾਈ, ਭੰਡਾ-ਭੰਡਾਰੀਆ, ਊਚ-ਨੀਚ, ਖਾਨ ਘੋੜੀ, ਤੇਰਾ ਮੇਰਾ ਮੇਲ ਨਹੀਂ, ਕੁੰਡਾ ਚੁੱਕ, ਕੀੜ-ਕੜਾਂਗਾ ਅਤੇ ਬਾਂਦਰ ਕਿੱਲਾ ਖੇਡੀਆਂ ਜਾਣ ਵਾਲੀਆਂ ਹੋਰ ਖੇਡਾਂ ਹਨ।

ਇਹਨਾਂ ਤੋਂ ਇਲਾਵਾ ਪੰਜਾਬ ਦੀਆਂ ਹੋਰ ਵੀ ਬਹੁਤ ਸਾਰੀਆਂ ਖੇਡਾਂ ਹਨ। ਇਹ ਸਾਡਾ ਮਾਣ ਕਰਨ ਯੋਗ ਵਿਰਸਾ ਹਨ।

ਅੱਜਕਲ ਇਹਨਾਂ ਪੁਰਾਣੀਆਂ ਖੇਡਾਂ ਦੀ ਥਾਂ ਨਵੀਆਂ ਖੇਡਾਂ ਤੇਜ਼ੀ ਨਾਲ ਪ੍ਰਚੱਲਿਤ ਹੁੰਦੀਆਂ ਜਾ ਰਹੀਆਂ ਹਨ। ਪੰਜਾਬ ਦੀਆਂ ਪੇਂਡੂ ਖੇਡਾਂ ਜਿਹੜੀਆਂ ਪੰਜਾਬੀ ਲੋਕਧਾਰਾ ਵਿੱਚ ਪੰਜਾਬੀ ਲੋਕ ਖੇਡਾਂ ਵਜੋਂ ਜਾਣੀਆਂ ਜਾਂਦੀਆਂ ਹਨ ਇਹ ਖੇਡਾਂ ਪਿੰਡਾਂ ਵਿੱਚ ਬੱਚਿਆਂ ਤੋਂ ਲੈ ਕੇ ਬਜੁਰਗਾਂ ਤੱਕ ਦੁਆਰਾ ਖੇਡੀਆਂ ਜਾਂਦੀਆਂ ਹਨ। ਖੇਡਾਂ ਖੇਡਣ ਲਈ ਜਿਆਦਾ ਉਤਸ਼ਾਹ ਅਤੇ ਸ਼ੌਕ ਬਚਪਨ ਵਿੱਚ ਹੁੰਦਾ ਹੈ। ਛੋਟੀ ਉਮਰ ਦੇ ਮੁੰਡੇ ਤੇ ਕੁੜੀਆਂ ਇੱਕਠੇ ਖੇਡਦੇ ਹਨ। ਖੇਡਾਂ ਬੱਚੇ ਦੇ ਬੋਧਿਕ ਪੱਧਰ ਨੂੰ ਵਧਾਉਂਦੀਆਂ ਹਨ। ਤਿੰਨ ਚਾਰ ਸਾਲ ਦੇ ਬੱਚਿਆਂ ਦੀ ਕੋਈ ਨਿਸਚਿਤ ਖੇਡ ਨਹੀਂ ਹੁੰਦੀ। ਉਮਰ ਵਧਣ ਦੇ ਨਾਲ ਨਾਲ ਮੁੰਡੇ ਕੁੜੀਆਂ ਦੀਆਂ ਰੁਚੀਆਂ ਵਿੱਚ ਫ਼ਰਕ ਆਉਣ ਨਾਲ ਉਹਨਾ ਦੀਆਂ ਖੇਡਾਂ ਵਿੱਚ ਵੀ ਵੱਖਰਤਾ ਆਉਂਦੀ ਜਾਂਦੀ ਹੈ। ਇਹਨਾਂ ਖੇਡਾਂ ਨੂੰ ਮਨੋਰੰਜਨ ਲਈ ਖੇਡਿਆ ਜਾਂਦਾ ਹੈ। ਮੁੰਡਿਆ ਦੀਆਂ ਖੇਡਾਂ ਵਧੇਰੇ ਜ਼ੋਰ ਵਾਲੀਆਂ ਹੁੰਦੀਆਂ ਹਨ ਜਦਕਿ ਕੁੜੀਆਂ ਦੀਆਂ ਖੇਡਾਂ ਕੋਮਲ ਭਾਵਨਾਵਾਂ ਵਾਲੀਆਂ ਹੁੰਦੀਆਂ ਹੁੰਦੀਆਂ ਹਨ। ਖੇਡ ਸਮਗਰੀ ਵਿੱਚ ਸੋਟੀ,ਪੱਥਰ, ਰੱਸਾ, ਡੰਡਾ, ਪਲਾਸਟਿਕ, ਲੱਕੜ ਦਾ ਕੋਈ ਟੁੱਕੜਾ, ਗੋਲ ਆਕਾਰ ਦੀ ਕੋਈ ਵਸਤੂ ਕਾਗਜ਼ ਆਦਿ ਚੀਜਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਖੇਡਾਂ ਦਾ ਮੁੱਖ ਮਨੋਰਥ ਮਨਪ੍ਰਚਾਵਾ ਹੁੰਦਾ ਹੈ। ਮਨ ਪ੍ਰਚਾਵੇ ਲਈ ਬਹੁਤ ਸਾਰੀਆਂ ਖੇਡਾਂ ਦੀ ਸਿਰਜਨਾ ਕੀਤੀ ਜਾਂਦੀ ਹੈ। ਇਹਨਾਂ ਵਿੱਚੋਂ ਕੁਝ ਖੇਡਾਂ ਕਿਸੇ ਵਿਸੇਸ਼ ਭੂਗੋਲਿਕ ਖਿੱਤੇ ਲਈ ਸੀਮਤ ਹੋ ਜਾਂਦੀਆਂ ਹਨ। ਕੁਝ ਵਿਸ਼ਾਲ ਘੇਰਾ ਹਾਸਲ ਕਰ ਲੈਂਦੀਆਂ ਹਨ ਅਤੇ ਕੁਝ ਘੱਟ ਲੋਕਪ੍ਰਿਯਤਾ ਕਾਰਨ ਅਲੋਪ ਹੋ ਜਾਂਦੀਆਂ ਹਨ। ਮਾਝੇ, ਮਾਲਵੇ, ਦੁਆਬੇ ਦੇ ਖੇਤਰਾਂ ਵਿੱਚ ਸ਼ਬਦਾਵਲੀ ਜਾਂ ਕਾਰਜ ਦੀ ਵਖਰਤਾ ਕਾਰਨ ਇਹ ਖੇਡਾਂ ਕੁਝ ਕੁ ਭਿੰਨਤਾ ਨਾਲ ਖੇਡੀਆਂ ਜਾਂਦੀਆਂ ਹਨ। ਇਹ ਖੇਡਾਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਹਿੱਸਾ ਪਾਉਂਦੀਆਂ ਹਨ ਅਤੇ ਪੰਜਾਬੀ ਸੱਭਿਆਚਾਰ ਦੇ ਵੱਖ ਵੱਖ ਪੱਖਾਂ ਨੂੰ ਵੀ ਪੇਸ਼ ਕਰਦੀਆਂ ਹਨ

ਇਹ ਖੇਡਾਂ ਹਨ:-

ਮੁੰਡਿਆਂ ਦੀਆਂ ਖੇਡਾਂ

ਬਾਂਦਰ ਕਿੱਲਾ

ਗੁੱਲੀ ਡੰਡਾ

ਖਿੱਦੋ ਖੂੰਡੀ

ਕਾਵਾਂ ਘੋੜੀ

ਸ਼ੱਕਰ ਭਿੱਜੀ

ਕੜਕਾਲ੍ਹਾ ਲੱਕੜ

ਬੰਟੇ(ਗੋਲੀਆਂ)

ਪਿੱਠੂ

ਡੰਡਾ ਡੁੱਕ

ਢੱਕੂੱਲੀ

ਕੁੜੀਆਂ ਦੀਆਂਖੇਡਾਂ

ਗੀਟੇ(ਰੋੜੇ)

ਗੁੱਡੀਆਂ ਪਟੋਲੇ

ਪੀਚੋ ਬੱਕਰੀ

ਥਾਲ

ਪੰਘੂੜਾ

ਮੁੰਡਿਆਂ ਅਤੇ ਕੁੜੀਆਂ ਦੀਆਂ ਖੇਡਾਂ

ਵੰਝੂ

ਕਾਲਾ ਕੁੱਜਾ ਫੂਕਦਾ

ਲੁਕਣ ਮੀਚੀ

ਲੱਕੜ ਲੋਹਾ

ਊਚ ਨੀਚ

ਚੋਰ ਸ਼ਿਪਾਹੀ

ਕਲੀ ਜੋਟਾ

ਪੇਲ ਚੋਟ

ਖਾਨ ਘੋੜੀ

ਰੱਬ ਦੀ ਖੁੱਤੀ

ਰਾਜੇ ਦੀ ਬੱਕਰੀ

ਪੰਜਾਬ ਦੇ ਮੁੰਡਿਆਂ ਦੀਆਂ ਲੋਕ ਖੇਡਾਂ,

ਗੁੱਲੀ ਡੰਡਾ

ਸ਼ੱਕਰ ਭੁੱਜੀ

ਅੰਨਾ ਝੋਟਾ

ਲੰਗੜਾ ਸ਼ੇਰ

ਭੜੱਪਾ ਸੋਟੀ

ਹਲਟ ਰੇਸ

ਲੀਡਰ ਲੱਭਣਾ

ਭਾਰ ਖਿੱਚਣਾ

ਘੋਲ

ਡੁਮਣਾ ਮਖਿਆਲ

ਰਾਜੇ ਦੇ ਨੌਕਰ

ਖਾਨ ਘੋੜੀ

ਬਾਂਦਰ ਕੀਲਾ

ਸੌਂਚੀ-ਪੱਕੀ

ਪੀਲ ਪਲਾਂਗੜਾ

ਡੰਡ ਪਰੰਬਲ

ਪਿੱਠੂ ਗਰਮਾ-ਗਰਮ

ਕਬੱਡੀ

ਕੁਸ਼ਤੀ

ਗੁੱਲੀ ਡੰਡਾ

ਇਹ ਖੇਡ ਪੰਜਾਬ ਦੀ ਪ੍ਰਾਚੀਨ ਖੇਡ ਹੈ ਜੋ ਹੁਣ ਵੀ ਖੇਡੀ ਜਾਂਦੀ ਹੈ। ਇਸ ਖੇਡ ਲਈ ਇੱਕ ਛੋਟਾ ਡੰਡਾ ਅਤੇ ਪੰਜ ਸੱਤ ਉਂਗਲ ਲੰਮੀ ਇੱਕ ਗੁੱਲੀ (ਜੋ ਕਿ ਬੱਚੇ ਕੋਈ ਮੋਟੀ ਡੰਡਾ ਲੈ ਕੇ ਦੋਨਾਂ ਪਾਸਿਆਂ ਤੋਂ ਤਰਾਸ ਜਾਂ ਛਿੱਲ ਕੇ ਤਿੱਖੇ ਤਿਆਰ ਕਰ ਲੈਂਦੇ ਹਨ) ਅਤੇ ਮਿੱਟੀ ਵਿੱਚ ਇੱਕ ਘੁੱਤੀ ਪੁੱਟ ਲਈ ਜਾਂਦੀ ਹੈ। ਇਸ ਤਰ੍ਹਾਂ ਗੁੱਲੀ ਨੂੰ ਘੁੱਤੀ ਉੱਪਰ ਰੱਖ ਕੇ ਡੰਡੇ ਨਾਲ ਹਵਾ ਵਿੱਚ ਉਛਾਲਿਆ ਜਾ ਸਕਦਾ ਹੈ। ਇਸ ਖੇਡ ਲਈ ਬੱਚੇ ਦੇ ਟੋਲੀਆ ਬਣਾ ਲੈਂਦੇ ਹਨ ਜਾਂ ਦੋ ਚੰਗੇ ਬੱਚੇ ਆਪਣੇ ਸਾਥੀ ਆਪ ਵੀ ਮੰਗ ਲੈਂਦੇ ਹਨ। ਖੇਡ ਸ਼ੁਰੂ ਕਰਨ ਵੇਲੇ ਵਾਰੀ ਦੇਣ ਵਾਲੀ ਟੋਲੀ ਅਗਲੇ ਪਾਸੇ ਖੜ੍ਹਦੀ ਹੈ। ਵਾਰੀ ਲੈਣ ਵਾਲਾ ਬੱਚਾ ਗੁੱਲੀ ਨੂੰ ਘੁੱਤੀ (ਰਾਬ) ਉਪਰ ਆ ਕੇ ਦਾਅ ਟਿਕਾਉਂਦਾ ਹੈ ਅਤੇ ਡੰਡੇ ਨੂੰ ਰਾਬ (ਘੁੱਤੀ) ਤੇ ਉੱਤੇ ਰੱਖੀ ਗੁੱਲੀ ਦੇ ਥਲਿਉਂ ਅੜਾ ਕੇ ਇੰਨੀ ਜ਼ੋਰ ਨਾਲ ਗੁੱਲੀ ਨੂੰ ਦੂਰ ਮਾਰਦਾ ਹੈ ਜੇਕਰ ਗੁੱਲੀ ਧਰਤੀ



# ਅਰਬ ਦੇਸ਼ ਫਲਸਤੀਨੀਆਂ ਅਤੇ ਇਰਾਨ ਦੀ ਇਜ਼ਰਾਈਲ ਦੇ ਖ਼ਿਲਾਫ਼ ਮਦਦ ਕਿਉਂ ਨਹੀਂ ਕਰ ਰਹੇ?



ਦੁਨੀਆਂ ਵਿੱਚ ਕੁੱਲ 22 ਅਰਬ ਦੇਸ਼ ਹਨ ਜੋ ਮੱਧ ਪੂਰਬ ਤੋਂ ਲੈ ਕੇ ਉੱਤਰੀ ਅਫਰੀਕਾ ਦੇ ਦੇਸ਼ਾਂ ਜਿਵੇਂ ਮਿਸਰ, ਲੀਬੀਆ, ਮੋਰੱਕੋ ਅਤੇ ਅਲਜੀਰੀਆ ਆਦਿ ਤੱਕ ਫੈਲੇ ਹੋਏ ਹਨ। ਇਨ੍ਹਾਂ ਵਿੱਚ ਸਭ ਤੋਂ ਜਿਆਦਾ ਦੌਲਤਮੰਦ ਸਾਊਦੀ ਅਰਬ, ਯੂਨਾਈਟਡ ਅਰਬ ਅਮੀਰਾਤ (ਦੁਬਈ, ਆਬੂਧਾਬੀ, ਸ਼ਾਰਜਾਹ, ਆਜਮਨ, ਉੱਮ ਅਲ ਕੁਵਾਇਨ, ਰਾਸ ਅਲ ਖੇਮਾਹ ਅਤੇ ਫੁਜ਼ਾਈਰਾਹ), ਉਮਾਨ, ਬਹਿਰੀਨ, ਕੁਵੈਤ ਅਤੇ ਕਤਰ ਹਨ। ਇਹ ਸਾਰੇ ਦੇਸ਼ ਸੁੰਨੀ ਫਿਰਕੇ ਨਾਲ ਸਬੰਧ ਰੱਖਦੇ ਹਨ ਤੇ ਫਲਸਤੀਨੀ (ਗਾਜ਼ਾ ਪੱਟੀ ਅਤੇ ਪੱਛਮੀ ਕਿਨਾਰਾ) ਵੀ ਸੁੰਨੀ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅੱਜ ਇਜ਼ਰਾਈਲ ਨੂੰ ਗਾਜ਼ਾ ਵਿੱਚ ਜ਼ੁਲਮ ਕਰਦਿਆਂ ਇੱਕ ਸਾਲ ਅੱਠ ਮਹੀਨੇ (7 ਅਕਤੂਬਰ 2023 ਨੂੰ ਸ਼ੁਰੂ ਹੋਏ) ਦੇ ਕਰੀਬ ਹੋ ਗਏ ਹਨ। ਲਗਭਗ ਰੋਜ਼ਾਨਾਂ ਹੋ ਰਹੇ ਹਵਾਈ ਹਮਲਿਆਂ ਵਿੱਚ ਸੈਂਕੜੇ ਮਾਸੂਮ ਬੱਚਿਆ, ਔਰਤਾਂ ਅਤੇ ਮਰਦਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਹੁਣ ਤੱਕ 180 ਪੱਤਰਕਾਰਾਂ ਸਮੇਤ ਕਰੀਬ 56000 ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ। ਗਾਜ਼ਾ ਪੱਟੀ ਦੇ ਖਾਨ ਯੂਨਸ, ਰਫਾਹ, ਦੀਰ ਅਲ ਬਲਾਹ ਅਤੇ ਗਾਜ਼ਾ ਸਿਟੀ ਆਦਿ ਸ਼ਹਿਰਾਂ ਨੂੰ ਖੰਡਰਾਂ ਵਿੱਚ ਬਦਲ ਦਿੱਤਾ ਗਿਆ ਹੈ। ਹੁਣ ਤਾਂ ਜ਼ੁਲਮ ਦੀ ਇੰਤਹਾ ਹੋ ਗਈ ਹੈ, ਇਜ਼ਰਾਈਲੀ ਫੌਜ ਨੇ ਨਾਕਾਬੰਦੀ ਕਰ ਕੇ ਗਾਜ਼ਾ ਪੱਟੀ ਵਿੱਚ ਰਾਸ਼ਨ ਪਾਣੀ ਪਹੁੰਚਣਾ ਬਿਲਕੁਲ ਬੰਦ ਕਰ ਦਿੱਤਾ ਹੈ। ਹਜ਼ਾਰਾਂ ਲੋਕਾਂ ਦੀ ਭੁੱਖ ਨਾਲ ਮਰਨ ਦੀ ਨੌਬਤ ਆ ਗਈ ਹੈ। ਹੁਣ ਇਜ਼ਰਾਈਲੀ ਫੌਜ ਨੇ ਇੱਕ ਨਵਾਂ ਜ਼ੁਲਮ ਸ਼ੁਰੂ ਕੀਤਾ ਹੈ। ਗਾਜ਼ਾ ਵਿੱਚ ਇਸ ਵੇਲੇ ਇੱਕ ਅਮਰੀਕਨ ਸਵੈ ਸੇਵੀ ਸੰਸਥਾ ਰਾਸ਼ਨ ਵੰਡ ਰਹੀ ਹੈ। ਇਜ਼ਰਾਈਲੀ ਫੌਜ ਹਰ ਦੂਸਰੇ ਤੀਸਰੇ ਦਿਨ ਰਾਸ਼ਨ ਲੈਣ ਲਈ ਇਕੱਠੇ ਹੋਏ ਫਸਲਤੀਨੀਆਂ ਨੂੰ ਗੋਲੀਆਂ ਨਾਲ ਭੁੰਨ ਰਹੀ ਹੈ। ਪਿਛਲੇ ਹਫਤੇ ਹੀ ਇਸ ਗੋਲਾਬਾਰੀ ਕਾਰਨ 150 ਦੇ ਕਰੀਬ ਫਲਸਤੀਨੀ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ।


ਪਰ ਹੈਰਾਨੀਜਨਕ ਤੌਰ 'ਤੇ ਸਾਊਦੀ ਅਰਬ (ਜੋ ਅਰਬ ਦੇਸ਼ਾਂ ਦਾ ਸਵੈ ਘੋਸ਼ਿਤ ਨੇਤਾ ਹੈ) ਸਮੇਤ ਸਾਰੇ ਅਰਬ ਦੇਸ਼ਾਂ ਨੇ ਇਸ ਜ਼ੁਲਮੋ ਸਿਤਮ ਸਬੰਧੀ ਚੁੱਪ ਧਾਰੀ ਹੋਈ ਹੈ। ਇਰਾਨ ਤੇ ਤੁਰਕੀ, ਜੋ ਅਰਬ ਦੇਸ਼ ਨਹੀਂ ਹਨ, ਤੋਂ ਇਲਾਵਾ ਕਿਸੇ ਇਸਲਾਮੀ ਦੇਸ਼ ਨੇ ਕੋਈ ਖਾਸ ਬਿਆਨ ਤੱਕ ਜਾਰੀ ਨਹੀਂ ਕੀਤਾ। ਪਰ ਅਰਬ ਦੇਸ਼ਾਂ ਦੀ ਜਨਤਾ ਵਿੱਚ ਗਾਜ਼ਾ ਦੇ ਹਾਲਾਤ ਬਾਰੇ ਵਿਆਪਕ ਰੋਸ ਪੱਸਰਿਆ ਹੋਇਆ ਹੈ ਤੇ ਕਈ ਥਾਵਾਂ 'ਤੇ ਵਿਸ਼ਾਲ ਧਰਨੇ ਪ੍ਰਦਰਸ਼ਨ ਵੀ ਹੋਏ ਹਨ। ਜਿਆਦਾਤਰ ਅਰਬ ਦੇਸ਼ਾਂ ਵਿੱਚ ਬਾਦਸ਼ਾਹਾਂ, ਸੁਲਤਾਨਾਂ ਤੇ ਤਾਨਾਸ਼ਾਹਾਂ ਦਾ ਰਾਜ ਹੈ ਜੋ ਅਜਿਹੇ ਪ੍ਰਦਰਸ਼ਨਾਂ ਤੋਂ ਡਰਦੇ ਹਨ ਕਿ ਕਿਤੇ ਜਨਤਾ ਦੇ ਭੜਕੇ ਹੋਏ ਜਜ਼ਬਾਤ ਉਨ੍ਹਾਂ ਗੱਦੀ ਲਈ ਖਤਰਾ ਨਾ ਬਣ ਜਾਣ। ਇਸ ਕਾਰਨ ਸਾਊਦੀ ਅਰਬ, ਮਿਸਰ, ਜਾਰਡਨ, ਬਹਿਰੀਨ ਅਤੇ ਮੋਰੱਕੋ ਨੇ ਫਲਸਤੀਨ ਪੱਖੀ ਪ੍ਰਦਰਸ਼ਨਾਂ ਨੂੰ ਸਖਤੀ ਨਾਲ ਰੋਕ ਦਿੱਤਾ ਹੈ। ਤਾਨਾਸ਼ਾਹਾਂ ਨੂੰ ਜਨਤਾ ਦੇ ਵਿਰੋਧ ਤੋਂ ਹਮੇਸ਼ਾਂ ਡਰ ਰਹਿੰਦਾ ਹੈ ਚਾਹੇ ਉਹ ਸੜਕਾਂ 'ਤੇ ਹੋਵੇ ਤੇ ਚਾਹੇ ਮੀਡੀਆ ਰਾਹੀਂ। ਅਰਬੀ ਸ਼ਾਸ਼ਕ ਅਲਜੀਰੀਆ, ਲਿਬੀਆ ਅਤੇ ਸੀਰੀਆ ਵਿੱਚ ਅਜਿਹਾ ਵਰਤਾਰਾ ਦੇਖ ਚੁੱਕੇ ਹਨ ਜਿੱਥੇ ਜਨਤਕ ਰੋਹ ਨੇ ਸਥਾਨਕ ਤਾਨਾਸ਼ਾਹਾਂ ਦਾ ਤਖਤਾ ਪਲਟ ਦਿੱਤਾ ਸੀ। ਇਹ ਅਲੱਗ ਗੱਲ ਹੈ ਕਿ ਇਸ ਦੇ ਸਿੱਟੇ ਵਜੋਂ ਲੀਬੀਆ ਅਤੇ ਸੀਰੀਆ ਬਿਲਕੁਲ ਤਬਾਹ ਹੋ ਚੁੱਕੇ ਹਨ।

ਅਰਬ ਦੇਸ਼ ਤੇਲ ਦੀ ਦੌਲਤ ਨਾਲ ਮਾਲਾਮਾਲ ਹਨ ਤੇ ਨਾਗਰਿਕਾਂ 'ਤੇ ਟੈਕਸ ਬਹੁਤ ਹੀ ਘੱਟ ਹਨ। ਇੱਕ ਖਾਸ ਪਾਲਸੀ ਤਹਿਤ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਨੇ ਜਨਤਾ ਨੂੰ ਜਾਣ ਬੁੱਝ ਕੇ ਅੱਯਾਸ਼ੀ ਵੱਲ ਧੱਕ ਦਿੱਤਾ ਹੈ। ਉਹ ਚਾਹੁੰਦੇ ਹਨ ਕਿ ਪੈਟਰੋ ਡਾਲਰਾਂ ਨਾਲ ਰੱਜੀ ਜਨਤਾ ਆਪਣਾ ਪੈਸਾ, ਸਮਾਂ ਅਤੇ ਸੋਚ ਜ਼ਿੰਦਗੀ ਦੇ ਮਜ਼ੇ ਲੁੱਟਣ ਵਿੱਚ ਗੁਜ਼ਾਰੇ ਨਾ ਕਿ ਫਲਸਤੀਨ ਵਰਗੇ ਮਸਲਿਆਂ ਵੱਲ ਧਿਆਨ ਦੇਣ ਲਈ, ਅਜਿਹੇ ਕੰਮ ਸਰਕਾਰਾਂ 'ਤੇ ਛੱਡ ਦੇਣੇ ਚਾਹੀਦੇ ਹਨ। ਫਲਸਤੀਨ ਮਸਲੇ ਨੇ ਅਰਬ ਦੇਸ਼ਾਂ ਦੀ ਕਾਇਰਤਾ ਨੂੰ ਜੱਗ ਜਾਹਰ ਕਰ ਦਿੱਤਾ ਹੈ ਕਿ ਉਨ੍ਹਾਂ ਵਿੱਚ ਇਜ਼ਰਾਈਲ ਨਾਲ ਟੱਕਰ ਲੈਣ ਦੀ ਹਿੰਮਤ ਨਹੀਂ ਹੈ। ਕੋਈ ਵੀ ਤਾਨਾਸ਼ਾਹ ਵਿਲਾਸਤਾ ਭਰਪੂਰ ਜ਼ਿੰਦਗੀ ਤਿਆਗ ਕੇ ਜੰਗ ਦੀ ਭੱਠੀ ਵਿੱਚ ਨਹੀਂ ਪੈਣਾ ਚਾਹੁੰਦਾ। ਅਸਲ ਵਿੱਚ ਪਹਿਲਾਂ ਵੀ ਤਿੰਨ ਚਾਰ ਵਾਰ ਇਜ਼ਰਾਈਲ ਅਰਬ ਦੇਸ਼ਾਂ ਦੀਆਂ ਸਾਂਝੀਆਂ ਫੌਜਾਂ ਨੂੰ ਜੰਗਾਂ ਵਿੱਚ ਕਰਾਰੀ ਹਾਰ ਦੇ ਚੁੱਕਾ ਹੈ। ਇਸ ਤੋਂ ਇਲਾਵਾ ਇਜ਼ਰਾਈਲ ਦੇ ਖਿਲਾਫ ਫਲਸਤੀਨੀਆਂ ਦੀ ਮਦਦ ਕਰਨ ਦਾ ਸਿੱਧਾ ਮਤਲਬ ਅਮਰੀਕਾ ਨਾਲ ਸਬੰਧ ਵਿਗਾੜਨਾ ਹੋਵੇਗਾ ਜਿਸ 'ਤੇ ਅਰਬ ਦੇਸ਼ ਆਪਣੀ ਸੁਰੱਖਿਆ ਲਈ ਸ਼ਤ ਪ੍ਰਤੀਸ਼ਤ ਨਿਰਭਰ ਹਨ।

ਇਨ੍ਹਾਂ ਦੇਸ਼ਾਂ ਨੂੰ ਪਤਾ ਹੈ ਕਿ ਇਜ਼ਰਾਈਲ ਅਮਰੀਕਾ ਦੇ ਇੱਕ ਇਸ਼ਾਰੇ 'ਤੇ ਕਿਸੇ ਵੀ ਗੁਆਂਢੀ ਦੇਸ਼ ਦੀ ਧੌਣ ਮਰੋੜ ਸਕਦਾ ਹੈ। ਗਾਜ਼ਾ ਦੀ ਜੰਗ ਦਾ ਹਰੇਕ ਦਿਨ ਅਰਬ ਦੇਸ਼ਾਂ 'ਤੇ ਭਾਰੀ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਜਨ ਅਕ੍ਰੋਸ਼ ਵਧਦਾ ਜਾ ਰਿਹਾ ਹੈ। ਇਸ ਮਜ਼ਬੂਰੀ ਕਾਰਨ ਅਰਬ ਦੇਸ਼ ਗਾਜ਼ਾ ਜੰਗ ਨੂੰ ਰੋਕਣ ਅਤੇ ਆਪਣੀਆਂ ਗੱਦੀਆਂ ਬਚਾਉਣ ਲਈ ਅਮਰੀਕਾ ਨੂੰ ਅਪੀਲਾਂ ਕਰ ਰਹੇ ਹਨ, ਉਨ੍ਹਾਂ ਨੂੰ ਫਲਸਤੀਨੀਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਜਨਤਾ ਸਵਾਲ ਕਰਨ ਲੱਗ ਪਈ ਹੈ ਕਿ ਜਿਹੜੇ ਅਰਬ ਦੇਸ਼ ਹਰ ਸਾਲ ਅਮਰੀਕਾ ਤੋਂ ਅਰਬਾਂ ਡਾਲਰ ਦੇ ਹਥਿਆਰ ਖਰੀਦਦੇ ਹਨ, ਉਹ ਫਲਸਤੀਨੀਆਂ ਨੂੰ ਇੱਕ ਗੋਲੀ ਤੱਕ ਦੀ ਮਦਦ ਵੀ ਨਹੀਂ ਦੇ ਸਕੇ। ਯੂਨਾਈਟਡ ਅਰਬ ਅਮੀਰਾਤ, ਬਹਿਰੀਨ ਅਤੇ ਮੋਰੱਕੋ ਵਰਗੇ ਦੇਸ਼ ਜਿਨ੍ਹਾਂ ਨੇ ਅਮਰੀਕਾ ਦੇ ਦਬਾਅ ਹੇਠ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਸਥਾਪਿਤ ਕਰ ਲਏ ਸਨ, ਹੁਣ ਫਸੇ ਹੋਏ ਮਹਿਸੂਸ ਕਰ ਰਹੇ ਹਨ। ਇਸ ਤੋਂ ਇਲਾਵਾ ਇੱਕ ਹੋਰ ਮੁੱਦਾ ਵੀ ਅਰਬ ਦੇਸ਼ਾਂ ਲਈ ਮੁਸੀਬਤ ਦਾ ਕਾਰਨ ਬਣ ਸਕਦਾ ਹੈ। ਫਲਸਤੀਨ ਪੱਖੀ ਪ੍ਰਦਰਸ਼ਨ ਕੱਟੜ ਮੁਲਾਣਿਆਂ ਦੀ ਅਗਵਾਈ ਹੇਠ ਹੋ ਰਹੇ ਹਨ ਜੋ ਅਰਬੀ ਤਾਨਾਸ਼ਾਹਾਂ ਦੇ ਕੱਟੜ ਵਿਰੋਧੀ ਹਨ। ਜੇ ਕਿਤੇ ਇਨ੍ਹਾਂ ਤਾਨਾਸ਼ਾਹਾਂ ਦੀ ਹਕੂਮਤ ਖਤਮ ਹੋਈ ਤਾਂ ਲੋਕਤੰਤਰ ਦੀ ਬਜਾਏ ਇਹ ਦੇਸ਼ ਸੀਰੀਆ ਅਤੇ ਇਰਾਨ ਵਾਂਗ ਕੱਟੜਪੰਥੀਆਂ ਦੇ ਕਬਜ਼ੇ ਹੇਠ ਆ ਜਾਣਗੇ।

ਫਲਸਤੀਨ ਵਾਂਗ ਇਰਾਨ ਅਤੇ ਇਜ਼ਰਾਈਲ ਦਰਮਿਆਨ ਚੱਲ ਰਹੇ ਘਮਸਾਣ ਵਿੱਚ ਵੀ ਕੋਈ ਅਰਬ ਦੇਸ਼ ਇਰਾਨ ਦੀ ਮਦਦ ਨਹੀਂ ਕਰ ਰਿਹਾ, ਸਿਰਫ ਬਿਆਨ ਦੇ ਕੇ ਖਾਨਾਪੂਰਤੀ ਕਰ ਰਹੇ ਹਨ। ਅਸਲ ਵਿੱਚ ਇਰਾਨ ਨਾ ਤਾਂ ਅਰਬ ਦੇਸ਼ ਹੈ ਤੇ ਨਾ ਹੀ ਸੁੰਨੀ। ਉਹ ਆਪਣੇ ਆਪ ਨੂੰ ਆਰੀਅਨ ਮੂਲ ਦਾ ਸਮਝਦਾ ਹੈ ਤੇ ਇਥੇ ਇਸਲਾਮ ਦੀ ਸ਼ੀਆ ਸ਼ਾਖਾ ਦਾ ਬੋਲ ਬਾਲਾ ਹੈ। ਸਾਊਦੀ ਅਰਬ ਅਤੇ ਇਰਾਨ ਦੇ ਸਬੰਧ ਬਾਦਸ਼ਾਹ ਸ਼ਾਹ ਰਜ਼ਾ ਪਹਿਲਵੀ (ਰਾਜ 1941 ਤੋਂ 1979) ਦੇ ਸਮੇਂ ਬਹੁਤ ਵਧੀਆ ਸਨ। 1979 ਵਿੱਚ ਇਰਾਨ ਵਿੱਚ ਇਸਲਾਮਿਕ ਕ੍ਰਾਂਤੀ ਹੋ ਗਈ ਤੇ ਸ਼ਾਹ ਦਾ ਤਖਤਾ ਪਲਟ ਕੇ ਆਯਤਉੱਲਾ ਖੋਮੇਨੀ ਇਰਾਨ ਦਾ ਸੁਪਰੀਮ ਲੀਡਰ ਬਣ ਗਿਆ। ਗੱਦੀ ਸੰਭਾਲਦੇ ਸਾਰ ਖੋਮੇਨੀ ਨੇ ਸਾਰੇ ਮੁਸਲਿਮ ਦੇਸ਼ਾਂ ਦੀ ਜਨਤਾ ਨੂੰ ਸੱਦਾ ਦਿੱਤਾ ਕਿ ਬਾਦਸ਼ਾਹਾਂ ਤੇ ਤਾਨਾਸ਼ਾਹਾਂ ਦਾ ਤਖਤਾ ਪਲਟ ਕੇ ਹਰ ਦੇਸ਼ ਵਿੱਚ ਇਸਲਾਮੀ ਰਾਜ ਕਾਇਮ ਕੀਤਾ ਜਾਵੇ। ਇਸ ਕਾਰਨ ਅਰਬ ਦੇਸ਼ਾਂ ਵਿੱਚ ਭੈਅ ਦਾ ਮਾਹੌਲ ਬਣ ਗਿਆ ਤੇ ਉਨ੍ਹਾਂ ਨੇ ਇਰਾਨ ਤੋਂ ਦੂਰੀ ਬਣਾਉਣ ਵਿੱਚ ਹੀ ਭਲਾਈ ਸਮਝੀ। 4 ਨਵੰਬਰ 1979 ਨੂੰ ਆਯਤਉੱਲਾ ਖੋਮੇਨੀ ਪੱਖੀ ਵਿਦਿਆਰਥੀਆਂ ਨੇ ਤਹਿਰਾਨ ਸਥਿੱਤ ਅਮਰੀਕੀ ਦੂਤਘਰ 'ਤੇ ਕਬਜ਼ਾ ਕਰ ਕੇ ਅਧਿਕਾਰੀਆਂ ਨੂੰ ਬੰਧਕ ਬਣਾ ਲਿਆ। ਲੱਖ ਯਤਨ ਕਰਨ ਦੇ ਬਾਵਜੂਦ ਵੀ ਅਮਰੀਕਾ ਆਪਣੇ ਬੰਧਕ ਨਾ ਛੁਡਾ ਸਕਿਆ ਤੇ ਅਖੀਰ 20 ਜਨਵਰੀ 1981 ਵਾਲੇ ਦਿਨ ਉਸ ਨੂੰ ਇਰਾਨ ਦੀਆਂ ਮੰਗਾਂ ਮੰਨਣੀਆਂ ਪਈਆਂ। ਇਸ ਕਾਰਨ ਇਰਾਨ ਦੀ ਅਮਰੀਕਾ ਨਾਲ ਵੀ ਕੱਟੜ ਦੁਸ਼ਮਣੀ ਸ਼ੁਰੂ ਹੋ ਗਈ ਜੋ ਅੱਜ ਤੱਕ ਜਾਰੀ ਹੈ। ਅਮਰੀਕਾ ਅਤੇ ਅਰਬ ਦੇਸ਼ਾਂ ਦੀ ਸ਼ਹਿ 'ਤੇ 22 ਸਤੰਬਰ 1980 ਨੂੰ ਇਰਾਕ ਦੇ ਰਾਸ਼ਟਰਪਤੀ ਸਦਾਮ ਹੁਸੈਨ ਨੇ ਇਰਾਨ 'ਤੇ ਹਮਲਾ ਕਰ ਦਿੱਤਾ। ਅਮਰੀਕਾ ਅਤੇ ਅਰਬ ਦੇਸ਼ਾਂ ਤੋਂ ਮਿਲੀ ਭਾਰੀ ਆਰਥਿਕ ਤੇ ਸੈਨਿਕ ਮਦਦ ਦੇ ਬਾਵਜੂਦ ਇਰਾਕ ਸ਼ੁਰੂਆਤੀ ਬੜਤ ਕਾਇਮ ਨਾ ਰੱਖ ਸਕਿਆ ਤੇ ਲੜਾਈ ਫਸ ਗਈ।

ਹੌਲੀ ਹੌਲੀ ਧਾਰਮਿਕ ਜੋਸ਼ ਨਾਲ ਲੜ ਰਹੀ ਇਰਾਨੀ ਫੌਜ ਨੇ ਆਪਣੇ ਸਾਰੇ ਇਲਾਕੇ ਵਾਪਸ ਲੈ ਲਏ ਤੇ ਇਰਾਕ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਆਖਰ ਯੂ.ਐਨ.ਉ. ਦੇ ਦਖਲ ਨਾਲ 20 ਅਗਸਤ 1988 ਨੂੰ ਇਹ ਜੰਗ ਬੰਦ ਹੋਈ। ਖੋਮੇਨੀ ਸਾਊਦੀ ਅਰਬ ਦੇ ਸ਼ਾਹੀ ਘਰਾਣੇ ਨੂੰ ਸ਼ੈਤਾਨ ਦੇ ਪੁੱਤਰ ਕਹਿੰਦਾ ਹੁੰਦਾ ਸੀ। ਉਹ ਚਾਹੁੰਦਾ ਸੀ ਕਿ ਮੱਕਾ ਮਦੀਨਾ ਸਥਿੱਤ ਇਸਲਾਮਿਕ ਧਾਰਮਿਕ ਸਥਾਨਾਂ 'ਤੇ ਸਾਰੇ ਮੁਸਲਿਮ ਦੇਸ਼ਾਂ ਦਾ ਬਰਾਬਰ ਅਧਿਕਾਰ ਹੋਵੇ। 1987 ਵਿੱਚ ਇਰਾਨ ਤੋਂ ਗਏ ਹਾਜ਼ੀਆਂ ਨੇ ਕਾਅਬਾ 'ਤੇ ਕਬਜ਼ਾ ਕਰ ਲਿਆ। ਸਾਊਦੀ ਪੁਲਿਸ ਨਾਲ ਹੋਈ ਲੜਾਈ ਵਿੱਚ 275 ਇਰਾਨੀ, 85 ਪੁਲਿਸ ਵਾਲੇ ਤੇ 42 ਹੋਰ ਦੇਸ਼ਾਂ ਦੇ ਹਾਜ਼ੀ ਮਾਰੇ ਗਏ ਪਰ ਕਬਜ਼ਾ ਛੁਡਾ ਲਿਆ ਗਿਆ। ਇਸ ਤੋਂ ਇਲਾਵਾ ਸੀਰੀਆ, ਯਮਨ, ਬਹਿਰੀਨ, ਲੈਬਨਾਨ ਅਤੇ ਇਰਾਕ ਵਿੱਚ ਹੋਈਆਂ ਸਿਵਲ ਜੰਗਾਂ ਸਮੇਂ ਸਾਊਦੀ ਅਰਬ ਅਤੇ ਇਰਾਨ ਇੱਕ ਦੂਸਰੇ ਦੇ ਵਿਰੋਧ ਵਿੱਚ ਖੜ੍ਹੇ ਨਜ਼ਰ ਆਏ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਦੋਵੇਂ ਦੇਸ਼ ਨਜ਼ਦੀਕ ਆਉਣ ਲੱਗ ਪਏ ਹਨ। ਚੀਨ ਦੀ ਵਿਚੋਲਗੀ ਕਾਰਨ 10 ਮਾਰਚ 2023 ਨੂੰ ਦੋਵਾਂ ਦਰਮਿਆਨ ਇੱਕ ਸੰਧੀ ਹੋ ਗਈ ਤੇ ਇਰਾਨ ਨੇ ਸਾਊਦੀ ਅਰਬ ਦੀ ਮੁੱਖ ਮੰਗ ਮੰਨ ਲਈ ਕਿ ਉਹ ਹਾਊਥੀ ਬਾਗੀਆਂ ਨੂੰ ਹਥਿਆਰ ਨਹੀਂ ਦੇਵੇਗਾ। ਦੋਵਾਂ ਦੇਸ਼ਾਂ ਨੇ ਇੱਕ ਦੂਸਰੇ ਅੰਦਰ ਆਪਣੇ ਦੂਤਘਰ ਖੋਲ੍ਹ ਲਏ ਤੇ ਵਪਾਰ ਵੀ ਸ਼ੁਰੂ ਹੋ ਗਿਆ। ਪਰ ਹੁਣ ਅਰਬ ਦੇਸ਼ ਇਰਾਨ ਦੀਆਂ ਵਾਰ ਵਾਰ ਅਪੀਲਾਂ ਦੇ ਬਾਵਜੂਦ ਇਜ਼ਰਾਈਲ ਅਤੇ ਅਮਰੀਕਾ ਦੇ ਡਰੋਂ ਉਸ ਨੂੰ ਕੋਈ ਫੌਜੀ ਸਹਾਇਤਾ ਨਹੀਂ ਦੇ ਰਹੇ ਹਨ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

# ਪੁਰਸ਼ ਹੋਣਾ ਸੌਖਾ ਨਹੀਂ



ਪੁਰਸ਼ ਹੋਣਾ ਸੌਖਾ ਨਹੀਂ। ਪੁੱਤ, ਪਤੀ, ਪਿਤਾ ਹੋਣਾ ਜ਼ਿੰਮੇਵਾਰੀ ਦਾ ਦੂਜਾ ਨਾਂ ਹੈ। ਪਤੀ ਦਾ ਅਰਥ ਹੀ ਹੈ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਚੱਕਣਾ। ਦੂਜੇ ਦੀਆਂ ਖਾਹਿਸ਼ਾਂ ਨੂੰ ਪੂਰੀਆਂ ਕਰਨ ਵਿੱਚ ਆਪਣੇ ਆਪ ਨੂੰ ਕਿਤੇ ਖਤਮ ਕਰ ਦੇਣਾ। ਪਿਤਾ ਹੋਣਾ ਪਾਲਣਾ ਹੈ। ਪਿਤਾ ਹੋਣਾ ਛੱਤ ਹੋ ਜਾਣਾ ਹੈ ਛੱਤ ਜਿਸਨੇ ਹਰ ਮੌਸਮ ਗਰਮੀ ਸਰਦੀ ਹਨੇਰੀ ਆਪਣੇ ਉੱਤੇ ਹੰਡਾਉਣੀ ਹੈ ਤੇ ਆਪਣੇ ਬੱਚਿਆਂ ਨੂੰ ਉਸ ਦਾ ਸੇਕ ਨਹੀਂ ਲੱਗਣ ਦੇਣਾ। ਪਤੀ ਹੋਣਾ ਆਪਣਾ ਸਭ ਕੁਝ ਦੂਜੇ ਤੇ ਨਿਛਾਵਰ ਕਰ ਦੇਣਾ ਹੈ। ਪਿਤਾ ਜਾਂ ਪਤੀ ਹੋਣਾ ਆਪਣੀਆਂ ਇੱਛਾਵਾਂ ਨੂੰ ਦਬਾ ਕੇ ਦੂਜਿਆਂ ਦੀਆਂ ਇੱਛਾਵਾਂ ਪੂਰੀਆਂ ਕਰਨਾ ਹੈ। ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਪਰਿਵਾਰ ਦੇ ਹਰ ਜੀਅ ਨੂੰ ਖੁਸ਼ ਕਰਨਾ ਹੈ। ਆਪਣੀ ਜ਼ਿੰਦਗੀ ਭਰ ਦੀ ਕਮਾਈ ਆਪਣੇ ਪਰਿਵਾਰ ਤੇ ਲਾ ਦੇਣਾ ਹੈ। ਇਹ ਸੁਣਨ ਵਿੱਚ ਹੀ ਸੌਖਾ ਹੈ, ਪਰ ਸੌਖਾ ਨਹੀਂ। ਪੁਰਸ਼ ਔਰਤ ਵਾਂਗ ਕਦੀ ਵੀ ਨਹੀਂ ਕਹਿੰਦਾ ਕਿ ਇਹ ਮੇਰੇ ਪੈਸੇ ਹਨ ਇਹ ਮੇਰੀ ਕਮਾਈ ਹੈ ਇਹਨਾਂ ਤੇ ਮੇਰਾ ਹੱਕ ਹੈ। ਉਹ ਜੋ ਵੀ ਕਮਾਉਂਦਾ ਹੈ ਉਹ ਆਪਣੇ ਪਰਿਵਾਰ ਤੇ ਲਾ ਦਿੰਦਾ ਹੈ। ਕੰਮ ਵਿੱਚ ਦਿਨ ਭਰ ਖਟਦਾ ਹੈ। ਸ਼ਾਮ ਨੂੰ ਜਦੋਂ ਲਿਫਾਫਿਆਂ ਵਿੱਚ ਆਪਣੇ ਪਰਿਵਾਰ ਲਈ ਕੁਝ ਲੈ ਕੇ ਪਰਤਦਾ ਹੈ ਤਾਂ ਖੁਸ਼ੀ ਨਾਲ ਖੀਵਾ ਹੋਇਆ ਹੁੰਦਾ ਹੈ। ਉਹ ਆਪਣੀ ਖੁਸ਼ੀ ਪਰਿਵਾਰ ਦੀ ਖੁਸ਼ੀ ਵਿੱਚ ਦੇਖਦਾ ਹੈ। ਉਸ ਤੋਂ ਹਰ ਕੋਈ ਕੋਈ ਨਾ ਕੋਈ ਆਸ ਰੱਖਦਾ ਹੈ ਪਰ ਅਜਿਹਾ ਕੋਈ ਨਹੀਂ ਹੁੰਦਾ ਜਿਸ ਤੋਂ ਉਹ ਕੋਈ ਉਮੀਦ ਰੱਖੇ। ਮਰਦ ਹੋਣਾ ਦਰਅਸਲ ਜ਼ਿੰਮੇਵਾਰੀ ਹੋ ਜਾਣਾ ਹੁੰਦਾ ਹੈ। ਹਰ ਰਿਸ਼ਤੇਦਾਰੀ ਵਿੱਚ ਹਰ ਰਿਸ਼ਤੇ ਵਿੱਚ ਉਸਦੇ ਉੱਪਰ ਜ਼ਿੰਮੇਵਾਰੀ ਹੀ ਆਉਂਦੀ ਹੈ। ਉਸਦੀ ਛੋਟੀ ਜਿਹੀ ਭੁੱਲ ਨੂੰ ਵੀ ਮਾਫ ਨਹੀਂ ਕੀਤਾ ਜਾਂਦਾ।

ਇਹ ਸੌਖਾ ਨਹੀਂ। ਅਕਸਰ ਕਹਿ ਦਿੰਦੇ ਕਿ ਔਰਤ ਘਰ ਦੀ ਨੀਹ ਵਿੱਚ ਚਿਣੀ ਜਾਂਦੀ ਹੈ ਉਹ ਮੀਂਹ ਨੇਰੀ, ਧੁੱਪ ਤੋਂ ਬਚੀ ਰਹਿੰਦੀ ਹੈ। ਛੱਤ ਨੂੰ ਇਹਨਾਂ ਅਲਾਮਤਾਂ ਤੋਂ ਕੌਣ ਬਚਾਵੇ।

ਪੁਰਸ਼ ਹੋਣਾ ਸੌਖਾ ਨਹੀਂ।



ਹਰਪ੍ਰੀਤ ਕੌਰ ਸੰਧੂ

# ਜੰਗ ਕਿਸੇ ਮਸਲੇ ਦਾ ਹੱਲ ਨਹੀਂ...!



ਮਨੁੱਖ ਨੇ ਵਿਗਿਆਨ ਤੇ ਟੈਕਨੋਲੋਜੀ ਦੀ ਇੰਨੀ ਤਰੱਕੀ ਇਸ ਵਾਸਤੇ ਨਹੀਂ ਕੀਤੀ ਸੀ ਕਿ ਮਨੁੱਖਤਾ ਨੂੰ ਜੰਗ ਦੇ ਮੂੰਹ ਵਿੱਚ ਖੜ੍ਹਾ ਕਰ ਦਿੱਤਾ ਜਾਵੇ। ਇਹ ਮਨੁੱਖ ਦੀ ਜ਼ਿੰਦਗੀ ਨੂੰ ਸੁਖਾਲੇ ਬਣਾਉਣ ਲਈ ਹੋਈ ਸੀ। ਅੱਜ ਜਿਸ ਥਾਂ ਤੇ ਅਸੀਂ ਖੜੇ ਹਾਂ ਉੱਥੇ ਇੰਝ ਜਾਪਦਾ ਹੈ ਜਿਵੇਂ ਜੰਗੀ ਤਾਕਤ ਦਿਖਾਉਣਾ ਉਸਦਾ ਮੁਜਾਹਿਰਾ ਕਰਨਾ ਹੀ ਉਦੇਸ਼ ਹੈ। ਯੂਕਰੇਨ, ਫਿਲਸਤੀਨ ਗਾਜਾ, ਇਜਰਾਇਲ, ਇਰਾਨ ਵਿੱਚ ਜੋ ਕੁਝ ਹੋ ਰਿਹਾ ਹੈ ਉਹ ਅਣਮਨੁੱਖੀ ਵਰਤਾਰਾ ਹੈ। ਜਿਸ ਦੇ ਇਸ਼ਾਰੇ ਤੇ ਇਹ ਸਭ ਹੋ ਰਿਹਾ ਹੈ ਜੇਕਰ ਉਸਦਾ ਇੱਕੋ ਇੱਕ ਉਦੇਸ਼ ਆਪਣੇ ਆਪ ਨੂੰ ਸ਼ਾਂਤੀ ਦਾ ਦੂਤ ਸਾਬਿਤ ਕਰਕੇ ਨੋਬਲ ਪੁਰਸਕਾਰ ਲੈਣਾ ਹੈ। ਤਾਂ ਰੱਬ ਦੇ ਵਾਸਤੇ ਉਸ ਤੋਂ ਨੋਬਲ ਪੁਰਸਕਾਰ ਵੈਸੇ ਹੀ ਦੇ ਦਿਓ। ਉਸ ਦੇ ਨੋਬਲ ਪੁਰਸਕਾਰ ਲਈ ਇਨੀ ਦੁਨੀਆਂ ਨੂੰ ਮਰਵਾਉਣ ਦੀ ਜਰੂਰਤ ਨਹੀਂ।

ਛੋਟੇ ਛੋਟੇ ਬੱਚੇ ਵਿਲਕਦੇ ਹਨ। ਭੁੱਖਮਰੀ ਫੈਲ ਰਹੀ ਹੈ। ਜ਼ਿੰਦਗੀ ਤੇ ਮੌਤ ਹਾਵੀ ਹੋ ਰਹੀ ਹੈ। ਜਦੋਂ ਜੰਗ ਤੋਂ ਪੀੜਿਤ ਕਿਸੇ ਦੇਸ਼ ਦੀ ਕੋਈ ਵੀਡੀਓ ਦੇਖਦੇ ਹਨ ਤਾਂ ਤਬਾਹੀ ਦੇ ਮੰਜ਼ਰ ਧੁਰ ਅੰਦਰੋਂ ਹਿਲਾ ਦਿੰਦੇ ਹਨ। ਦੁੱਖ ਦੀ ਗੱਲ ਇਹ ਹੈ ਕਿ ਇਹ ਜੰਗ ਤਾਕਤਵਰ ਲੋਕਾਂ ਦੀ ਸਹੇੜੀ ਹੋਈ ਹੈ। ਭੁਗਤਣਾ ਆਮ ਇਨਸਾਨ ਨੂੰ ਪੈ ਰਿਹਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅੱਜ ਤੱਕ ਜਦੋਂ ਵੀ ਕੋਈ ਕ੍ਰਾਂਤੀ ਆਈ ਹੈ ਉਹ ਕਲਮ ਨਾਲ ਆਈ ਹੈ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਜੰਗ ਨਾਲ ਤਾਂ ਮਸਲੇ ਪੈਦਾ ਹੁੰਦੇ ਹਨ। ਘਰੋਂ ਬੇਘਰ ਹੋ ਜਾਣਾ ਸੌਖਾ ਨਹੀਂ। ਆਪਣੇ ਹੀ ਦੇਸ਼ ਆਪਣੇ ਹੀ ਸ਼ਹਿਰ ਆਪਣੇ ਹੀ ਘਰ ਵਿੱਚ ਸਹਿਮ ਕੇ ਜੀਣਾ ਬਹੁਤ ਮੁਸ਼ਕਿਲ ਹੈ। ਅੱਜ ਦੁਨੀਆਂ ਭਰ ਦੇ ਲੇਖਕਾਂ ਨੂੰ ਇੱਕ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਇਸ ਜੰਗ ਦੇ ਵਿਰੁੱਧ ਜੋ ਮਨੁੱਖਤਾ ਤੇ ਥੋਪੀ ਗਈ ਹੈ। ਕਈ ਵਾਰ ਅਸੀਂ ਸੋਚ ਲੈਂਦੇ ਹਾਂ ਕਿ ਸਾਢੇ ਚਾਰ ਅੱਖਰ ਲਿਖਣ ਨਾਲ ਕੀ ਹੋਵੇਗਾ ਪਰ ਕਲਮ ਵਿੱਚ ਤਾਕਤ ਤਲਵਾਰ ਨਾਲ ਜਿਆਦਾ ਹੁੰਦੀ ਹੈ। ਕੁਝ ਨਹੀਂ ਕਰ ਸਕਦੇ ਤਾਂ ਮਨੁੱਖਤਾ ਲਈ ਆਵਾਜ਼ ਬੁਲੰਦ ਕਰੋ। ਅਹਿਮਦਾਬਾਦ ਵਿੱਚ ਹੋਏ ਇੱਕ ਕ੍ਰੈਸ਼ ਵਿੱਚ 241 ਬੰਦਿਆਂ ਦੇ ਮਾਰੇ ਜਾਣ ਤੇ ਜਿਸ ਤਰ੍ਹਾਂ ਆਤਮਾ ਵਲੂੰਦਰੀ ਗਈ ਹੈ ਉਸੇ ਤਰ੍ਹਾਂ ਉਹਨਾਂ ਦੇਸ਼ਾਂ ਵਿੱਚ ਬੇਕਸੂਰਾਂ ਦੀ ਮੌਤ ਬੱਚਿਆਂ ਦਾ ਅਨਾਥ ਹੋ ਜਾਣਾ ਉਹ ਦਾ ਸ਼ਿਕਾਰ ਹੋ ਕੇ ਮੌਤ ਵੱਲ ਜਾਣਾ ਬਹੁਤ ਦਰਦਨਾਕ ਹੈ।

ਕਿਸ ਪਾਸੇ ਵੱਲ ਤੁਰ ਪਏ ਹਾਂ ਅਸੀ?

ਕਿਹੜੀ ਸੱਤਾ? ਕਿਹੜੀ ਤਾਕਤ?

ਓਏ ਭਲਿਓ ਮਾਣਸੋ ਮਨੁੱਖ ਤਾਂ ਬਚੇਗੀ ਤਾਂ ਤੁਹਾਡੀ ਸਿਆਸਤ ਬਚੇਗੀ।

ਸਾਰੀ ਦੁਨੀਆਂ ਦੇ ਆਲਮ ਫਾਜ਼ਲ ਲੋਕ ਇਕੱਠੇ ਹੋ ਕੇ ਜੰਗ ਦੇ ਖਿਲਾਫ ਖੜੇ ਹੋ ਜਾਣ ਤਾਂ ਜੰਗ ਕਦੇ ਨਹੀਂ ਹੋਵੇਗੀ। ਇਕੱਠ ਦੀ ਆਵਾਜ਼ ਵਿੱਚ ਬੜੀ ਤਾਕਤ ਹੁੰਦੀ ਹੈ।

ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ।

ਹਰਪ੍ਰੀਤ ਕੌਰ ਸੰਧੂ

# ਵਿਸ਼ਵ ਦੇ ਮਹਾਨ ਖਿਡਾਰੀ ਸੌ ਸੈਂਕੜੇ ਮਾਰਨ ਵਾਲਾ ਸਚਿਨ ਤੇਂਦੂਲਕਰ



ਪ੍ਰਿੰਸੀਪਲ ਸਰਵਣ ਸਿੰਘ

ਸਚਿਨ ਤੇਂਦੂਲਕਰ ਨੂੰ ਕੋਈ 'ਦੌੜਾਂ ਦੀ ਮਸ਼ੀਨ' ਕਹਿੰਦਾ ਹੈ, ਕੋਈ 'ਕ੍ਰਿਕਟ ਦਾ ਭਗਵਾਨ'। ਉਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਿਕਟ 'ਚ 100 ਸੈਂਚਰੀਆਂ ਮਾਰੀਆਂ, 200 ਟੈੱਸਟ ਮੈਚ ਅਤੇ 463 ਇਕ ਰੋਜ਼ਾ ਇੰਟਰਨੈਸ਼ਨਲ ਮੈਚ ਖੇਡੇ ਜਿਨ੍ਹਾਂ ਵਿਚ 34357 ਦੌੜਾਂ ਬਣਾਈਆਂ! ਵਨ ਡੇਅ ਇੰਟਨੈਸ਼ਨਲ ਦੇ ਇਕੋ ਮੈਚ ਵਿਚ 200 ਦੌੜਾਂ ਬਟੋਰੀਆਂ ਤੇ 62 ਵਨ ਡੇਅ ਮੈਚਾਂ ਵਿਚ ਮੈਨ ਆਫ਼ ਦਾ ਮੈਚ ਬਣਿਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ ਦੇਸ਼ ਦੇ ਸਰਬਉੱਚ ਸਿਵਲੀਅਨ ਅਵਾਰਡ 'ਭਾਰਤ ਰਤਨ' ਨਾਲ ਸਨਮਾਨਿਤ ਕੀਤਾ ਗਿਆ। ਸਚਿਨ ਤੇਂਦੂਲਕਰ ਨੂੰ ਰੁਸਤਮੇ ਜ਼ਮਾਂ ਗਾਮੇ ਭਲਵਾਨ ਵਾਂਗ ਕ੍ਰਿਕਟ ਦਾ ਰੁਸਤਮੇ ਜ਼ਮਾਂ ਕਿਹਾ ਜਾ ਸਕਦੈ। ਜਿਵੇਂ ਗਾਮੇ ਨੇ ਭਲਵਾਨੀ ਵਿਚ ਆਲਮੀ ਗੁਰਜ ਜਿੱਤੀ ਉਵੇਂ ਸਚਿਨ ਨੇ ਕ੍ਰਿਕਟ ਦਾ ਵਿਸ਼ਵ ਕੱਪ ਜਿੱਤਿਆ। ਗਾਮਾ 5 ਫੁੱਟ 6 ਇੰਚ ਕੱਦ ਦਾ ਸਮੱਧਰ ਪਹਿਲਵਾਨ ਸੀ, ਸਚਿਨ 5 ਫੁੱਟ 5 ਇੰਚ ਕੱਦ ਦਾ ਸਮੱਧਰ ਕ੍ਰਿਕਟਰ ਹੈ। ਖੇਡ ਪ੍ਰਤਿਭਾ ਵੱਡੇ ਕੱਦ ਕਾਠ ਵਾਲੇ ਖਿਡਾਰੀਆਂ ਵਿਚ ਹੀ ਨਹੀਂ ਹੁੰਦੀ, ਜੂਝ ਮਰੋ ਦੇ ਜਜ਼ਬੇ ਨਾਲ ਖੇਡਣ ਵਾਲੇ ਖਿਡਾਰੀਆਂ 'ਚ ਵੀ ਹੁੰਦੀ ਹੈ। ਲੰਮੇ ਕੱਦ ਕਾਠਾਂ ਵਾਲੇ ਕਈ ਐਸੇ ਨੌਜੁਆਨ ਵੇਖੀਦੇ ਹਨ ਜੋ ਆਪਣੇ ਵਜ਼ਨ ਜਿੰਨਾ ਵੇਟ ਵੀ ਨਹੀਂ ਚੁੱਕ ਸਕਦੇ। ਐਸੇ ਪੰਜ ਫੁੱਟੇ ਵੇਟਲਿਫਟਰ ਵੇਖੇ ਹਨ ਜਿਹੜੇ ਆਪਣੇ ਵਜ਼ਨ ਨਾਲੋਂ ਤਿੰਨ ਗੁਣਾਂ ਤੋਂ ਵੀ ਵੱਧ ਵੇਟ ਦੇ ਬਾਲੇ ਕੱਢਦੇ ਹਨ।

ਸਚਿਨ 2011 ਵਿਚ ਵਰਲਡ ਕੱਪ ਜਿੱਤਣ ਵਾਲੀ ਭਾਰਤੀ ਕ੍ਰਿਕਟ ਟੀਮ ਦਾ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਸੀ। ਵਰਲਡ ਕੱਪ ਦੀ ਜਿੱਤ ਨੂੰ ਉਹ ਆਪਣੇ ਕ੍ਰਿਕਟ ਕੈਰੀਅਰ ਦੀ ਸਭ ਤੋਂ ਵੱਡੀ ਜਿੱਤ ਮੰਨਦਾ ਹੈ। ਜੇਤੂ ਵਿਸ਼ਵ ਕੱਪ ਖੇਡਦਿਆਂ ਸਚਿਨ ਨੇ 99ਵੀਂ ਸੈਂਚਰੀ ਮਾਰੀ ਸੀ। ਉਸ ਨੂੰ ਮਲਾਲ ਸੀ, ਕਾਸ਼! ਉਹ 100ਵੀਂ ਸੈਂਚਰੀ ਵੀ ਮਾਰ ਸਕਦਾ। ਉਸ ਦਾ ਸਕੋਰ 67 ਤਕ ਤਾਂ ਪਹੁੰਚ ਗਿਆ ਸੀ ਪਰ 100ਵੀਂ ਸੈਂਚਰੀ ਤੋਂ 33 ਦੌੜਾਂ ਘੱਟ ਰਹਿ ਗਿਆ ਸੀ। ਆਖ਼ਰ ਉਹ ਟੀਚਾ ਉਸ ਨੇ ਮਾਰਚ 2012 ਵਿਚ ਸਰ ਕੀਤਾ ਜਦੋਂ ਬੰਗਲਾਦੇਸ਼ ਵਿਰੁੱਧ ਇਕ ਰੋਜ਼ਾ ਇੰਟਰਨੈਸ਼ਨਲ ਮੈਚ ਵਿਚ ਆਪਣੀ 100ਵੀਂ ਸੈਂਚਰੀ ਮਾਰੀ। ਉਹਦੇ ਨਾਲ ਉਹਦੀਆਂ 51 ਸੈਂਚਰੀਆਂ ਟੈਸਟ ਮੈਚਾਂ ਦੀਆਂ ਹੋ ਗਈਆਂ ਤੇ 49 ਸੈਂਚਰੀਆਂ ਇਕ ਰੋਜ਼ਾ ਮੈਚਾਂ ਦੀਆਂ। 2013 ਵਿਚ ਜਦ ਉਹ ਕ੍ਰਿਕਟ ਤੋਂ ਰਿਟਾਇਰ ਹੋਇਆ ਤਾਂ ਉਹਦੇ ਟੈਸਟ ਮੈਚਾਂ ਦੀਆਂ 15921 ਤੇ ਇਕ ਰੋਜ਼ਾ ਇੰਟਰਨੈਸ਼ਲ ਮੈਚਾਂ ਦੀਆਂ 18426 ਦੌੜਾਂ ਬਣ ਚੁੱਕੀਆਂ ਸਨ।

2010 'ਚ 'ਟਾਈਮ' ਮੈਗਜ਼ੀਨ ਨੇ ਸਚਿਨ ਤੇਂਦੂਲਕਰ ਦਾ ਨਾਂ ਵਿਸ਼ਵ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਅਕਤੀਆਂ ਵਿਚ ਦਰਜ ਕੀਤਾ। ਇੰਟਰਨੈਸ਼ਨਲ ਕ੍ਰਿਕਟ ਕੌਂਸਲ ਨੇ 2011 ਵਿਚ ਉਸ ਨੂੰ ਸਰ ਗਾਰਫੀਲਡ ਸੋਬਰਜ਼ ਟਰਾਫੀ ਨਾਲ ਸਨਮਾਨਿਤ ਕੀਤਾ। ਭਾਰਤ ਸਰਕਾਰ ਵੱਲੋਂ ਸਚਿਨ ਨੂੰ ਵੱਡੇ ਮਾਨ ਸਨਮਾਨ ਮਿਲੇ। 1994 ਵਿਚ ਉਸ ਨੂੰ ਅਰਜੁਨ ਅਵਾਰਡ ਮਿਲਿਆ ਤੇ 1997 'ਚ ਮੇਜਰ ਧਿਆਨ ਚੰਦ ਖੇਲ ਰਤਨ ਅਵਾਰਡ। 1998 ਵਿਚ ਪਦਮ ਸ੍ਰੀ ਅਤੇ 2008 'ਚ ਪਦਮ ਭੂਸ਼ਨ। ਨਵੰਬਰ 2013 ਵਿਚ ਪ੍ਰਧਾਨ ਮੰਤਰੀ ਦਫਤਰ ਵੱਲੋਂ ਉਸ ਨੂੰ ਭਾਰਤ ਦਾ ਸਰਬੋਤਮ ਸਿਵਲੀਅਨ ਅਵਾਰਡ ਭਾਰਤ ਰਤਨ ਦੇਣ ਦਾ ਐਲਾਨ ਹੋਇਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ 2014 ਵਿਚ ਭਾਰਤ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਸਚਿਨ ਉਦੋਂ ਕੇਵਲ 41 ਸਾਲਾਂ ਦਾ ਸੀ। ਓਲੰਪਿਕ ਖੇਡਾਂ 'ਚੋਂ ਹਾਕੀ ਦੇ ਤਿੰਨ-ਤਿੰਨ ਗੋਲਡ ਮੈਡਲ ਜਿੱਤਣ ਵਾਲੇ ਧਿਆਨ ਚੰਦ ਤੇ ਬਲਬੀਰ ਸਿੰਘ ਵਰਗੇ ਖਿਡਾਰੀ ਮੌਜੂਦ ਸਨ ਪਰ ਭਾਰਤ ਸਰਕਾਰ ਵੱਲੋਂ ਖੇਡਾਂ ਦਾ ਪਹਿਲਾ ਭਾਰਤ ਰਤਨ ਸਚਿਨ ਤੇਂਦੂਲਕਰ ਨੂੰ ਬਣਾਇਆ ਗਿਆ। ਉਹ 2012 ਤੋਂ 2018 ਤਕ ਰਾਜ ਸਭਾ ਦਾ ਮੈਂਬਰ ਰਿਹਾ ਤੇ ਉਹਦੇ ਨਾਂ ਦੀ ਡਾਕ ਟਿਕਟ ਵੀ ਜਾਰੀ ਕੀਤੀ ਗਈ। ਸਚਿਨ ਦਾ ਜਨਮ 24 ਅਪ੍ਰੈਲ 1973 ਨੂੰ ਨਿਰਮਲ ਨਰਸਿੰਗ ਹੋਮ ਦਾਦਰ, ਬੰਬਈ ਵਿਖੇ ਹੋਇਆ ਜਿਸ ਨੂੰ ਹੁਣ ਮੁੰਬਈ ਕਿਹਾ ਜਾਂਦਾ ਹੈ। ਉਸ ਦੇ ਪਿਤਾ ਰਮੇਸ਼ ਤੇਂਦੂਲਕਰ ਮਰਾਠੀ ਦੇ ਪ੍ਰਸਿੱਧ ਕਵੀ ਤੇ ਲੇਖਕ ਸਨ। ਉਨ੍ਹਾਂ ਦੇ ਪਹਿਲੇ ਵਿਆਹ 'ਚੋਂ ਇਕ ਧੀ ਤੇ ਦੋ ਪੁੱਤਰ ਪੈਦਾ ਹੋਏ। ਤੀਜੇ ਬੱਚੇ ਦੇ ਜਣੇਪੇ ਪਿੱਛੋਂ ਪਤਨੀ ਦੀ ਮ੍ਰਿਤੂ ਹੋ ਗਈ। ਫਿਰ ਉਸ ਨੇ ਬੀਮੇ ਦੀ ਸਨਅਤ ਵਿਚ ਕੰਮ ਕਰਦੀ ਰਜਨੀ ਨਾਲ ਦੂਜਾ ਵਿਆਹ ਕਰਵਾ ਲਿਆ।

ਸ੍ਰੀਮਤੀ ਰਜਨੀ ਦੀ ਕੁੱਖੋਂ ਉਸ ਦਾ ਇਕ ਹੋਰ ਪੁੱਤਰ ਪੈਦਾ ਹੋਇਆ। ਪਿਤਾ ਨੇ ਸੰਗੀਤਕਾਰ ਸਚਿਨ ਦੇਵ ਬਰਮਨ ਦਾ ਪ੍ਰਸੰਸਕ ਹੋਣ ਕਰਕੇ ਆਪਣੇ ਛਿੰਦੇ ਪੁੱਤਰ ਦਾ ਨਾਂ ਸਚਿਨ ਰੱਖਿਆ। ਪਰ ਉਹ ਬਚਪਨ ਵਿਚ ਹੀ ਬੁੱਲੀ ਬੁਆਏ ਬਣ ਗਿਆ। ਸਕੂਲੇ ਪੜ੍ਹਨ ਜਾਂਦਾ ਨਵੇਂ ਵਿਦਿਆਰਥੀਆਂ ਨਾਲ ਆਢਾ ਲਾ ਬਹਿੰਦਾ। ਪਹਿਲਾਂ ਉਹ ਟੈਨਿਸ ਖੇਡਣ ਲੱਗਾ ਸੀ ਤੇ ਅਮਰੀਕਨ ਟੈਨਿਸ ਸਟਾਰ ਜੌਨ੍ਹ ਮਕੈਨਰੋ ਵਾਂਗ ਲੰਮੇ ਵਾਲ ਰੱਖਣ ਲੱਗ ਪਿਆ ਸੀ। ਉਹਦੇ ਵਾਂਗ ਹੀ ਗੁੱਟ-ਬੈਂਡ ਤੇ ਹੈੱਡ-ਬੈਂਡ ਬੰਨ੍ਹਦਾ ਅਤੇ ਹੱਥ 'ਚ ਟੈਨਿਸ ਦਾ ਰੈਕਟ ਰੱਖਦਾ। ਉਸ ਦਾ ਵੱਡਾ ਭਰਾ ਅਜੀਤ ਬੰਬੇ ਦੀ ਕੰਗਾ ਕ੍ਰਿਕਟ ਲੀਗ ਖੇਡਣ ਲੱਗਾ ਤਾਂ ਉਸ ਨੇ ਸਚਿਨ ਨੂੰ ਵੀ ਕ੍ਰਿਕਟ ਖੇਡਣ ਦੀ ਚੇਟਕ ਲਾ ਦਿੱਤੀ। 1984 'ਚ ਅਜੀਤ ਉਸ ਨੂੰ ਸ਼ਿਵਾ ਜੀ ਪਾਰਕ ਵਿਚ ਕੋਚਿੰਗ ਦਿੰਦੇ ਰਮਾਕਾਂਤ ਅਚਰੇਕਰ ਕੋਲ ਲੈ ਗਿਆ। ਕੋਚ ਨੇ ਉਸ ਨੂੰ ਖਿਡਾਇਆ ਤਾਂ ਉਹ ਸੰਗਦਾ ਝਿਜਕਦਾ ਬੜਾ ਮਾੜਾ ਖੇਡਿਆ। ਕੋਚ ਨੇ ਸਚਿਨ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਪਰ ਅਜੀਤ ਦੇ ਜ਼ੋਰ ਪਾਉਣ 'ਤੇ ਆਪਣੀ ਕ੍ਰਿਕਟ ਅਕੈਡਮੀ 'ਚ ਦਾਖਲ ਕਰ ਹੀ ਲਿਆ। ਬਾਅਦ ਵਿਚ ਅਚਰੇਕਰ ਨੂੰ ਸਚਿਨ ਦਾ ਪਹਿਲਾ ਕੋਚ ਹੋਣ ਦਾ ਬੜਾ ਮਾਣ ਮਿਲਿਆ।

ਕ੍ਰਿਕਟ ਅਕੈਡਮੀ ਵਿਚ ਉਹ ਘੰਟਿਆਂ ਬੱਧੀ ਪ੍ਰੈਕਟਿਸ ਕਰਦਾ। ਜਦੋਂ ਥੱਕ ਜਾਂਦਾ ਤਾਂ ਕੋਚ ਇਕ ਰੁਪਏ ਦਾ ਸਿੱਕਾ ਟਰੰਪ ਦੀ ਟੀਸੀ 'ਤੇ ਟਿਕਾਅ ਕੇ ਕੁਝ ਹੋਰ ਓਵਰ ਖੇਡਣ ਦਾ ਇਨਾਮ ਰੱਖਦਾ। ਜੇ ਗੇਂਦਬਾਜ਼ ਉਸ ਨੂੰ ਮਿਥੇ ਓਵਰਾਂ ਵਿਚ ਆਊਟ ਕਰ ਦਿੰਦਾ ਤਾਂ ਸਿੱਕਾ ਗੇਂਦਬਾਜ਼ ਨੂੰ ਮਿਲ ਜਾਂਦਾ। ਜੇ ਸਚਿਨ ਆਊਟ ਨਾ ਹੁੰਦਾ ਤਾਂ ਸਿੱਕਾ ਉਸੇ ਦਾ ਹੋ ਜਾਂਦਾ। ਇੰਜ ਸਚਿਨ ਨੇ 13 ਰੁਪਏ ਕਮਾਏ ਜੋ ਉਹ ਆਪਣਾ ਸਭ ਤੋਂ ਵੱਡਾ ਇਨਾਮ ਸਮਝਦਾ ਹੈ। ਉਹ ਸਕੂਲਾਂ ਦੀ ਕ੍ਰਿਕਟ ਖੇਡਣ ਨਾਲ ਕਲੱਬਾਂ ਦੀ ਕ੍ਰਿਕਟ ਵੀ ਖੇਡਿਆ। 1984 ਵਿਚ 11 ਸਾਲ ਦੀ ਉਮਰੇ ਉਹ ਜੌਨ੍ਹ ਬ੍ਰਾਈਟ ਕ੍ਰਿਕਟ ਕਲੱਬ ਵੱਲੋਂ ਕਾਂਗਾ ਕ੍ਰਿਕਟ ਲੀਗ ਖੇਡਣ ਲੱਗ ਪਿਆ। ਫਿਰ ਤਾਂ ਚੱਲ ਸੁ ਚੱਲ ਹੋ ਗਈ। ਵੱਡਾ ਹੋ ਕੇ ਉਸ ਨੇ ਮਹਾਨ ਸੰਗੀਤਕਾਰ ਸਚਿਨ ਦੇਵ ਬਰਮਨ ਦੇ ਨਾਂ ਉਤੇ ਰੱਖੇ ਨਾਂ ਸਚਿਨ ਦੀ ਸੱਚਮੁੱਚ ਲਾਜ ਰੱਖ ਵਿਖਾਈ। ਸਚਿਨ ਨੇ ਭਾਰਤੀ ਕ੍ਰਿਕਟ ਟੀਮਾਂ ਦੀਆਂ ਟੈਸਟ ਮੈਚਾਂ ਤੇ ਵਨ ਡੇਅ ਕੱਪਾਂ 'ਚ ਕਪਤਾਨੀਆਂ ਵੀ ਕੀਤੀਆਂ ਤੇ ਦੋ ਦਹਾਕੇ ਅੰਤਰਰਾਸ਼ਟਰੀ ਕ੍ਰਿਕਟ ਮੈਚਾਂ ਦਾ ਸ਼ਿੰਗਾਰ ਬਣਿਆ ਰਿਹਾ। ਉਸ ਨੂੰ ਸਰਬ ਸਮਿਆਂ ਦਾ ਮਹਾਨਤਮ ਕ੍ਰਿਕਟਰ ਐਲਾਨਿਆ ਗਿਆ। ਉਸ ਦੇ ਕਈ ਰਿਕਾਰਡ ਹਾਲੇ ਵੀ ਕਾਇਮ ਹਨ। ਉਹ ਬਹੁਤ ਸਾਰੇ ਅੰਤਰਰਾਸ਼ਟਰੀ ਇਕ ਰੋਜ਼ਾ ਅਤੇ ਟੈਸਟ ਮੈਚਾਂ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਕਰਕੇ 'ਪਲੇਅਰ ਆਫ਼ ਦਾ ਮੈਚ' ਦੇ ਕਈ ਅਵਾਰਡ ਜਿੱਤ ਚੁੱਕੈ। ਕੌਮਾਂਤਰੀ ਪੱਧਰ 'ਤੇ ਸੈਂਚਰੀਆਂ ਦੀ ਸੈਂਚਰੀ ਮਾਰਨ ਵਾਲਾ ਵਿਸ਼ਵ ਦਾ ਉਹ ਪਹਿਲਾ ਕ੍ਰਿਕਟ ਖਿਡਾਰੀ ਹੈ।



1987 ਵਿਚ ਪਹਿਲੀ ਵਾਰ ਉਸ ਨੂੰ ਮਹਾਨ ਕ੍ਰਿਕਟ ਖਿਡਾਰੀ ਸੁਨੀਲ ਗਵਾਸਕਰ ਨੇ ਖੇਡਦੇ ਵੇਖਿਆ ਤਾਂ ਆਪਣੇ ਹਲਕੇ ਕ੍ਰਿਕਟ ਪੈਡ ਉਹਨੂੰ ਇਨਾਮ ਵਜੋਂ ਦੇ ਦਿੱਤੇ ਜੋ ਉਸ ਲਈ ਹੌਂਸਲਾ ਵਧਾਊ ਸਾਬਤ ਹੋਏ। 14 ਨਵੰਬਰ 1987 ਨੂੰ 14 ਸਾਲ ਦੀ ਕਿਸ਼ੋਰ ਉਮਰੇ ਉਹ ਰਾਂਜੀ ਟਰਾਫੀ ਖੇਡਣ ਲਈ ਬੰਬਈ ਦੀ ਟੀਮ ਵਿਚ ਚੁਣਿਆ ਗਿਆ। ਉਥੋਂ ਉਹਦੀ ਗੁੱਡੀ ਚੜ੍ਹਨੀ ਸ਼ੁਰੂ ਹੋ ਗਈ। 1988 'ਚ ਉਹ ਕ੍ਰਿਕਟ ਕਲੱਬ ਆਫ਼ ਇੰਡੀਆ ਦੀ ਟੀਮ 'ਚ ਚੁਣ ਲਿਆ ਗਿਆ। 1989-90 'ਚ ਉਹ ਦਿੱਲੀ ਵਿਖੇ ਇਰਾਨੀ ਟਰਾਫੀ ਦੇ ਮੈਚ ਰੈਸਟ ਆਫ਼ ਇੰਡੀਆ ਟੀਮ ਦੀ ਵੱਲੋਂ ਖੇਡਿਆ। 1992 ਤੋਂ ਉਹ ਯੌਰਕਸ਼ਾਇਰ ਵੱਲੋਂ ਕਾਊਂਟੀ ਕ੍ਰਿਕਟ ਖੇਡਣ ਲੱਗਾ ਤਾਂ ਉਸ ਦੇ ਟੂਰ ਲੱਗਣੇ ਸ਼ੁਰੂ ਹੋ ਗਏ। ਉਹ 17ਵੇਂ ਸਾਲ ਦੀ ਉਮਰੇ ਅੰਤਰਰਾਸ਼ਟਰੀ ਟੈਸਟ ਮੈਚ ਖੇਡਣ ਲੱਗ ਪਿਆ ਸੀ। 1994 ਤੋਂ ਉਹ ਵਨ ਡੇ ਇੰਟਨੈਸ਼ਨਲ ਮੈਚ ਖੇਡਣ ਲੱਗਾ। 1995-96 ਦੇ ਇਰਾਨੀ ਕੱਪ ਵਿਚ ਉਸ ਨੇ ਰੈਸਟ ਆਫ਼ ਇੰਡੀਆ ਦੀ ਟੀਮ ਵਿਰੁੱਧ ਮੁੰਬਈ ਟੀਮ ਦੀ ਕਪਤਾਨੀ ਕੀਤੀ।

1995 ਵਿਚ ਜਦੋਂ ਉਹਦੀ ਗੁੱਡੀ ਸਿਖਰ 'ਤੇ ਸੀ, ਉਹਦਾ ਵਿਆਹ ਗੁਜਰਾਤੀ ਮੂਲ ਦੀ ਚਕਿਤਸਿਕ ਅੰਜਲੀ ਮੇਹਤਾ ਨਾਲ ਹੋ ਗਿਆ। ਉਨ੍ਹਾਂ ਦੀ ਪਹਿਲੀ ਮੁਲਾਕਾਤ 1990 ਵਿੱਚ ਮੁੰਬਈ ਏਅਰਪੋਰਟ ਉੱਤੇ ਹੋਈ ਸੀ ਜਦੋਂ ਸਚਿਨ ਭਾਰਤ ਦੀ ਟੀਮ ਨਾਲ ਵਾਪਸ ਘਰ ਆ ਰਿਹਾ ਸੀ। ਵਿਆਹ ਪਿੱਛੋਂ ਅੰਜਲੀ ਨੇ ਨੌਕਰੀ ਛੱਡ ਦਿੱਤੀ ਸੀ। ਉਨ੍ਹਾਂ ਦੇ ਬੱਚੇ ਸਾਰਾ ਤੇਂਦੂਲਕਰ ਤੇ ਅਰਜੁਨ ਤੇਂਦੂਲਕਰ ਹਨ। ਸਚਿਨ 11 ਸਾਲਾਂ ਦਾ ਸੀ ਜਦੋਂ ਕ੍ਰਿਕਟ ਨੂੰ ਸਮਰਪਿਤ ਹੋ ਗਿਆ ਸੀ। ਸਕੂਲਾਂ 'ਚ ਖੇਡਦਾ ਉਹ ਕਲੱਬਾਂ ਨਾਲ ਖੇਡਣ ਲੱਗ ਪਿਆ ਸੀ। 15 ਨਵੰਬਰ 1989 ਨੂੰ ਉਹ ਮੁੰਬਈ ਵੱਲੋਂ ਕਰਾਚੀ ਵਿਖੇ ਆਪਣੇ ਖੇਡ ਕੈਰੀਅਰ ਦਾ ਪਹਿਲਾ ਟੈਸਟ ਮੈਚ ਖੇਡਣ ਗਿਆ। ਉਹ 24 ਸਾਲ ਮੁੰਬਈ ਤੇ ਭਾਰਤ ਦੀਆਂ ਟੀਮਾਂ ਦੀ ਰਾਸ਼ਟਰੀ ਅਤੇ ਅੰਤਰਾਰਸ਼ਟਰੀ ਪੱਧਰ 'ਤੇ ਨੁਮਾਇੰਦਗੀ ਕਰਦਾ ਰਿਹਾ। 1996 ਦੇ ਵਰਲਡ ਕੱਪ ਵਿਚ ਉਸ ਨੇ 2 ਸੈਂਕੜੇ ਮਾਰੇ ਤੇ 1998 ਦੇ ਆਸਟ੍ਰੇਲੀਅਨ ਟੂਰ ਵਿਚ ਲਗਾਤਾਰ 3 ਸੈਂਚਰੀਆਂ ਮਾਰੀਆਂ। 1999 ਦੌਰਾਨ ਏਸ਼ੀਅਨ ਟੈੱਸਟ ਚੈਂਪੀਅਨਸ਼ਿਪ, ਟੈਸਟ ਮੈਚ ਤੇ ਵਰਲਡ ਕੱਪਾਂ ਵਿਚ ਉਸ ਦੀ ਖੇਡ ਦੇ ਅੰਕੜੇ ਹੋਰ ਉੱਚੇ ਤੋਂ ਉੱਚੇ ਹੁੰਦੇ ਚਲੇ ਗਏ।

2002 ਵਿਚ ਜਦੋਂ ਉਹ ਆਪਣੇ ਖੇਡ ਕੈਰੀਅਰ ਦੇ ਅੱਧਵਿਚਾਲੇ ਸੀ ਤਾਂ ਵਿਜ਼ਡਨ ਰੈਂਕ ਅਨੁਸਾਰ ਡੌਨ ਬਰੈਡਮੈਨ ਨਾਲ ਉਹ ਵਿਸ਼ਵ ਦਾ ਦੂਜਾ ਮਹਾਨਤਮ ਬੱਲੇਬਾਜ਼ ਬਣ ਚੁੱਕਾ ਸੀ। ਉਸੇ ਸਾਲ ਸਚਿਨ ਦੀ ਟੀਮ ਨੇ 2002 ਦੀ ਆਈਸੀਸੀ ਚੈਂਪੀਅਨਜ਼ ਟਰਾਫੀ ਜਾਇੰਟ ਵਿਨਰਜ਼ ਵਜੋਂ ਜਿੱਤਣ ਦਾ ਮਾਅਰਕਾ ਮਾਰਿਆ। 2003 ਦੇ ਵਰਲਡ ਕੱਪ ਵਿਚ ਉਹ 'ਪਲੇਅਰ ਆਫ਼ ਦਾ ਟੂਰਨਾਮੈਂਟ' ਐਲਾਨਿਆ ਗਿਆ। 2011 ਵਿਚ ਉਹ ਕ੍ਰਿਕਟ ਦਾ ਵਰਲਡ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਸਭ ਤੋਂ ਮਹੱਤਵ ਪੂਰਨ ਖਿਡਾਰੀ ਸੀ। ਸਚਿਨ ਇਕ ਰੋਜ਼ਾ ਅੰਤਰਰਾਸ਼ਟਰੀ ਕ੍ਰਿਕਟ ਤੋਂ 2012 ਵਿਚ ਰਿਟਾਇਰ ਹੋਇਆ ਜਦ ਕਿ ਆਪਣਾ 200ਵਾਂ ਟੈੱਸਟ ਮੈਚ ਖੇਡਣ ਪਿੱਛੋਂ ਨਵੰਬਰ 2013 ਵਿਚ ਸਰਗਰਮ ਕ੍ਰਿਕਟ ਖੇਡਣ ਤੋਂ ਪੱਕੇ ਤੌਰ 'ਤੇ ਰਿਟਾਇਰ ਹੋ ਗਿਆ। ਉਸ ਨੇ 664 ਅੰਤਰਰਾਸ਼ਟਰੀ ਮੈਚ ਖੇਡੇ ਅਤੇ 34,357 ਦੌੜਾਂ ਬਣਾਈਆਂ। 2019 ਵਿਚ ਉਸ ਦਾ ਨਾਂ ਆਈਸੀਸੀ ਕਿਕਟ ਹਾਲ ਆਫ਼ ਫੇਮ ਵਿਚ ਫਰੇਮ ਕੀਤਾ ਗਿਆ।

ਉਹ ਕਮਾਲ ਦਾ ਬੱਲੇਬਾਜ਼ ਹੀ ਨਹੀਂ ਲੋੜ ਪੈਣ 'ਤੇ ਮੈਚ ਜਿੱਤ ਵੱਲ ਲਿਜਾਣ ਵਾਲਾ ਗੇਂਦਬਾਜ਼ ਵੀ ਸੀ। ਜਦੋਂ ਕੋਈ ਜੋੜੀ ਲਗਾਤਾਰ ਰੱਨ 'ਤੇ ਰੱਨ ਬਣਾਈ ਜਾਂਦੀ ਤਾਂ ਜੋੜੀ ਨੂੰ ਤੋੜਨ ਲਈ ਸਚਿਨ ਨੂੰ ਗੇਂਦ ਸੁੱਟਣ ਲਈ ਕਿਹਾ ਜਾਂਦਾ। ਬਹੁਤੇ ਬੱਲੇਬਾਜ਼ ਉਹਦੀ ਗੇਂਦਬਾਜ਼ੀ ਤੋਂ ਅਣਜਾਣ ਹੁੰਦੇ ਤੇ ਉਹਦੇ ਗੇਂਦ ਜਾਲ ਵਿਚ ਫਸ ਕੇ ਆਊਟ ਹੋ ਜਾਂਦੇ। 1993 ਵਿਚ ਕੋਲਕੱਤੇ ਦੇ ਈਡਨ ਗਾਰਡਨ ਸਟੇਡੀਅਮ ਵਿਖੇ ਇੰਡੀਆ ਵਿਰੁੱਧ ਖੇਡੇ ਮੈਚ ਵਿਚ ਦੱਖਣੀ ਅਫਰੀਕਾ ਨੂੰ ਮੈਚ ਜਿੱਤਣ ਲਈ ਕੇਵਲ 5 ਦੌੜਾਂ ਚਾਹੀਦੀਆਂ ਸਨ। ਆਖ਼ਰੀ ਓਵਰ ਸੁੱਟਣ ਲਈ ਗੇਂਦ ਸਚਿਨ ਨੂੰ ਦਿੱਤੀ ਗਈ ਤਾਂ ਕਈਆਂ ਨੂੰ ਹੈਰਾਨੀ ਹੋਈ! ਪਰ ਉਸ ਨੇ ਆਖ਼ਰੀ ਓਵਰ 'ਚ 5 ਦੌੜਾਂ ਵੀ ਨਾ ਬਣਨ ਦਿੱਤੀਆਂ ਜਿਸ ਨਾਲ ਭਾਰਤੀ ਟੀਮ ਹਾਰਦੀ-ਹਾਰਦੀ ਮੈਚ ਜਿੱਤ ਗਈ। ਸਚਿਨ ਨੇ ਦੌੜਾਂ ਬਣਾਉਣ ਦੇ ਤਾਂ ਢੇਰ ਲਾਏ ਹੀ ਲਾਏ, ਨਾਲ 201 ਵਿਕਟਾਂ ਵੀ ਲਈਆਂ! 2001 ਵਿਚ ਈਡਨ ਦੇ ਮੈਦਾਨ ਵਿਚ ਹੀ ਆਸਟ੍ਰੇਲੀਆ ਦੀਆਂ 3 ਵਿਕਟਾਂ ਲੈ ਕੇ ਭਾਰਤੀ ਟੀਮ ਨੂੰ ਜਿਤਾਇਆ ਤੇ ਟੈਸਟ ਮੈਚਾਂ ਦੀ ਲੜੀ ਜਿੱਤੀ। ਸਚਿਨ 16 ਸਾਲ 205 ਦਿਨਾਂ ਦਾ ਸੀ ਜਦੋਂ ਇੰਟਰਨੈਸ਼ਨਲ ਟੈੱਸਟ ਮੈਚ ਖੇਡਣ ਲੱਗਾ। ਉਸ ਦੇ ਪਹਿਲੇ ਹੀ ਟੈੱਸਟ ਮੈਚ ਵਿਚ ਨੱਕ ਉਤੇ ਬਾਲ ਲੱਗ ਗਈ ਸੀ ਪਰ ਅਸ਼ਕੇ ਉਸ ਦੇ ਕਿ ਜ਼ਖਮੀ ਨੱਕ ਨਾਲ ਵੀ ਕਰੀਜ਼ 'ਤੇ ਡਟਿਆ ਰਿਹਾ। ਉਹਦੀ ਪਹਿਲੀ ਸੈਂਚਰੀ 1990 'ਚ ਇੰਗਲੈਂਡ ਵਿਚ ਵੱਜੀ। 1991-92 ਵਿਚ ਉਸ ਨੇ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਚ 148 ਦੌੜਾਂ ਤੇ ਪਰਥ ਵਿਚ 114 ਦੌੜਾਂ ਬਣਾਈਆਂ। 1990 ਤੋਂ 2000 ਤਕ ਉਹ ਸਿਖਰ ਦੀ ਫਾਰਮ ਵਿਚ ਸੀ। 2000 ਦੌਰਾਨ ਉਸ ਨੂੰ ਕੁਝ ਐਸੀਆਂ ਸੱਟਾਂ ਲੱਗੀਆਂ ਕਿ ਬੱਲੇਬਾਜ਼ੀ ਕਰਨੀ ਮੁਸ਼ਕਲ ਹੋ ਗਈ ਸੀ। ਪਰ ਉਹ ਵਿਵੀਅਨ ਰਿਚਰਡਜ਼ ਦੀ ਸਲਾਹ ਨਾਲ ਫਿਰ ਵੀ ਖੇਡਦਾ ਰਿਹਾ। 2008 ਵਿਚ ਉਸ ਦੀ ਮੇਜਰ ਸਰਜਰੀ ਹੋਈ। ਉਸ ਨੇ ਫਿਰ ਵੀ ਖੇਡਣਾ ਜਾਰੀ ਰੱਖਿਆ ਤੇ ਲੀਜੈਂਡਰੀ ਬੱਲੇਬਾਜ਼ ਬਰੀਆਨ ਲਾਰਾ ਦਾ ਰਿਕਾਰਡ ਤੋੜਿਆ।

ਅਗੱਸਤ 2009 ਤੋਂ ਅਗੱਸਤ 2010 ਵਿਚਾਲੇ 1000 ਤੋਂ ਵੱਧ ਦੌੜਾਂ ਬਣਾਈਆਂ ਜਿਨ੍ਹਾਂ 'ਚ ਦੱਖਣੀ ਅਫਰੀਕਾ ਵਿਰੁੱਧ ਇਕ ਡਬਲ ਸੈਂਚਰੀ ਵੀ ਸੀ। 2010 ਵਿਚ ਆਈਸੀਸੀ ਨੇ ਉਸ ਨੂੰ ਕ੍ਰਿਕਟਰ ਆਫ਼ ਦਾ ਈਅਰ ਘੋਸ਼ਿਤ ਕੀਤਾ। 1996 ਦੇ ਕ੍ਰਿਕਟ ਵਰਲਡ ਕੱਪ 'ਚ ਦੋ ਸੈਂਕੜਿਆਂ ਸਮੇਤ 523 ਦੌੜਾਂ ਬਣ ਕੇ ਉਹ ਟੌਪ ਸਕੋਰਰ ਰਿਹਾ। 1999 ਦੇ ਵਿਸ਼ਵ ਕੱਪ ਸਮੇਂ ਉਸ ਦੇ ਪਿਤਾ ਦੀ ਮ੍ਰਿਤੂ ਹੋ ਗਈ ਸੀ ਜਿਸ ਕਰਕੇ ਉਸ ਨੂੰ ਇੰਗਲੈਂਡ ਤੋਂ ਘਰ ਪਰਤਣਾ ਪਿਆ ਤੇ ਤੁਰਤ ਵਾਪਸੀ ਕਰ ਕੇ ਕੀਨੀਆ ਵਿਰੁਧ ਖੇਡਣਾ ਪਿਆ ਸੀ। ਉਸ ਮੈਚ ਵਿਚ ਸਚਿਨ ਨੇ ਸੈਂਚਰੀ ਮਾਰੀ ਜੋ ਆਪਣੇ ਸਵਰਗਵਾਸੀ ਪਿਤਾ ਨੂੰ ਅਰਪਿਤ ਕੀਤੀ। ਸਚਿਨ ਮੁੰਬਈ ਇੰਡੀਅਨਜ਼ ਟੀਮ ਦਾ ਕੈਪਟਨ ਬਣ ਕੇ 2008 ਤੋਂ 2011 ਤਕ ਇੰਡੀਅਨ ਪ੍ਰੀਮੀਅਰ ਲੀਗ ਖੇਡਿਆ ਪਰ ਉਦੋਂ ਜਿੱਤ ਹਾਸਲ ਨਾ ਕਰ ਸਕਿਆ। 2013 ਵਿਚ ਜਦੋਂ ਮੁੰਬਈ ਇੰਡੀਅਨਜ਼ ਨੇ ਆਈਪੀਐੱਲ ਟਰਾਫੀ ਜਿੱਤੀ ਤਾਂ ਉਹ ਟੀਮ ਦਾ ਮਹੱਤਵ ਪੂਰਨ ਅੰਗ ਸੀ। ਉਸ ਤੋਂ ਬਾਅਦ ਉਹ ਰਿਟਾਇਰ ਹੋ ਗਿਆ। 6 ਨਵੰਬਰ 2014 ਨੂੰ ਉਸ ਦੀ ਸਵੈਜੀਵਨੀ 'ਪਲੇਇੰਗ ਇਟ ਮਾਈ ਵੇਅ' ਰਿਲੀਜ਼ ਹੋਈ। ਲਿਮਕਾ ਬੁੱਕ ਆਫ਼ ਰਿਕਾਰਡਜ਼ ਅਨੁਸਾਰ ਉਸ ਪੁਸਤਕ ਦੀਆਂ 150,289 ਕਾਪੀਆਂ ਅਗਾਊਂ ਵਿਕਣ ਦਾ ਰਿਕਾਰਡ ਕਾਇਮ ਹੋਇਆ। 2017 ਵਿਚ 'ਸਚਿਨ: ਏ ਬਿਲੀਅਨ ਡਰੀਮਜ਼' ਤੇ 2023 ਵਿਚ 'ਸਚਿਨ: ਦਿ ਅਲਟੀਮੇਟ ਵਿਨਰ' ਫਿਲਮਾਂ ਰਿਲੀਜ਼ ਹੋਈਆਂ। ਸਚਿਨ ਨੇ ਟੈੱਸਟ ਮੈਚ, ਓਡੀਆਈ, ਟੀ-ਟਵੰਟੀ ਗੱਲ ਕੀ ਹਰ ਤਰ੍ਹਾਂ ਦੀ ਕ੍ਰਿਕਟ ਖੇਡਣ ਨਾਲ 6 ਵਿਸ਼ਵ ਕੱਪ ਵੀ ਖੇਡੇ। 2011 ਵਿਚ ਵਿਸ਼ਵ ਕੱਪ ਜਿੱਤਿਆ ਤਾਂ ਖ਼ੁਸ਼ੀ ਵਿਚ ਉਹਦੇ ਹੰਝੂ ਵਹਿ ਤੁਰੇ ਸਨ। 2013 'ਚ ਵਾਨਖੇੜੇ ਸਟੇਡੀਅਮ ਮੁੰਬਈ ਵਿਚ ਵਿਦਾਇਗੀ ਮੈਚ ਖੇਡਿਆ ਤਾਂ ਉਹਦੇ ਅੱਥਰੂਆਂ ਨਾਲ ਦਰਸ਼ਕਾਂ ਦੀਆਂ ਅੱਖਾਂ ਵੀ ਭਰ ਆਈਆਂ ਸਨ। ਭਰੇ ਸਟੇਡੀਅਮ ਨੇ ਹਉਕਾ ਭਰਿਆ ਸੀ। ਭਾਰਤ ਹੀ ਨਹੀਂ ਸਮੁੱਚੇ ਖੇਡ ਜਗਤ ਲਈ ਉਹ ਭਾਵਕ ਪਲ ਸਨ। ਕ੍ਰਿਕਟ ਤੋਂ ਰਿਟਾਇਰ ਹੋ ਕੇ ਸਚਿਨ ਨੇ ਸਪੋਰਟਸ, ਸਿਹਤ ਤੇ ਸਿੱਖਿਆ ਲਈ ਪੁੰਨ ਦੇ ਕਈ ਐਸੇ ਕਾਰਜ ਵਿਢੇ ਹੋਏ ਨੇ ਜੋ ਲੋੜਵੰਦਾਂ ਦੀਆਂ ਅਸੀਸਾਂ ਲੈ ਰਹੇ ਨੇ। ਉਹ ਖੇਡ ਮੈਦਾਨਾਂ ਵਿਚ ਤਾਂ ਚਮਕਿਆ ਹੀ ਹੈ, ਸੇਵਾ ਦੇ ਖੇਤਰ ਵਿਚ ਵੀ ਲਿਸ਼ਕਦਾ ਰਹੇਗਾ। ਦੌੜਾਂ ਦੀਆਂ ਝੜੀਆਂ ਲਾਉਣ ਵਾਲੇ ਕ੍ਰਿਕਟ ਦੇ ਰੁਸਤਮੇ ਜ਼ਮਾਂ ਸਚਿਨ ਤੇਂਦੂਲਕਰ ਦੀ ਬਾਤ ਅਜੇ ਮੁੱਕੀ ਨਹੀਂ। ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸੋਮਾ ਬਣੀ ਰਹੇਗੀ।

principalsarwansingh@gmail.com

## ਪੁਰਸ਼ ਹਾਕੀ:
## ਭਾਰਤ ਨੇ ਬੈਲਜੀਅਮ ਨੂੰ 4-3 ਨਾਲ ਹਰਾਇਆ



ਐਂਟਵਰਪ (ਬੈਲਜੀਅਮ) : FIH Pro League ਭਾਰਤੀ ਪੁਰਸ਼ ਹਾਕੀ ਟੀਮ ਨੇ ਇੱਥੇ ਐਫਆਈਐਚ ਪ੍ਰੋ ਲੀਗ ਦੇ ਯੂਰਪੀਅਨ ਗੇੜ ਵਿੱਚ ਬੈਲਜੀਅਮ ਨੂੰ 4-3 ਨਾਲ ਹਰਾ ਕੇ ਆਪਣੀ ਪਹਿਲੀ ਜਿੱਤ ਦਰਜ ਕੀਤੀ।

ਮੈਚ ਖਤਮ ਹੋਣ ਤੋਂ ਸਿਰਫ਼ ਦੋ ਮਿੰਟ ਬਾਕੀ ਰਹਿੰਦਿਆਂ ਸਕੋਰ 3-3 ਨਾਲ ਬਰਾਬਰ ਹੋ ਗਿਆ ਸੀ ਪਰ ਭਾਰਤ ਨੇ ਸਰਕਲ ਦੇ ਅੰਦਰ ਸਖ਼ਤ ਚੁਣੌਤੀ ਦੇ ਬਾਅਦ ਰੈਫਰਲ ਮੰਗਿਆ ਤੇ ਫੈਸਲਾ ਭਾਰਤ ਦੇ ਹੱਕ ਵਿੱਚ ਗਿਆ ਅਤੇ ਹਰਮਨਪ੍ਰੀਤ ਸਿੰਘ ਨੇ ਪੈਨਲਟੀ ਸਟਰੋਕ ਨੂੰ ਗੋਲ ਵਿਚ ਬਦਲ ਕੇ ਆਪਣੀ ਟੀਮ ਨੂੰ ਜਿੱਤ ਦਿਵਾਈ। ਦੱਸਣਾ ਬਣਦਾ ਹੈ ਕਿ ਇਸ ਲੀਗ ਵਿਚ ਭਾਰਤ ਮਹਿਲਾ ਹਾਕੀ ਟੀਮ ਨੇ ਨਮੋਸ਼ੀਜਨਕ ਪ੍ਰਦਰਸ਼ਨ ਕੀਤਾ।

## ਪਹਿਲਾ ਟੈਸਟ:
## ਰਿਸ਼ਭ ਪੰਤ ਨੇ ਰਚਿਆ ਇਤਿਹਾਸ, ਦੂਜੀ ਪਾਰੀ ਵਿਚ ਵੀ ਸੈਂਕੜਾ ਜੜਿਆ




ਉਪ ਕਪਤਾਨ ਰਿਸ਼ਭ ਪੰਤ ਨੇ ਮੇਜ਼ਬਾਨ ਇੰਗਲੈਂਡ ਖਿਲਾਫ਼ ਪਹਿਲੇ ਟੈਸਟ ਕ੍ਰਿਕਟ ਮੈਚ ਦੇ ਚੌਥੇ ਦਿਨ ਦੂਜੀ ਪਾਰੀ ਵਿਚ ਮੁੜ ਸੈਂਕੜਾ ਜੜਿਆ ਹੈ। ਪੰਤ ਨੇ 140 ਗੇਂਦਾਂ ਵਿਚ 118 ਦੌੜਾਂ ਬਣਾਈਆਂ। ਪੰਤ ਨੇ 15 ਚੌਕੇ ਤੇ ਤਿੰਨ ਛੱਕੇ ਲਾਏ। ਖੱਬੇ ਹੱਥ ਦੇ ਬੱਲੇਬਾਜ਼ ਨੂੰ ਸ਼ੋਇਬ ਬਸ਼ੀਰ ਨੇ ਆਊਟ ਕੀਤਾ। ਪੰਤ ਨੇ ਪਹਿਲੀ ਪਾਰੀ ਵਿਚ 134 ਦੌੜਾਂ ਬਣਾਈਆਂ ਸਨ। ਦੂਜੀ ਪਾਰੀ ਵਿਚ ਲਾਏ ਸੈਂਕੜੇ ਨਾਲ ਰਿਸ਼ਭ ਪੰਤ ਇੰਗਲੈਂਡ ਖਿਲਾਫ਼ ਕਿਸੇ ਟੈਸਟ ਮੈਚ ਦੀਆਂ ਦੋਵਾਂ ਪਾਰੀਆਂ ਵਿਚ ਸੈਂਕੜਾ ਬਣਾਉਣ ਵਾਲਾ ਪਹਿਲਾ ਭਾਰਤੀ ਬੱਲੇਬਾਜ਼ ਬਣ ਗਿਆ ਹੈ। ਭਾਰਤ ਨੇ ਦੂਜੀ ਪਾਰੀ ਵਿਚ ਚਾਹ ਦੇ ਸਮੇਂ ਤੱਕ 298/4 ਦਾ ਸਕੋਰ ਬਣਾ ਲਿਆ ਤੇ ਭਾਰਤ ਦੀ ਕੁਲ ਲੀਡ 304 ਦੌੜਾਂ ਦੀ ਹੋ ਗਈ ਹੈ।

ਇਸ ਤੋਂ ਪਹਿਲਾਂ ਸਲਾਮੀ ਬੱਲੇਬਾਜ਼ ਕੇ.ਐੱਲ.ਰਾਹੁਲ ਨੇ ਵੀ ਟੀਮ ਲਈ ਸੈਂਕੜਾ ਬਣਾਇਆ। ਸੱਜੇ ਹੱਥ ਦਾ ਬੱਲੇਬਾਜ਼ 221 ਗੇਂਦਾਂ ਵਿਚ 118 ਦੌੜਾਂ ਨਾਲ ਨਾਬਾਦ ਸੀ। ਹੋਰਨਾਂ ਬੱਲੇਬਾਜ਼ਾਂ ਵਿਚ ਸਾਈ ਸੁਦਰਸ਼ਨ ਨੇ 30 ਜਦੋਂਕਿ ਕਪਤਾਨ ਸ਼ੁਭਮਨ ਗਿੱਲ ਨੇ 8 ਦੌੜਾਂ ਬਣਾਈਆਂ। ਟੀਮ ਨੇ ਦੂਜੀ ਪਾਰੀ ਵਿਚ 3 ਵਿਕਟਾਂ ਦੇ ਨੁਕਸਾਨ ਨਾਲ 287 ਦੌੜਾਂ ਬਣਾ ਲਈਆਂ ਹਨ। ਟੀਮ ਨੂੰ ਪਹਿਲੀ ਪਾਰੀ ਦੇ ਅਧਾਰ 'ਤੇ 6 ਦੌੜਾਂ ਦੀ ਲੀਡ ਮਿਲੀ ਸੀ। ਭਾਰਤ ਨੇ ਪਹਿਲੀ ਪਾਰੀ ਵਿਚ 471 ਦੌੜਾਂ ਬਣਾਈਆਂ ਸਨ ਤੇ ਇੰਗਲੈਂਡ ਦੀ ਟੀਮ ਆਪਣੀ ਪਹਿਲੀ ਪਾਰੀ ਵਿਚ 465 ਦੌੜਾਂ 'ਤੇ ਆਲ ਆਊਟ ਹੋ ਗਈ ਸੀ।







